@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 18 May 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 18 ਮਈ 2024, 4 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 178, qpatrika@gmail.com ਫੋਨ : 9971359517 www.qaumipatrika.org

## ਮਮਤਾ ਬੈਨਰਜੀ ਤੇ ਅਭਿਸ਼ੇਕ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

ਕੋਲਕਾਤਾ, 17 ਮਈ। ਪੱਛਮੀ ਬੰਗਾਲ 'ਚ ਹਾਵੜਾ ਜ਼ਿਲ੍ਹੇ ਦੇ ਉਲੂਬੇਰੀਆ 'ਚ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਉਨ੍ਹਾਂ ਦੇ ਭਤੀਜੇ ਅਭਿਸੇਕ ਬੈਨਰਜੀ ਨੂੰ ਜਾਨੋਂ ਮਾਰਨ ਦੀ ਧਮਕੀ ਵਾਲਾ ਇਕ ਪੋਸਟਰ ਸੁੱਕਰਵਾਰ ਮਿਲਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ।



ਚਿੱਟੇ ਕੱਪੜੇ 'ਤੇ ਹਰੇ ਰੰਗ ਦੀ ਸਿਆਹੀ 'ਚ ਹੱਥ ਨਾਲ ਲਿਖਿਆ ਇਹ ਪੋਸਟਰ ਉਲੂਬੇਰੀਆ ਦੇ ਫੁਲੇਸਵਰ ਇਲਾਕੇ 'ਚ ਇਕ ਉਸਾਰੀ ਵਾਲੀ ਥਾਂ ਤੋਂ ਬਰਾਮਦ ਕੀਤਾ ਗਿਆ। ਇਸ ਖੇਤਰ 'ਚ 20 ਮਈ ਨੂੰ ਵੋਟਾਂ ਪੈਣੀਆਂ ਹਨ। ਪੋਸਟਰ 'ਚ ਬੰਗਾਲੀ ਵਿੱਚ ਲਿਖਿਆ ਹੈ, 'ਮੈਂ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਅਭਿਸੇਕ ਨੂੰ ਕਾਰ ਨਾਲ ਟੱਕਰ ਮਾਰ ਕੇ ਮਾਰ ਦਿਆਂਗਾ। ਇਸ ਤੋਂ ਬਾਅਦ ਹਰ ਕੋਈ ਦੀਵੇ ਜਗਾਏਗਾ। ' ਇਹ ਪੋਸਟਰ ਇੱਟਾਂ ਦੇ ਢੇਰ 'ਤੇ ਪਿਆ ਵੇਖਿਆ ਗਿਆ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।

## ਦਿੱਲੀ ਕਾਰ ਸ਼ੋਅਰੂਮ ਗੋਲੀਬਾਰੀ : ਪੁਲਸ ਨਾਲ ਮੁਕਾਬਲੇ 'ਚ ਮਾਰਿਆ ਗਿਆ ਹਮਲਾਵਰ

ਨਵੀਂ ਦਿੱਲੀ 17 ਮਈ। ਪੱਛਮੀ ਦਿੱਲੀ 'ਚ ਇਕ ਕਾਰ ਸ਼ੋਅਰੂਮ 'ਚ ਗੋਲੀਬਾਰੀ 'ਚ ਸ਼ਾਮਲ ਇਕ ਸ਼ੂਟਰ ਦਿੱਲੀ ਪੁਲਸ ਦੀ ਵਿਸ਼ੇਸ਼ ਇਕਾਈ ਨਾਲ ਮੁਕਾਬਲੇ 'ਚ ਮਾਰਿਆ ਗਿਆ। ਇਹ ਮੁਕਾਬਲਾ ਸ਼ੁੱਕਰਵਾਰ ਤੜਕੇ ਸ਼ਾਹਬਾਦ ਡੇਅਰੀ ਇਲਾਕੇ ਕੋਲ ਹੋਇਆ। ਅਜੇ ਉਰਫ ਗੋਲੀ ਪੁਰਤਗਾਲ ਵਾਸੀ ਅਪਰਾਧੀ ਹਿਮਾਂਸ਼ੂ ਭਾਊ ਦਾ ਸ਼ਾਰਪ ਸ਼ੂਟਰ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਉਹ ਇਕ ਕਾਰ 'ਤੇ ਜਾ ਰਿਹਾ ਸੀ ਅਤੇ ਜਦੋਂ ਪੁਲਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲਸ ਟੀਮ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲਸ ਅਨੁਸਾਰ ਅਜੇ ਹਰਿਆਣਾ ਦੇ ਰੋਹਤਕ ਦਾ ਮੂਲ ਵਾਸੀ ਸੀ ਅਤੇ ਉਹ ਰਾਜ ਅਤੇ ਦਿੱਲੀ 'ਚ ਕਤਲ, ਕਤਲ ਦੀ ਕੋਸ਼ਿਸ਼ ਅਤੇ ਆਰਮਜ ਐਕਟ ਅਪਰਾਧਾਂ ਸਮੇਤ ਇਕ ਦਰਜਨ ਮਾਮਲਿਆਂ 'ਚ ਸ਼ਾਮਲ ਸਨ। ਪੁਲਸ ਅਨੁਸਾਰ ਉਹ 10 ਮਾਰਚ ਨੂੰ ਸੋਨੀਪਤ ਦੇ ਮੁਰਥਲ 'ਚ ਇਕ ਵਪਾਰੀ ਦੇ ਕਤਲ 'ਚ ਵੀ ਸ਼ਾਮਲ ਸੀ। ਅਜੇ ਨੇ 6 ਮਈ ਨੂੰ 27 ਸਾਲ ਦੇ ਮੋਹਿਤ ਰਿਧਾਊ ਨਾਲ ਮਿਲ ਕੇ ਤਿਲਕ ਨਗਰ ਇਲਾਕੇ 'ਚ ਪੁਰਾਣੀ ਲਗਜਰੀ ਕਾਰਾਂ ਦੇ ਇਕ ਸ਼ੋਅਰੂਮ 'ਚ ਗੋਲੀ ਚਲਾ ਦਿੱਤੀ। ਗੋਲੀਆਂ ਕੱਚ ਦੇ ਦਰਵਾਜ਼ਿਆਂ ਅਤੇ ਖਿੜਕੀਆਂ 'ਤੇ ਲੱਗੀਆਂ ਐਤ 7 ਲੋਕ ਜਖਮੀ ਹੋ ਗਏ। ਹਮਲਾਵਰਾਂ ਨੇ ਘਟਨਾ ਤੋਂ ਬਾਅਦ ਹੱਥ ਨਾਲ ਲਿਖਿਆ ਇਕ ਨੋਟ ਛੱਡਿਆ ਸੀ, ਜਿਸ 'ਚ ਤਿੰਨ ਬਦਮਾਸ਼ਾਂ- ਭਾਊ, ਨੀਰਜ ਫਰੀਦਕੋਟ ਅਤੇ ਨਵੀਨ ਬਾਲੀ ਦੇ ਨਾਂ ਸਨ। ਪੁਲਸ ਨੇ ਦੱਸਿਆ ਸੀ ਕਿ ਸ਼ੋਅਰੂਮ ਦੇ ਮਾਲਕ ਨੂੰ ਇਕ ਅੰਤਰਰਾਸ਼ਟਰੀ ਨੰਬਰ ਤੋਂ ਫੋਨ ਆਇਆ ਸੀ ਅਤੇ ਫੋਨ ਕਰਨ ਵਾਲੇ ਨੇ ਉਸ ਤੋਂ ਰੰਗਦਾਰੀ ਵਜੋਂ 5 ਕਰੋੜ ਰੁਪਏ ਦੀ ਮੰਗ ਕੀਤੀ ਸੀ। ਪੁਲਸ ਅਨੁਸਾਰ ਬਾਅਦ 'ਚ ਰਿਧਾਊ ਨੂੰ ਕੋਲਕਾਤਾ ਤੋਂ ਗ੍ਰਿਫਤਾਰ ਕਰ ਲਿਆ ਗਿਆ।

# ਤੁਹਾਨੂੰ ਆਪਣਾ ਬੇਟਾ ਸੌਂਪ ਰਹੀ ਹਾਂ, ਰਾਹੁਲ ਤੁਹਾਨੂੰ ਨਿਰਾਸ਼ ਨਹੀਂ ਕਰਨਗੇ: ਸੋਨੀਆ ਗਾਂਧੀ

**ਸਿੰਮੀ ਕੌਰ ਬੱਬਰ**

ਰਾਏਬਰੇਲੀ 17 ਮਈ। ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਸ਼ੁੱਕਰਵਾਰ ਨੂੰ ਰਾਏਬਰੇਲੀ ਦੀ ਜਨਤਾ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਆਪਣਾ ਬੇਟਾ ਸੌਂਪ ਰਹੀ ਹੈ ਅਤੇ ਰਾਹੁਲ ਲੋਕਾਂ ਨੂੰ ਨਿਰਾਸ਼ ਨਹੀਂ ਕਰਨਗੇ। ਇੱਥੇ ਰਾਏਬਰੇਲੀ 'ਚ ਕਾਂਗਰਸ ਉਮੀਦਵਾਰ ਅਤੇ ਆਪਣੇ ਬੇਟੇ ਰਾਹੁਲ ਗਾਂਧੀ ਦੇ ਸਮਰਥਨ 'ਚ 'ਇੰਡੀਆ' ਗਠਜੋੜ ਦੇ ਮੁੱਖ ਨੇਤਾਵਾਂ ਦੀ ਮੌਜੂਦਗੀ 'ਚ ਆਯੋਜਿਤ ਇਕ ਚੋਣ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਸੋਨੀਆ ਗਾਂਧੀ ਨੇ ਕਿਹਾ,"ਮੈਂ ਤੁਹਾਨੂੰ ਆਪਣਾ ਬੇਟਾ ਸੌਂਪ ਰਹੀ ਹਾਂ, ਜਿਵੇਂ ਤੁਸੀਂ ਮੈਨੂੰ ਆਪਣਾ ਮੰਨਿਆ, ਉਂਝ ਹੀ ਰਾਹੁਲ ਨੂੰ ਆਪਣਾ ਮੰਨਣਾ। ਰਾਹੁਲ ਤੁਹਾਨੂੰ ਕਦੇ ਨਿਰਾਸ਼ ਨਹੀਂ ਕਰਨਗੇ।" ਰਾਏਬਰੇਲੀ ਲੋਕ ਸਭਾ ਦਾ ਲੰਬੇ ਸਮੇਂ ਤੱਕ ਪ੍ਰਤੀਨਿਧੀਤੱਵ ਕਰ ਚੁੱਕੀ ਰਾਹੁਲ ਨੇ ਕਿਹਾ,"ਮੈਨੂੰ ਖੁਸ਼ੀ ਹੈ ਕਿ ਕਾਫੀ ਸਮੇਂ ਤੋਂ ਬਾਅਦ ਤੁਹਾਡੇ ਦਰਮਿਆਨ ਆਉਣ ਦਾ ਮੌਕਾ ਮਿਲਿਆ। ਤੁਹਾਡੇ ਸਾਹਮਣੇ ਮੇਰਾ ਸਿਰ ਸ਼ਰਧਾ ਨਾਲ ਝੁਕਿਆ ਹੋਇਆ ਹੈ।" ਇਸ ਖੇਤਰ ਤੋਂ ਆਪਣੇ ਪਰਿਵਾਰਕ ਰਿਸ਼ਤੇ ਦੀ ਮਜਬੂਤੀ ਦੋਹਰਾਉਂਦੇ ਹੋਏ ਉਨ੍ਹਾਂ ਕਿਹਾ,"20 ਸਾਲ ਤੱਕ ਇਕ ਸੰਸਦ ਮੈਂਬਰ ਵਜੋਂ ਮੈਨੂੰ ਸੇਵਾ ਕਰਨ ਦਾ



ਮੌਕਾ ਦਿੱਤਾ। ਇਹ ਮੇਰੇ ਜੀਵਨ ਦੀ ਸਭ ਤੋਂ ਵੱਡੀ ਪੂੰਜੀ ਹੈ। ਰਾਏਬਰੇਲੀ ਮੇਰਾ ਪਰਿਵਾਰ ਹੈ, ਅਮੇਠੀ ਵੀ ਮੇਰਾ ਘਰ ਹੈ।" ਸੋਨੀਆ ਗਾਂਧੀ ਨੇ ਕਿਹਾ,"ਇੱਥੋਂ ਨਾ ਸਿਰਫ ਜੀਵਨ ਦੀਆਂ ਕੋਮਲ ਯਾਦਾਂ ਜੁੜੀਆਂ ਹਨ ਸਗੋਂ ਪਿਛਲੇ 100 ਸਾਲਾਂ ਤੋਂ ਮੇਰੇ ਪਰਿਵਾਰ ਦੀਆਂ ਜੜ੍ਹਾਂ ਇਸ ਮਿੱਟੀ ਨਾਲ ਜੁੜੀਆਂ ਹਨ।" ਉਨ੍ਹਾਂ ਕਿਹਾ ਕਿ 'ਗੰਗਾ ਮਾਂ' ਦੀ ਤਰ੍ਹਾਂ ਪਵਿੱਤਰ ਇਹ ਰਿਸ਼ਤਾ ਅਵਧ ਅਤੇ ਰਾਏਬਰੇਲੀ ਦੇ ਕਿਸਾਨ ਅੰਦੋਲਨ ਨਾਲ ਸ਼ੁਰੂ ਹੋਇਆ ਅਤੇ ਅੱਜ ਤੱਕ ਕਾਇਮ ਹੈ।" ਆਪਣੀ ਸੱਸ ਅਤੇ ਰਾਏਬਰੇਲੀ ਤੋਂ ਸੰਸਦ ਮੈਂਬਰ ਰਹੀ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਯਾਦ ਕਰਦੇ ਹੋਏ ਸੋਨੀਆ ਨੇ ਕਿਹਾ,"ਇੰਦਰਾ ਜੀ ਦੇ ਦਿਲ 'ਚ ਰਾਏਬਰੇਲੀ ਲਈ ਇਕ ਵੱਖ ਜਗ੍ਹਾ ਸੀ। ਉਨ੍ਹਾਂ ਨੂੰ ਮੈਂ ਕੰਮ ਕਰਦੇ ਹੋਏ ਕਰੀਬ ਤੋਂ ਦੇਖਿਆ। ਉਨ੍ਹਾਂ ਦੇ ਮਨ 'ਚ ਤੁਹਾਡੇ ਪ੍ਰਤੀ ਬਹੁਤ ਲਗਾਵ ਸੀ।" ਇਸ ਨੂੰ ਵਿਸਥਾਰ ਦਿੰਦੇ ਹੋਏ ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ,"ਮੈਂ ਰਾਹੁਲ ਅਤੇ ਪ੍ਰਿਯੰਕਾ ਨੂੰ ਉਹੀ ਸਿੱਖਿਆ ਦਿੱਤੀ ਜੋ ਇੰਦਰਾ ਜੀ ਨੇ ਅਤੇ ਰਾਏਬਰੇਲੀ ਦੀ ਜਨਤਾ ਨੇ ਮੈਨੂੰ ਦਿੱਤੀ- ਸਾਰਿਆਂ ਦਾ ਆਦਰ ਕਰੋ, ਕਮਜੋਰ ਦੀ ਰੱਖਿਆ ਕਰੋ, ਅਨਿਆਂ ਖ਼ਿਲਾਫ ਜਨਤਾ ਦੇ ਅਧਿਕਾਰ ਲਈ ਜਿਸ ਨਾਲ ਵੀ ਲੜਨਾ ਪਵੇ ਲੜ ਜਾਓ, ਡਰੋ ਨਾ, ਕਿਉਂਕਿ ਸੰਘਰਸ਼ ਦੀਆਂ ਤੁਹਾਡੀਆਂ ਜੜ੍ਹਾਂ ਅਤੇ ਪਰੰਪਰਾ ਬਹੁਤ ਮਜਬੂਤ ਹੈ।"

## ਦੇਸ਼ 'ਚ ਬੀਤੇ 24 ਘੰਟਿਆਂ 'ਚ ਕੋਰੋਨਾ ਕਾਰਨ ਹੋਈਆਂ 6 ਮੌਤਾਂ

ਜੈਤੋ, 17 ਮਈ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਨੇ ਸ਼ੁੱਕਰਵਾਰ ਯਾਨੀ ਅੱਜ ਕਿਹਾ ਕਿ ਦੇਸ ਵਿੱਚ ਬੀਤੇ 24 ਘੰਟਿਆਂ ਵਿੱਚ ਕੋਵਿਡ-19 ਦੇ ਐਕਟਿਵ ਮਾਮਲਿਆਂ ਵਿੱਚ 23 ਦੀ ਕਮੀ ਆਈ ਹੈ ਅਤੇ ਹੁਣ ਸਿਰਫ 608 ਮਰੀਜ ਹੀ ਐਕਟਿਵ ਹਨ। ਇਲਾਜ ਅਧੀਨ 126 ਮਰੀਜਾਂ ਨੂੰ ਛੁੱਟੀ ਦੇ ਦਿੱਤੀ ਗਈ। ਦੇਸ ਭਰ ਵਿੱਚ ਸਭ ਤੋਂ ਵੱਧ ਉੱਤਰ ਪ੍ਰਦੇਸ ਰਾਜ ਵਿੱਚ 9 ਐਕਟਿਵ ਮਰੀਜ ਸਾਹਮਣੇ ਆਏ ਹਨ। ਸੁੱਕਰਵਾਰ ਸਵੇਰੇ 8 ਵਜੇ ਤੱਕ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਬੀਤੇ 24 ਘੰਟਿਆਂ ਵਿੱਚ 6 ਮਰੀਜਾਂ ਦੀ ਕੋਰੋਨਾ ਵਾਇਰਸ ਦੀ ਲਾਗ ਕਾਰਨ ਮੌਤ ਹੋ ਗਈ ਹੈ, ਇਹ ਸਾਰੇ ਕੇਰਲ ਦੇ ਹਨ। ਬੀਤੇ 24 ਘੰਟਿਆਂ ਵਿੱਚ 126 ਮਰੀਜ ਠੀਕ ਹੋ ਗਏ ਹਨ, ਜਿਸ ਨਾਲ ਠੀਕ ਹੋਣ ਵਾਲੇ ਮਰੀਜਾਂ ਦੀ ਕੁੱਲ ਗਿਣਤੀ 4,45,04,748 ਹੋ ਗਈ ਹੈ, ਜਦੋਂ ਕਿ 6 ਲੋਕਾਂ ਦੀ ਮੌਤ ਨਾਲ ਕੁੱਲ ਗਿਣਤੀ 5,33,610 ਹੋ ਗਈ ਹੈ। ਸਿਹਤ ਮੰਤਰਾਲਾ ਦੇ ਅਨੁਸਾਰ, ਬੀਤੇ 24 ਘੰਟਿਆਂ ਵਿੱਚ ਦੇਸ ਵਿੱਚ ਹੁਣ ਤੱਕ ਕੋਵਿਡ -19 ਲਈ 220,68,94,241 ਟੀਕੇ ਪੂਰੇ ਕੀਤੇ ਜਾ ਚੁੱਕੇ ਹਨ।

# ਭਾਜਪਾ ਸੱਤਾ 'ਚ ਆਈ ਤਾਂ ਰਿਜਰਵੇਸ਼ਨ ਖਤਮ ਕਰ ਦੇਵੇਗੀ, ਯੋਗੀ ਨਹੀਂ ਰਹਿਣਗੇ ਮੁੱਖ ਮੰਤਰੀ: ਕੇਜਰੀਵਾਲ

**ਏਜੰਸੀਆਂ**

ਲਖਨਊ 17 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਜਪਾ ਜੇਕਰ ਲੋਕ ਸਭਾ ਚੋਣਾਂ ਮਗਰੋਂ ਫਿਰ ਤੋਂ ਕੇਂਦਰ ਦੀ ਸੱਤਾ ਵਿਚ ਆਈ ਤਾਂ ਉਹ ਸੰਵਿਧਾਨ ਬਦਲ ਦੇਵੇਗੀ ਅਤੇ ਰਿਜਰਵੇਸਨ ਹਟਾ ਦੇਵੇਗੀ। ਆਮ ਆਦਮੀ ਪਾਰਟੀ (ਆਪ) ਦੇ ਨੇਤਾ ਕੇਜਰੀਵਾਲ ਨੇ ਇੱਥੇ ਸਮਾਜਵਾਜੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਭਾਜਪਾ ਦੀ ਪੂਰੀ ਤਿਆਰੀ ਹੈ ਕਿ ਜੇਕਰ ਇਹ ਜਿੱਤ ਗਏ ਤਾਂ ਸੰਵਿਧਾਨ ਨੂੰ ਬਦਲ ਕੇ ਅਨੁਸੂਚਿਤ ਜਾਤੀ (), ਅਨੁਸੂਚਿਤ ਜਨਜਾਤੀ () ਅਤੇ ਹੋਰ ਪਿਛੜੇ ਵਰਗ () ਦਾ ਰਿਜਰਵੇਸਨ ਖਤਮ ਕਰ ਦਿੱਤਾ ਜਾਵੇਗਾ। ਕੇਜਰੀਵਾਲ ਨੇ ਆਪਣਾ ਇਹ ਦਾਅਵਾ ਦੋਹਰਾਇਆ ਕਿ ਜੇਕਰ ਭਾਜਪਾ ਸੱਤਾ ਵਿਚ ਆਈ ਤਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਹਟਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਜਿੱਤ ਗਈ ਤਾਂ 2 ਤੋਂ 3 ਮਹੀਨੇ ਦੇ ਅੰਦਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਲਏ ਨਹੀਂ, ਸਗੋਂ ਅਮਿਤ ਸ਼ਾਹ ਜੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਵੋਟਾਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੋਦੀ 2014 ਵਿਚ ਮੋਦੀ ਜੀ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਖੁਦ ਇਹ ਨਿਯਮ 'ਸੇਵਾਮੁਕਤ' ਹੋਏ ਸਨ। ਇਸ ਤੋਂ ਬਾਅਦ ਸਾਰੇ ਨੇਤਾ 'ਸੇਵਾਮੁਕਤ' ਹੋ ਗਏ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਿਯਮ ਤਹਿਤ ਮੋਦੀ ਪ੍ਰਧਾਨ



ਬਣਾਇਆ ਸੀ ਕਿ ਭਾਜਪਾ ਸੰਗਠਨ ਅਤੇ ਪਾਰਟੀ ਦੀਆਂ ਸਰਕਾਰਾਂ ਵਿਚ 75 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਕਿਸੇ ਅਹੁਦੇ 'ਤੇ ਨਹੀਂ ਰੱਖਿਆ ਜਾਵੇਗਾ। ਕੇਜਰੀਵਾਲ ਨੇ ਕਿਹਾ ਇਸ ਨਿਯਮ ਦੇ ਤਹਿਤ ਲਾਲ ਕ੍ਰਿਸਨ ਅਡਵਾਨੀ ਜੀ ਅਤੇ ਮੁਰਲੀ ਮਨੋਹਰ ਜੋਸੀ ਜੀ ਸਭ ਤੋਂ ਪਹਿਲਾਂ ਮੰਤਰੀ ਦਾ ਅਹੁਦਾ ਛੱਡ ਕੇ ਅਮਿਤ ਸਾਹ ਨੂੰ ਇਸ ਅਹੁਦੇ 'ਤੇ ਨਿਯੁਕਤ ਕਰਨਗੇ। ਉੱਤਰ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ ਯਾਦਵ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਦੇ ਪਹਿਲੇ ਚਾਰ ਗੇੜਾਂ 'ਚ ਹਾਰ ਗਈ ਹੈ।

## ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਚੁਣੇ ਜਾਣ 'ਤੇ ਕਪਿਲ ਸਿੱਬਲ ਨੂੰ ਚੀਫ ਜਸਟਿਸ ਨੇ ਦਿੱਤੀ ਵਧਾਈ


ਨਵੀਂ ਦਿੱਲੀ 17 ਮਈ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਸ਼ੁੱਕਰਵਾਰ ਨੂੰ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਨੂੰ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ.ਸੀ.ਬੀ.ਏ.) ਦਾ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ। ਜੱਜ ਚੰਦਰਚੂੜ ਨੇ ਕਿਹਾ,"ਸ਼੍ਰੀਮਾਨ ਸਿੱਬਲ, ਐੱਸਸੀਬੀਏ ਦੇ ਪ੍ਰਧਾਨ ਵਜੋਂ ਚੁਣੇ ਜਾਣ 'ਤੇ ਸਾਡੇ ਵਲੋਂ ਹਾਰਦਿਕ ਵਧਾਈ। ਅਸੀਂ ਤੁਹਾਡੇ ਵਲੋਂ ਹੋਰ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਸਹਿਯੋਗ ਦੀ ਉਮੀਦ ਕਰਦੇ ਹਾਂ।" ਚੀਫ ਜਸਟਿਸ ਦਾ ਧੰਨਵਾਦ ਕਰਦੇ ਹੋਏ ਸਿੱਬਲ ਨੇ ਕਿਹਾ,"ਇਹ ਮੇਰੇ ਲਈ ਸਨਮਾਨ ਦੀ ਗੱਲ ਹੈ ਕਿ 22 ਸਾਲ ਬਾਅਦ ਮੈਨੂੰ ਇਹ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ। ਸਾਡੇ ਵਲੋਂ ਤੁਹਾਨੂੰ ਪੂਰਾ ਸਹਿਯੋਗ ਮਿਲੇਗਾ ਅਤੇ ਇਹ ਬੈਂਚ ਦੇ ਪ੍ਰਤੀ ਸਾਡੀ ਵਚਨਬੱਧਤਾ ਹੈ। ਇਸ ਸਹਿਯੋਗ ਦੇ ਮਾਧਿਅਮ ਨਾਲ ਹੀ ਅਸੀਂ ਏਜੰਡੇ ਨੂੰ ਅੱਗੇ ਵਧਾ ਸਕਦੇ ਹਾਂ।" ਸਿੱਬਲ ਨੂੰ ਵੀਰਵਾਰ ਨੂੰ ਐੱਸਸੀਬੀਏ ਦਾ ਪ੍ਰਧਾਨ ਚੁਣਿਆ ਗਿਆ। ਸਿੱਬਲ ਤੋਂ ਇਲਾਵਾ, ਸੀਨੀਅਰ ਐਡਵੋਕੇਟ ਆਦਿਸ਼ ਸੀ ਅਗਰਵਾਲਾ, ਪ੍ਰਦੀਪ ਕੁਮਾਰ ਰਾਏ, ਪ੍ਰਿਯਾ ਹਿੰਗੋਰਾਨੀ ਅਤੇ ਐਡਵੋਕੇਟ ਤ੍ਰਿਪੁਰਾਰੀ ਰੇ ਅਤੇ ਨੀਰਜ ਸ਼੍ਰੀਵਾਸਤਵ ਐੱਸਸੀਬੀਏ ਪ੍ਰਧਾਨ ਅਹੁਦੇ ਦੀ ਦੌੜ 'ਚ ਸ਼ਾਮਲ ਸਨ।



ਸੂਤਰਾਂ ਅਨੁਸਾਰ ਵੀਰਵਾਰ ਨੂੰ ਹੋਈਆਂ ਚੋਣਾਂ 'ਚ ਸਿੱਬਲ ਨੂੰ 1 ਹਜਾਰ ਤੋਂ ਜ਼ਿਆਦਾ ਵੋਟ ਮਿਲੇ, ਜਦੋਂ ਕਿ ਰਾਏ ਨੂੰ 650 ਤੋਂ ਵੱਧ ਵੋਟ ਮਿਲੇ। ਹਾਰਵਰਡ ਲਾਅ ਸਕੂਲ ਤੋਂ ਗੈਰਜੂਏਟ ਸਿੱਬਲ 1989-90 ਦੌਰਾਨ ਭਾਰਤ ਦੇ ਐਡੀਸ਼ਨਲ ਸਾਲਿਸੀਟਰ ਜਨਰਲ ਸਨ। ਉਨ੍ਹਾਂ ਨੂੰ 1983 'ਚ ਸੀਨੀਅਰ ਐਡਵੋਕੇਟ ਵਜੋਂ ਨਾਮਜਦ ਕੀਤਾ ਗਿਆ ਸੀ।

## ਮੋਦੀ ਭਰੋਸਾ ਗੁਆ ਚੁੱਕੇ ਹਨ, ਕਿਉਂਕਿ ਜਨਤਾ ਰਾਜਨੀਤਕ ਤਬਦੀਲੀ ਚਾਹੁੰਦੀ ਹੈ : ਸ਼ਰਦ ਪਵਾਰ

ਨਾਸਿਕ 17 ਮਈ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਹ (ਮੋਦੀ) ਆਪਣਾ ਵਿਸ਼ਵਾਸ ਗੁਆ ਚੁੱਕੇ ਹਨ, ਕਿਉਂਕਿ ਜਨਤਾ ਇਸ ਵਾਰ ਰਾਜਨੀਤਕ ਤਬਦੀਲੀ ਚਾਹੁੰਦੀ ਹੈ। ਪਵਾਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ 'ਜਿਰੇਟੋਪ' ਪਹਿਨਾਉਣ ਲਈ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਕਾਂਪਾ ਦੇ ਨੇਤਾ ਪ੍ਰਫੁਲ ਪਟੇਲ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਸਾਬਕਾ ਕੇਂਦਰੀ ਮੰਤਰੀ ਦੀ 'ਲਾਚਾਰੀ' ਨੂੰ ਦਿਖਾਉਂਦਾ ਹੈ। ਛਤਰਪਤੀ ਸ਼ਿਵਾਜੀ ਮਹਾਰਾਜ ਹਮੇਸ਼ਾ 'ਜਿਰੇਟੋਪ' ਪਾਉਂਦੇ ਸਨ। ਪਵਾਰ ਨੇ ਕਿਹਾ,"ਲੋਕ ਸਭਾ ਚੋਣਾਂ ਦੌਰਾਨ ਮੈਂ ਕਈ ਜਗ੍ਹਾ ਪ੍ਰਚਾਰ ਕਰਨ ਗਿਆ। ਲੋਕਾਂ ਦੀ ਮਾਨਸਿਕਤਾ (ਰਾਜਨੀਤਕ) ਹੁਣ ਬਦਲ ਚੁੱਕੀ ਹੈ ਅਤੇ ਇਸ ਕਾਰਨ ਮੋਦੀ ਆਪਣਾ ਭਰੋਸਾ ਗੁਆ ਚੁੱਕੇ ਹਨ। ਰਾਜ 'ਚ ਮਹਾਵਿਕਾਸ ਅਘਾੜੀ ਦੇ ਸਮਰਥਨ 'ਚ ਹਵਾ ਹੈ।" ਪਵਾਰ ਨੇ ਮੁੰਬਈ ਦੇ ਘਾਟਕੋਪਰ ਇਲਾਕੇ 'ਚ ਬੁੱਧਵਾਰ ਨੂੰ ਰੋਡ ਸ਼ੋਅ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕੀਤੀ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ,"ਮੋਦੀ ਨੇ ਗੁਜਰਾਤੀ ਬਹੁਲਤਾ ਵਾਲੇ ਇਕ ਇਲਾਕੇ 'ਚ ਰੋਡ ਸ਼ੋਅ ਕੀਤਾ। ਜਦੋਂ ਤੁਸੀਂ ਇਕ ਦੇਸ਼ ਦੀ ਅਗਵਾਈ ਕਰ ਰਹੇ ਹੋ, ਉਦੋਂ ਜਾਤੀ ਅਤੇ ਧਰਮ ਬਾਰੇ ਸੋਚਣਾ ਸਹੀ ਨਹੀਂ ਹੈ। ਮੁੰਬਈ ਵਰਗੇ ਸ਼ਹਿਰ 'ਚ ਰੋਡ ਸ਼ੋਅ ਕਰਨਾ ਸਹੀ ਚੀਜ ਨਹੀਂ ਹੈ। ਲੋਕਾਂ ਨੂੰ ਘੰਟਿਆਂ ਤੱਕ ਇੰਤਜਾਰ ਕਰਨਾ ਪਿਆ। ਉਨ੍ਹਾਂ ਨੂੰ ਇਸ ਕਾਰਨ ਪਰੇਸ਼ਾਨੀ ਹੋਈ, ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ।" ਰੋਡ ਸ਼ੋਅ ਤੋਂ ਪਹਿਲਾਂ ਜਾਗ੍ਰਿਤੀ ਨਗਰ ਅਤੇ ਘਾਟਕੋਪਰ ਸਟੇਸ਼ਨ ਦਰਮਿਆਨ ਮੁੰਬਈ ਮੈਟਰੋ ਰੇਲ ਸੇਵਾ ਸੁਰੱਖਿਆ ਕਾਰਨਾਂ ਕਰ ਕੇ ਮੁਅੱਤਲ ਕਰ ਦਿੱਤੀ ਗਈ ਸੀ। ਪੁਲਸ ਨੇ ਰੋਡ ਸ਼ੋਅ ਕਾਰਨ ਨੇੜੇ-ਤੇੜੇ ਦੀਆਂ ਕੁਝ ਸੜਕਾਂ ਨੂੰ ਬੰਦ ਕੀਤਾ ਅਤੇ ਕੁਝ 'ਤੇ ਮਾਰਗ ਤਬਦੀਲ ਕਰ ਦਿੱਤੇ। ਪਵਾਰ ਨੇ ਜਿਰੇਟੋਪ ਵਿਵਾਦ 'ਤੇ ਕਿਹਾ,"ਜਿਰੇਟੋਪ ਅਤੇ ਮਹਾਰਾਸ਼ਟਰ ਦਾ ਇਤਿਹਾਸ ਹੈ। ਲਾਚਾਰੀ ਦੀ ਵੀ ਸੀਮਾ ਹੁੰਦੀ ਹੈ ਪਰ ਚੰਗਾ ਹੈ ਕਿ ਉਨ੍ਹਾਂ ਨੇ ਕਿਹਾ ਕਿ ਉਹ ਭਵਿੱਖ 'ਚ ਇਸ ਦਾ ਧਿਆਨ ਰੱਖਣਗੇ।" ਵਾਰਾਣਸੀ 'ਚ ਨਾਮਜਦਗੀ ਦਾਖਲ ਕਰਨ ਤੋਂ ਪਹਿਲੇ ਪਟੇਲ ਨੇ ਪ੍ਰਧਾਨ ਮੰਤਰੀ ਮੋਦੀ ਦੇ ਸਿਰ 'ਤੇ 'ਜਿਰੇਟੋਪ' ਪਹਿਨਾਇਆ, ਜਿਸ ਨੂੰ ਲੈ ਕੇ ਵਿਵਾਦ ਛਿੜ ਗਿਆ। ਵਿਰੋਧੀ ਦਲਾਂ ਨੇ ਇਸ ਦੀ ਕਾਫੀ ਆਲੋਚਨਾ ਕੀਤੀ।



## 'ਸਪਾ-ਕਾਂਗਰਸ ਵਾਲੇ ਸਰਕਾਰ 'ਚ ਆਏ ਤਾਂ ਰਾਮ ਲੱਲਾ ਨੂੰ ਮੁੜ ਤੰਬੂ 'ਚ ਭੇਜ ਦੇਣਗੇ', ਪ੍ਰਧਾਨ ਮੰਤਰੀ ਮੋਦੀ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 17 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰ ਪ੍ਰਦੇਸ ਦੇ ਬਾਰਾਬੰਕੀ 'ਚ ਇਕ ਵਿਸਾਲ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਅਤੇ ਸਪਾ 'ਤੇ ਤਿੱਖਾ ਨਿਸਾਨਾ ਵਿੰਨ੍ਹਿਆ। ਪੀ.ਐੱਮ. ਮੋਦੀ ਨੇ ਕਿਹਾ ਕਿ ਜੇਕਰ ਸਪਾ-ਕਾਂਗਰਸ ਦੀ ਸਰਕਾਰ ਆਉਂਦੀ ਹੈ ਤਾਂ ਉਹ ਰਾਮ ਲੱਲਾ ਨੂੰ ਦੁਬਾਰਾ ਤੰਬੂ ਵਿੱਚ ਭੇਜ ਦੇਣਗੇ ਅਤੇ ਮੰਦਰ 'ਤੇ ਬੁਲਡੋਜ ਚਲਾ ਦੇਣਗੇ। ਯੋਗੀ ਆਦਿਤਿਆਨਾਥ ਤੋਂ ਟਿਊਸਨ ਲਓ ਕਿ ਬੁਲਡੋਜਰ ਕਿੱਥੇ ਚਲਾਉਣਾ ਹੈ ਅਤੇ ਕਿੱਥੇ ਨਹੀਂ ਚਲਾਉਣਾ ਹੈ। ਵਿਰੋਧੀ ਧਿਰ 'ਤੇ ਨਿਸਾਨਾ ਵਿੰਨ੍ਹਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਰਾਮ ਨੌਮੀ ਵਾਲੇ ਦਿਨ ਸਪਾ ਦੇ ਸੀਨੀਅਰ ਨੇਤਾ ਨੇ ਕਿਹਾ ਕਿ ਰਾਮ ਮੰਦਰ ਬੇਕਾਰ ਹੈ। ਇਸ ਦੇ ਨਾਲ ਹੀ ਕਾਂਗਰਸ ਰਾਮ ਮੰਦਰ 'ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਪਲਟਣ ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਲਈ ਸਿਰਫ ਉਨ੍ਹਾਂ ਦਾ ਪਰਿਵਾਰ ਅਤੇ ਸੱਤਾ ਮਾਇਨੇ ਰੱਖਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਪਾ-



ਕਾਂਗਰਸ ਦੀ ਸਰਕਾਰ ਆਉਂਦੀ ਹੈ ਤਾਂ ਉਹ ਰਾਮ ਲੱਲਾ ਨੂੰ ਦੁਬਾਰਾ ਤੰਬੂ ਵਿਚ ਭੇਜ ਦੇਣਗੇ ਅਤੇ ਮੰਦਰ 'ਤੇ ਬੁਲਡੋਜ ਚਲਾ ਦੇਣਗੇ। ਸਪਾ-ਕਾਂਗਰਸ ਲਈ ਵੋਟ ਬੈਂਕ ਤੋਂ ਵੱਡੀ ਕੋਈ ਚੀਜ ਨਹੀਂ ਹੈ ਪਰ ਜਦੋਂ ਮੈਂ ਉਨ੍ਹਾਂ ਦਾ ਪਰਦਾਫਾਸ ਕਰਦਾ ਹਾਂ, ਉਹ ਬੇਚੈਨ ਹੋ ਜਾਂਦੇ ਹਨ, ਉਨ੍ਹਾਂ ਦੀਆਂ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜਿਵੇਂ-ਜਿਵੇਂ ਚੋਣਾਂ ਅੱਗੇ ਵਧ ਰਹੀਆਂ ਹਨ, ਇਹ ਗਠਜੋੜ ਤਾਸ ਦੇ ਪੱਤਿਆਂ ਵਾਂਗ ਟੁੱਟਣਾ ਸੁਰੂ ਹੋ ਗਿਆ ਹੈ। ਇੱਥੇ ਜੋ ਬਾਬੂਆ ਜੀ ਹਨ। ਬਾਬੂਆ ਜੀ ਦਾ ਮਤਲਬ ਹੈ ਸਾਡੇ ਸਮਾਜਵਾਦੀ ਸ਼ਹਿਜਾਦੇ, ਉਨ੍ਹਾਂ ਨੇ ਹੁਣ ਇੱਕ ਨਵੀਂ ਭੂਆ ਦੀ ਸਰਨ ਲੈ ਲਈ ਹੈ। ਇਹ ਭੂਆ ਬੰਗਾਲ 'ਚ ਹੈ। ਬੰਗਾਲ ਵਾਲੀ ਭੂਆ ਨੇ ਗਠਜੋੜ ਨੂੰ ਕਿਹਾ ਹੈ ਕਿ ਮੈਂ ਤੁਹਾਨੂੰ ਬਾਹਰੋਂ ਸਮਰਥਨ ਦੇਵਾਂਗੀ। ਗਠਜੋੜ ਦੀ ਇੱਕ ਹੋਰ ਪਾਰਟੀ ਨੇ ਦੂਜੀ ਪਾਰਟੀ ਨੂੰ ਆਖ ਦਿੱਤ ਹੈ ਕਿ ਖਬਰਦਾਰ ਜੇਕਰ ਤੁਸੀਂ ਸਾਢੇ ਖਿਲਾਫ ਪੰਜਾਬ 'ਚ ਬੋਲਿਆ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਵੀ ਹਰ ਕੋਈ ਮੁੰਗੇਰੀਲਾਲ ਨੂੰ ਪਿੱਛੇ ਛੱਡ ਰਿਹਾ ਹੈ।

## ਉੱਤਰਾਖੰਡ ਦੇ ਚਾਰਧਾਮ 'ਚ ਰੀਲਾਂ ਤੇ ਵੀਡੀਓ ਬਣਾਉਣ 'ਤੇ ਪਾਬੰਦੀ

ਦੇਹਰਾਦੂਨ 17 ਮਈ। ਉੱਤਰਾਖੰਡ 'ਚ ਸਥਿਤ ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬਦਰੀਨਾਥ ਕੰਪਲੈਕਸ 'ਚ ਦਰਸਨ ਤੋਂ ਬਾਅਦ ਜਾਂ ਉਸ ਤੋਂ ਪਹਿਲਾਂ ਮੋਬਾਇਲ ਤੋਂ ਸੈਲਫੀ, ਰੀਲ ਅਤੇ ਵੀਡੀਓ ਬਣਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਪਾਬੰਦੀ ਇਮਾਰਤ ਦੇ 50 ਮੀਟਰ ਤੱਕ ਲਾਗੂ ਹੋਵੇਗੀ। ਸੂਬੇ ਦੀ ਮੁੱਖ ਸਕੱਤਰ ਰਾਧਾ ਰਤੂਰੀ ਨੇ ਵੀਰਵਾਰ ਨੂੰ ਇਸ ਸਬੰਧ ਵਿੱਚ ਸਕੱਤਰ, ਸੱਭਿਆਚਾਰ, ਐਂਡੋਮੈਂਟ, ਤੀਰਥ ਯਾਤਰਾ ਪ੍ਰਬੰਧਨ ਅਤੇ ਧਾਰਮਿਕ ਮੇਲਾ ਵਿਭਾਗ ਨੂੰ ਪੱਤਰ ਜਾਰੀ ਕੀਤਾ ਹੈ। ਸੂਬੇ ਵਿੱਚ ਚਾਰਧਾਮ ਯਾਤਰਾ ਸੁਚਾਰੂ ਢੰਗ ਨਾਲ ਚਲਾਈ ਜਾ ਰਹੀ ਹੈ। ਸਾਰੇ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਸਰਧਾਲੂ ਦਰਸਨਾਂ ਲਈ ਆ ਰਹੇ ਹਨ। ਸੂਬਾ ਸਰਕਾਰ ਵੱਲੋਂ ਸਰਧਾਲੂਆਂ ਨੂੰ ਵਿਧੀਵਤ ਦਰਸਨ ਦੇਣ ਲਈ ਪ੍ਰਬੰਧ ਕੀਤੇ ਗਏ ਹਨ, ਪਰ ਮੌਜੂਦਾ ਸਮੇਂ ਵਿੱਚ ਦੇਖਿਆ ਗਿਆ ਹੈ ਕਿ ਕੁਝ ਵਿਅਕਤੀਆਂ ਵੱਲੋਂ ਮੰਦਰ ਦੇ ਪਰਿਸਰ ਵਿੱਚ ਸੋਸਲ ਮੀਡੀਆ ਰਾਹੀਂ ਵੀਡੀਓਗ੍ਰਾਫੀ/ਰੀਲਾਂ ਬਣਾਈਆਂ ਜਾ ਰਹੀਆਂ ਹਨ, ਜਿਸ ਕਾਰਨ ਲੋਕਾਂ ਨੂੰ ਮੰਦਰ ਵਿੱਚ ਜਾਣ ਦੀ ਇਜਾਜਤ ਨਹੀਂ ਦਿੱਤੀ ਜਾ ਰਹੀ ਹੈ। ਉਕਤ ਵੀਡੀਓਗ੍ਰਾਫੀ ਦੇਖਣ ਲਈ ਮੰਦਰ 'ਚ ਇੱਕ ਥਾਂ 'ਤੇ ਭੀੜ ਇਕੱਠੀ ਹੋਣ ਕਾਰਨ ਸਰਧਾਲੂਆਂ ਨੂੰ ਦਰਸਨ ਕਰਨ 'ਚ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਭਾਜਪਾ ਦੇ 435 ਉਮੀਦਵਾਰਾਂ 'ਚੋਂ 106 ਦਲ-ਬਦਲੂ, ਪਿਛਲੇ 10 ਸਾਲਾਂ 'ਚ ਪਲਟਿਆ ਪਾਸਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 17 ਮਈ। ਦੇਸ 'ਚ ਹੁਣ ਪਾਰਟੀ ਬਦਲਣ ਦੀ ਰਵਾਇਤ 'ਤੇ ਆਮ ਲੋਕਾਂ ਨੂੰ ਜ਼ਿਆਦਾ ਹੈਰਾਨੀ ਨਹੀਂ ਹੁੰਦੀ। ਇਸ ਲਈ ਕਦੋਂ ਕਿਹੜਾ ਨੇਤਾ ਕਿਸ ਪਾਰਟੀ 'ਚ ਨਜਰ ਆ ਜਾਵੇ ਇਹ ਇਕ ਆਮ ਗੱਲ ਹੋ ਗਈ ਹੈ। ਇਸ ਵਾਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਈ ਸਿਆਸੀ ਪਾਰਟੀਆਂ ਦੇ ਨੇਤਾ ਆਪਣੀ ਪਾਰਟੀ ਛੱਡ ਕੇ ਭਾਜਪਾ 'ਚ ਸਾਮਲ ਹੋ ਗਏ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਭਾਜਪਾ ਦੀ 435 ਉਮੀਦਵਾਰਾਂ ਦੀ ਸੂਚੀ 'ਚ 106 ਉਮੀਦਵਾਰ ਅਜਿਹੇ ਹਨ, ਜੋ ਪਿਛਲੇ 10 ਸਾਲਾਂ 'ਚ ਹੋਰ ਸਿਆਸੀ ਪਾਰਟੀਆਂ ਤੋਂ ਭਗਵਾ ਪਾਰਟੀ 'ਚ ਆਏ ਹਨ। ਜਦਕਿ ਇਨ੍ਹਾਂ 'ਚੋਂ 90 ਅਜਿਹੇ ਵੀ ਹਨ, ਜੋ ਕਰੀਬ ਪੰਜ ਸਾਲ ਪਹਿਲਾਂ ਹੀ ਭਾਜਪਾ 'ਚ ਸਾਮਲ ਹੋਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਚੋਣਾਂ 'ਚ ਭਾਜਪਾ ਦੀ ਸਾਰੀ ਜ਼ਿੰਮੇਵਾਰੀ ਦਲ-ਬਦਲੂਆਂ 'ਤੇ ਹੈ। ਭਾਜਪਾ 'ਚ ਦੂਸਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਟਿਕਟਾਂ ਦੇਣ ਦੇ ਮਾਮਲੇ 'ਚ ਉੱਤਰ ਪ੍ਰਦੇਸ ਸਭ ਤੋਂ ਉੱਪਰ ਹੈ। ਇਥੇ ਪਿਛਲੇ ਇਕ ਦਹਾਕੇ ਤੋਂ ਸੰਸਦੀ ਅਤੇ ਵਿਧਾਨ ਸਭਾ ਚੋਣਾਂ 'ਚ ਭਾਜਪਾ ਦਾ ਦਬਦਬਾ ਰਿਹਾ ਹੈ। ਭਾਵੇਂ ਉਹ ਲੋਕ ਸਭਾ ਚੋਣਾਂ ਹੋਣ ਜਾਂ ਵਿਧਾਨ ਸਭਾ ਚੋਣਾਂ। ਇਥੇ ਭਾਜਪਾ ਦੇ ਚੋਣ ਨਿਸਾਨ 'ਤੇ ਚੋਣ ਲੜ ਰਹੇ ਇਕ ਸਾਥੀ ਨੂੰ ਛੱਡ ਕੇ ਭਾਜਪਾ ਦੇ ਸਾਰੇ 74 ਉਮੀਦਵਾਰਾਂ 'ਚੋਂ 23 ਅਜਿਹੇ ਹਨ, ਜੋ ਸਾਲ 2014 ਤੋਂ ਬਾਅਦ ਕਿਸੇ ਸਮੇਂ ਭਾਜਪਾ 'ਚ ਸਾਮਲ ਹੋਏ ਹਨ। ਸੂਬੇ 'ਚ ਭਾਜਪਾ ਉਮੀਦਵਾਰਾਂ ਦੀ ਗਿਣਤੀ 31 ਫੀਸਦੀ ਹੈ। ਹਰਿਆਣਾ ਦੀ ਗੱਲ ਕਰੀਏ ਤਾਂ ਇੱਥੇ ਪਿਛਲੇ ਇਕ ਦਹਾਕੇ ਤੋਂ ਭਾਜਪਾ ਦੀ ਮੌਜੂਦਗੀ ਹੈ। ਇਸ ਦੇ ਬਾਵਜੂਦ ਸੂਬੇ 'ਚ ਭਾਜਪਾ ਦੇ 10 'ਚੋਂ 6 ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਨੇ 2014 ਤੋਂ ਬਾਅਦ ਪਾਰਟੀਆਂ ਬਦਲੀਆਂ ਹਨ। ਇਨ੍ਹਾਂ 'ਚੋਂ ਦੋ, ਨਵੀਨ ਜਿੰਦਲ ਅਤੇ ਅਸੋਕ ਤੰਵਰ ਲੋਕ



ਸਭਾ ਚੋਣਾਂ ਤੋਂ ਠੀਕ ਪਹਿਲਾਂ ਪਾਰਟੀ ਵਿਚ ਸਾਮਲ ਹੋ ਗਏ ਸਨ। ਇਸੇ ਤਰ੍ਹਾਂ ਪੰਜਾਬ 'ਚ ਪਾਰਟੀ ਦੇ 13 ਉਮੀਦਵਾਰਾਂ 'ਚੋਂ ਅੱਧੇ ਤੋਂ ਵੱਧ ਅਜਿਹੇ ਹਨ, ਜੋ ਕੁਝ ਸਮਾਂ ਪਹਿਲਾਂ ਤੱਕ ਦੂਜੀਆਂ ਪਾਰਟੀਆਂ ਵਿਚ ਸਨ। ਇਨ੍ਹਾਂ 'ਚੋਂ ਕੁਝ ਕਾਂਗਰਸ ਵਿਚ ਸਨ ਪਰ ਅਮਰਿੰਦਰ ਸਿੰਘ ਦੇ ਨਾਲ ਹੀ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ, ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਨੂੰ ਭਗਵਾ ਪਾਰਟੀ 'ਚ ਮਿਲਾ ਲਿਆ। ਝਾਰਖੰਡ ਦੇ ਹਾਲਾਤ ਪੰਜਾਬ ਵਰਗੇ ਹੀ ਹਨ, ਜਿੱਥੇ 13 'ਚੋਂ 7 ਉਮੀਦਵਾਰ ਇਕ ਦਹਾਕਾ ਜਾਂ ਇਸ ਤੋਂ ਘੱਟ ਸਮਾਂ ਪਹਿਲਾਂ ਦੂਜੀਆਂ ਪਾਰਟੀਆਂ ਦੇ ਮੈਂਬਰ ਸਨ। ਇਸ ਮਾਮਲੇ 'ਚ ਝਾਰਖੰਡ ਮੁਕਤੀ ਮੋਰਚਾ (ਜੇ. ਐੱਮ. ਐੱਮ.) ਦੇ ਮੈਂਬਰ, ਕਾਂਗਰਸ ਅਤੇ ਤੱਤਕਾਲੀਨ ਝਾਰਖੰਡ ਵਿਕਾਸ ਮੋਰਚਾ (ਜੇ. ਵੀ. ਐੱਮ.) ਤੋਂ ਹਨ, ਜਿਨ੍ਹਾਂ 'ਚੋਂ ਸਭ ਤੋਂ ਹਾਈ ਪ੍ਰੋਫਾਈਲ ਸੀਤਾ ਸੋਰੇਨ ਹਨ। ਸੀਤਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਭਰਜਾਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਆਂਧਰਾ ਪ੍ਰਦੇਸ 'ਚ ਭਾਜਪਾ ਦੇ 6 ਉਮੀਦਵਾਰ ਦੂਜੀਆਂ ਪਾਰਟੀਆਂ ਤੋਂ ਆਏ ਹਨ। 2019 ਤੋਂ ਹੁਣ ਤੱਕ ਉਨ੍ਹਾਂ 'ਚੋਂ ਇਕ ਨੂੰ ਛੱਡ ਕੇ ਸਾਰੇ ਕਿਸੇ ਨਾ ਕਿਸੇ ਦੂਸਰੀਆਂ ਪਾਰਟੀ ਦੇ ਹਨ। ਇਨ੍ਹਾਂ 'ਚ ਨਾ ਸਿਰਫ ਕਾਂਗਰਸ ਅਤੇ ਵਾਈ. ਐੱਸ. ਆਰ. ਸੀ. ਪੀ. ਤੋਂ ਆਏ ਨੇਤਾ ਸ਼ਾਮਲ ਹਨ। ਜਦਕਿ ਭਾਜਪਾ ਦੀ ਮੌਜੂਦਾ ਸਹਿਯੋਗੀ ਟੀ. ਡੀ. ਪੀ. ਤੋਂ ਆਏ ਨੇਤਾਵਾਂ ਨੂੰ ਵੀ ਟਿਕਟਾਂ ਦਿੱਤੀਆਂ ਗਈਆਂ ਹਨ। ਗੁਆਂਢੀ ਸੂਬਾ ਤੇਲੰਗਾਨਾ 'ਚ ਭਾਜਪਾ ਦੇ 17 ਉਮੀਦਵਾਰਾਂ 'ਚੋਂ ਦੋ ਤਿਹਾਈ ਉਮੀਦਵਾਰ ਹੋਰ ਪਾਰਟੀਆਂ ਤੋਂ ਆਏ ਹਨ, ਜਿਨ੍ਹਾਂ 'ਚ ਮੁੱਖ ਤੌਰ 'ਤੇ ਬੀ. ਆਰ. ਐੱਸ. ਅਤੇ ਕਾਂਗਰਸ ਹਨ। ਅਜਿਹੇ 11 ਉਮੀਦਵਾਰਾਂ 'ਚੋਂ 6 ਇਨ੍ਹਾਂ ਚੋਣਾਂ ਤੋਂ ਪਹਿਲਾਂ ਭਾਜਪਾ ਵਿਚ ਸਾਮਲ ਹੋ ਗਏ ਸਨ। ਆਂਧਰਾ ਪ੍ਰਦੇਸ ਅਤੇ ਤੇਲੰਗਾਨਾ ਅਜਿਹੇ ਸੂਬੇ ਹਨ, ਜਿੱਥੇ ਭਾਜਪਾ ਦੀ ਮੌਜੂਦਗੀ ਸੀਮਿਤ ਰਹੀ ਹੈ। ਇਸੇ ਤਰ੍ਹਾਂ ਭਾਜਪਾ ਨੇ ਓਡਿਸਾ 'ਚ 29 ਫੀਸਦੀ ਅਤੇ ਤਾਮਿਲਨਾਡੂ 'ਚ 26 ਫੀਸਦੀ ਉਮੀਦਵਾਰ ਉਨ੍ਹਾਂ ਨੇਤਾਵਾਂ ਨੂੰ ਬਣਾਇਆ, ਜੋ ਦੂਜੀਆਂ ਪਾਰਟੀਆਂ ਤੋਂ ਆਏ ਸਨ। ਇਨ੍ਹਾਂ ਸੂਬਿਆਂ 'ਚ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਟਿਕਟਾਂ ਦੇਣਾ ਵੀ ਭਾਜਪਾ ਦੀ ਮਜਬੂਰੀ ਹੈ ਕਿਉਂਕਿ ਇਹ ਭਾਜਪਾ ਦੇ ਗੜ੍ਹ ਨਹੀਂ ਹਨ।

## ਐੱਨ.ਆਈ.ਏ. ਨੇ 2019 ਤੋਂ ਹੁਣ ਤੱਕ ਕਰੀਬ 400 ਜਾਇਦਾਦਾਂ ਕੀਤੀਆਂ ਕੁਰਕ

ਨਵੀਂ ਦਿੱਲੀ 17 ਮਈ। ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਵੱਖ-ਵੱਖ ਖਾਤਿਆਂ ਅਤੇ ਕਰੋੜਾਂ ਰੁਪਏ ਦੀ ਨਕਦੀ ਸਮੇਤ ਕਰੀਬ 400 ਜਾਇਦਾਦਾਂ 2019 ਤੋਂ ਹੁਣ ਤੱਕ ਕੁਰਕ ਕੀਤੀਆਂ ਹਨ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਬਤ ਕੀਤੀਆਂ ਗਈਆਂ ਜਾਇਦਾਦਾਂ 'ਚ ਜ਼ਿਆਦਾਤਰ ਅੱਤਵਾਦੀਆਂ, ਨਕਸਲੀਆਂ, ਵੱਖਵਾਦੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜਬਤ ਅਤੇ ਕੁਰਕ ਕੀਤੀਆਂ ਗਈਆਂ 403 ਜਾਇਦਾਦਾਂ 'ਚੋਂ ਸਭ ਤੋਂ ਵੱਧ 206 ਜਾਇਦਾਦਾਂ ਨੂੰ ਜਾਂਚ ਏਜੰਸੀ ਦੀ ਰਾਂਚੀ ਬਰਾਂਚ ਨੇ ਕੁਰਕ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਾਇਦਾਦਾਂ 'ਚ ਮੁੱਖ ਰੂਪ ਨਾਲ ਬਿਹਾਰ ਅਤੇ ਝਾਰਖੰਡ 'ਚ ਰਜਿਸਟਰਡ ਕਈ ਬੈਂਕ ਖਾਤੇ ਅਤੇ ਨਕਸਲੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਲਾ ਸੰਬੰਧਤ ਵੱਡੀ ਮਾਤਰਾ 'ਚ ਨਕਦੀ ਸ਼ਾਮਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀਆਂ ਤੇ ਉਨ੍ਹਾਂ ਦੇ ਸਮਰਥਕਾਂ ਦੀਆਂ ਕੁੱਲ 100 ਹੋਰ ਜਾਇਦਾਦਾਂ ਐੱਨ.ਆਈ.ਏ. ਦੀ ਜੰਮੂ ਬਰਾਂਚ ਨੇ ਜਬਤ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਅੱਤਵਾਦੀ ਰੋਕੂ ਜਾਂਚ ਏਜੰਸੀ ਦੀ ਚੰਡੀਗੜ੍ਹ ਬਰਾਂਚ ਨੇ ਨਕਸਲੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀਆਂ 33 ਜਾਇਦਾਦਾਂ ਕੁਰਕ ਕੀਤੀਆਂ ਹਨ। ਇਹ ਪਾਬੰਦੀਸ਼ੁਦਾ ਖਾਲਿਸਤਾਨੀ ਸਰਗਨਾ ਗੁਰਪਤਵੰਤ ਸਿੰਘ ਪੰਨੂ ਦੀਆਂ ਜਬਤ ਕੀਤੀਆਂ ਗਈਆਂ 2 ਜਾਇਦਾਦਾਂ ਤੋਂ ਵੱਖ ਹੈ।" ਅਧਿਕਾਰੀਆਂ ਨੇ ਦੱਸਿਆ ਕਿ 2019 ਤੋਂ 16 ਮਈ, 2024 ਦਰਮਿਆਨ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਜਾਂ ਜਬਤ ਕੀਤਾ ਹੈ ਅਤੇ ਇਸ ਨਾਲ ਅੱਤਵਾਦੀ ਅਤੇ ਨਕਸਲੀ ਸੰਗਠਨਾਂ ਦੇ ਨੈੱਟਵਰਕ ਅਤੇ ਬੁਨਿਆਦੀ ਢਾਂਚੇ ਨੂੰ ਖਤਮ ਕਰਨ 'ਚ ਮਦਦ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪਾਬੰਦੀਸ਼ੁਦਾ ਸੰਗਠਨ ਪਾਪੂਲਰ ਫਰੰਟ ਆਫ ਇੰਡੀਆ (ਪੀ.ਐੱਫ.ਆਈ.) ਦੇ ਵਰਕਰਾਂ ਅਤੇ ਸਮਰਥਕਾਂ ਦੀਆਂ ਜਾਇਦਾਦਾਂ ਨੂੰ ਵੀ ਐੱਨ.ਆਈ.ਏ. ਨੇ ਕੁਰਕ ਜਾਂ ਜਬਤ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐੱਨ.ਆਈ.ਏ. ਦੀ ਨਵੀਂ ਦਿੱਲੀ ਬਰਾਂਚ ਨੇ 22, ਕੋਚੀ ਬਰਾਂਚ ਨੇ 27 (ਜਬਤ ਕੀਤੀਆਂ ਗਈਆਂ 8 ਜਾਇਦਾਦਾਂ ਸਮੇਤ), ਮੁੰਬਈ ਬਰਾਂਚ ਨੇ 5, ਹੈਦਰਾਬਾਦ ਬਰਾਂਚ ਨੇ ਚਾਰ, ਚੇਨਈ ਬਰਾਂਚ ਨੇ ਤਿੰਨ ਅਤੇ ਲਖਨਊ ਬਰਾਂਚ ਨੇ ਇਕ ਜਾਇਦਾਦ ਕੁਰਕ ਕੀਤੀ ਹੈ।

# ਦੋ ਧਿਰਾਂ ਵਿਚਾਲੇ ਹੋਏ ਝਗੜੇ ਨੇ ਧਾਰਿਆ ਖੂਨੀ ਰੂਪ, ਚੱਲੀਆਂ ਗੋਲੀਆਂ

ਜਲੰਧਰ 17 ਮਈ। ਜਾਇਦਾਦ ਦੇ ਝਗੜੇ ਨੂੰ ਲੈ ਕੇ ਮਾਮੂਲੀ ਤਕਰਾਰ ਤੋਂ ਬਾਅਦ ਗੜ੍ਹਾ ਦੇ ਪਿੰਡ ਕੰਨਿਆਂਵਾਲੀ ਨੇੜੇ ਇਕ ਧਿਰ ਨੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਚੱਲਣ ਦੀ ਸੂਚਨਾ ਮਿਲਦੇ ਹੀ ਥਾਣਾ 7 ਦੇ ਇੰਚਾਰਜ ਮੁਕੇਸ ਕੁਮਾਰ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਫਾਇਰਿੰਗ ਕਰਨ ਵਾਲੇ ਪਾਰਟੀ ਦੇ ਕੁਝ ਲੋਕਾਂ ਨੂੰ ਹਿਰਾਸਤ 'ਚ ਲੈ ਲਿਆ। ਹਾਲਾਂਕਿ ਗੋਲੀ ਲੱਗਣ ਦੇ ਕਾਰਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ ਪਰ ਫਾਇਰਿੰਗ ਤੋਂ ਬਾਅਦ ਇਲਾਕੇ 'ਚ ਦਹਿਸਤ ਦਾ ਮਾਹੌਲ ਬਣ ਗਿਆ ਹੈ। ਖਬਰ ਲਿਖੇ ਜਾਣ ਤੱਕ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਸੀ। ਦੱਸ ਦਈਏ ਕਿ ਕਿਰਾਏਦਾਰਾਂ ਅਤੇ ਮਕਾਨ ਮਾਲਕ ਦਾ ਅਦਾਲਤ 'ਚ ਮਾਮਲਾ ਚੱਲ ਰਿਹਾ ਹੈ ਅਤੇ ਅਦਾਲਤ ਨੇ ਹੇਠਲੀ ਮੰਜਿ਼ਲ 'ਤੇ ਸਟੇਅ ਆਰਡਰ ਲੈ ਲਿਆ ਹੈ, ਜਿਸ ਕਾਰਨ ਅੱਜ ਮਕਾਨ ਮਾਲਕ ਉਪਰਲੀ ਮੰਜਿ਼ਲ ਦੀ ਸਫਾਈ ਕਰਨ ਲਈ ਆਇਆ, ਜਿਸ ਤੋਂ ਬਾਅਦ ਕਿਰਾਏਦਾਰ ਉਸ ਬੰਧਕ ਬਣਾ ਲਿਆ ਅਤੇ ਕੁੱਟਣਾ ਸੁਰੂ ਕਰ ਦਿੱਤਾ। ਖੁਸਕਿਸਮਤੀ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਮੌਕੇ 'ਤੇ ਪੁੱਜੀ ਪੁਲਸ ਨੇ ਕਿਰਾਏਦਾਰ ਦੇ ਸਾਥੀਆਂ ਨੂੰ ਹਿਰਾਸਤ 'ਚ ਲੈ ਕੇ ਥਾਣੇ ਲੈ ਗਈ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਮਕਾਨ ਦੀ ਮਾਲਕਣ ਕੁਸੁਮ ਨੇ ਦੱਸਿਆ ਕਿ ਹੇਠਲਾ ਹਿੱਸਾ ਕਰੀਬ ਦੋ-ਤਿੰਨ ਸਾਲਾਂ ਤੋਂ ਕਿਰਾਏ 'ਤੇ ਦਿੱਤਾ ਹੋਇਆ ਹੈ ਅਤੇ ਉਹ ਪੈਸੇ ਵੀ ਨਹੀਂ ਦੇ ਰਹੇ ਹਨ। ਜਿਸ ਦਾ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ। ਅੱਜ ਅਸੀਂ ਆਪਣੇ ਉਪਰਲੇ ਹਿੱਸੇ ਦੀ ਸਫਾਈ ਕਰਨ ਆਏ, ਜਿਸ ਤੋਂ



ਬਾਅਦ ਇਨ੍ਹਾਂ ਲੋਕਾਂ ਨੇ ਸਾਨੂੰ ਅੰਦਰ ਬੰਧਕ ਬਣਾ ਲਿਆ ਅਤੇ ਕੁੱਟਮਾਰ ਕੀਤੀ। ਬਾਅਦ ਵਿੱਚ ਉਸ ਨੇ ਬਾਹਰੋਂ ਹੋਰ ਲੋਕਾਂ ਨੂੰ ਵੀ ਬੁਲਾਇਆ। ਜਿਸ ਤੋਂ ਬਾਅਦ ਉਨ੍ਹਾਂ ਨੇ ਸਾਡੀ ਵੀ ਕੁੱਟਮਾਰ ਕੀਤੀ ਅਤੇ ਜਦੋਂ ਬਦਮਾਸਾਂ ਨੇ ਸਾਨੂੰ ਛੁਡਾਉਣ ਦੀ ਕੋਸਿ਼ਸ ਕੀਤੀ ਤਾਂ ਉਨ੍ਹਾਂ ਨੇ ਦੋ ਰਾਊਂਡ ਗੋਲੀਆਂ ਚਲਾ ਦਿੱਤੀਆਂ। ਕਿਰਾਏਦਾਰ ਅਸੋਕ ਕੁਮਾਰ ਨੇ ਦੱਸਿਆ ਕਿ ਅਸੀਂ ਇਥੇ ਕਿਰਾਏ 'ਤੇ ਰਹਿੰਦੇ ਹਾਂ। 2 ਦਿਨ ਪਹਿਲਾਂ ਇਹ ਲੋਕ ਸਾਡੇ ਘਰ ਆਏ ਅਤੇ ਸਾਡਾ ਸੀ. ਸੀ. ਟੀ. ਵੀ. ਕੈਮਰਾ ਤੋੜ ਦਿੱਤਾ। ਅੱਜ ਇਕ ਵਾਰ ਫਿਰ ਉਕਤ ਵਿਅਕਤੀਆਂ ਨੇ ਆ ਕੇ ਕਮਰੇ ਨੂੰ ਤੋੜਨ ਦੀ ਕੋਸਿ਼ਸ ਕੀਤੀ। ਜਦੋਂ ਮੈਂ ਉਨ੍ਹਾਂ ਨੂੰ ਕੈਮਰਾ ਤੋੜਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਸਾਨੂੰ ਮਾਰਨਾ ਸੁਰੂ ਕਰ ਦਿੱਤਾ। ਮੌਕੇ 'ਤੇ ਪਹੁੰਚੇ ਥਾਣਾ ਸਦਰ ਦੇ ਇੰਚਾਰਜ ਮੁਕੇਸ ਕੁਮਾਰ ਨੇ ਦੱਸਿਆ ਕਿ ਕਿਰਾਏਦਾਰਾਂ ਅਤੇ ਮਕਾਨ ਮਾਲਕ ਵਿਚਕਾਰ ਪੁਰਾਣੀ ਲੜਾਈ ਚੱਲ ਰਹੀ ਹੈ ਅਤੇ ਉਨ੍ਹਾਂ ਦੇ ਘਰ ਨੂੰ ਲੈ ਕੇ ਅਦਾਲਤੀ ਕੇਸ ਵੀ ਚੱਲ ਰਿਹਾ ਹੈ, ਮਕਾਨ ਮਾਲਕ ਅਨੁਸਾਰ ਕਿਰਾਏਦਾਰ ਉਸ ਨੂੰ ਉੱਪਰ ਜਾਣ ਤੋਂ ਰੋਕਦੇ ਹਨ। ਫਿਲਹਾਲ ਦੋਵੇਂ ਧਿਰਾਂ ਦੇ ਬਿਆਨ ਲੈ ਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਬੀ.ਐੱਸ.ਐੱਫ. ਦੀ ਵੱਡੀ ਕਾਰਵਾਈ, ਪਾਕਿਸਤਾਨ ਤੋਂ ਆਇਆ ਵੱਡਾ ਡ੍ਰੋਨ ਸੁੱਟਿਆ

ਫਿਰੋਜਪੁਰ 17 ਮਈ। ਫਿਰੋਜਪੁਰ ਦੇ ਖੇਤਾਂ 'ਚੋਂ ਇਕ ਪਾਕਿਸਤਾਨੀ ਡ੍ਰੋਨ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਫਿਰੋਜਪੁਰ ਦੀ ਬੀ.ਓ.ਪੀ. ਗੱਟੀ ਹਯਾਤ ਇਲਾਕੇ 'ਚੋਂ ਬੀ.ਐੱਸ.ਐੱਫ. ਨੇ ਖੇਤਾਂ 'ਚੋਂ ਇਕ ਵੱਡਾ ਪਾਕਿਸਤਾਨੀ ਡ੍ਰੋਨ ਬਰਾਮਦ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਬੀ.ਐੱਸ.ਐੱਫ. ਫਿਰੋਜਪੁਰ ਦੀ 155 ਬਟਾਲੀਅਨ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਇਹ ਡ੍ਰੋਨ ਖੇਤਾਂ 'ਚ ਡਿਗ ਗਿਆ ਸੀ। ਇਸ ਦੀ ਸੂਚਨਾ ਇਕ ਕਿਸਾਨ ਨੇ ਤੁਰੰਤ ਹੀ ਬੀ.ਐੱਸ.ਐੱਫ. ਨੂੰ ਦੇ ਦਿੱਤੀ ਸੀ। ਬੀ.ਐੱਸ.ਐੱਫ. ਨੇ ਡ੍ਰੋਨ ਨੂੰ ਆਪਣੇ ਕਬਜੇ 'ਚ ਲੈ ਲਿਆ ਹੈ ਅਤੇ ਪੂਰੇ ਇਲਾਕੇ 'ਚ ਸਰਚ ਅਭਿਆਨ ਚੱਲ ਰਿਹਾ ਹੈ।

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਬਲਦੇ ਸਿਵੇ 'ਚੋਂ ਵਿਆਹੁਤਾ ਦੀ ਅੱਧ ਸੜੀ ਲਾਸ ਕੱਢੀ ਬਾਹਰ

ਨਾਭਾ 17 ਮਈ। ਨਾਭਾ ਦੇ ਅਲੌਹਰਾਂ ਗੇਟ ਵਿਖੇ ਸਮਸਾਨਘਾਟ 'ਚ ਪੇਕੇ ਪਰਿਵਾਰ ਨੇ ਪਹੁੰਚ ਕੇ ਬਲਦੇ ਸਿਵੇ 'ਚੋਂ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਮਦਦ ਨਾਲ ਵਿਆਹੁਤਾ ਦੀ ਅੱਧ ਸੜੀ ਲਾਸ ਨੂੰ ਬਾਹਰ ਕੱਢਿਆ। ਮ੍ਰਿਤਕ ਪਰਮਜੀਤ ਕੌਰ (24) ਸੰਗਰੂਰ ਦੀ ਰਹਿਣ ਵਾਲੀ ਸੀ। ਡੇਢ ਸਾਲ ਪਹਿਲਾਂ ਉਸਦਾ ਨਾਭਾ ਦੇ ਨਿੰਮਾ ਨਾਮ ਦੇ ਨੌਜਵਾਨ ਨਾਲ ਵਿਆਹ ਹੋਇਆ ਸੀ। ਇਸ ਮੌਕੇ ਮ੍ਰਿਤਕ ਲੜਕੀ ਦੇ ਭਰਾ, ਮਾਤਾ ਅਤੇ ਰਿਸਤੇਦਾਰ ਨੇ ਸਹੁਰੇ ਪਰਿਵਾਰ 'ਤੇ ਲੜਕੀ ਨੂੰ ਮਾਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਸਹੁਰਾ ਪਰਿਵਾਰ ਲੜਕੀ ਨੂੰ ਰਾਤ ਸਮੇਂ ਹੀ ਮਾਰ ਕੇ ਉਸ ਦਾ ਸੰਸਕਾਰ ਕਰਨ ਪਹੁੰਚਿਆ, ਜਦੋਂ ਸਾਨੂੰ ਪਤਾ ਲੱਗਾ ਤਾਂ ਅਸੀਂ ਕੁਝ ਟਾਈਮ ਬਾਅਦ ਹੀ ਸਮਸਾਨਘਾਟ ਪਹੁੰਚੇ, ਲੜਕੀ ਦੇ ਬਲਦੇ ਸਿਵੇ ਨੂੰ ਪਾਣੀ ਪਾ ਕੇ ਬੁਝਾਇਆ ਅਤੇ ਮੌਕੇ 'ਤੇ ਪੁਲਸ ਪਹੁੰਚੀ। ਪੁਲਸ ਨੇ ਫਾਇਰ ਬ੍ਰਿਗੇਡ ਦੀ ਗੱਡੀ ਨਾਲ ਸਿਵੇ ਦੀ ਅੱਗ 'ਤੇ ਕਾਬੂ ਪਾਇਆ ਅਤੇ ਲੜਕੀ ਦੀ ਅੱਧ ਸੜੀ ਲਾਸ਼ ਨੂੰ ਆਪਣੇ ਕਬਜੇ 'ਚ ਲੈ ਲਿਆ। ਇਸ ਮੌਕੇ ਲੜਕੀ ਦੀ ਮਾਤਾ ਨੇ ਕਿਹਾ ਕਿ ਸਵੇਰੇ ਹੀ ਉਨ੍ਹਾਂ ਦੀ ਲੜਕੀ ਨਾਲ



ਗੱਲ ਹੋਈ ਸੀ ਅਤੇ ਸਾਮ ਨੂੰ ਉਸ ਦੀ ਮੌਤ ਬਾਰੇ ਪਤਾ ਚੱਲਦਾ ਹੈ ਜਦਕਿ ਸਹੁਰਾ ਪਰਿਵਾਰ ਚੋਰੀ-ਚੋਰੀ ਹੀ ਉਸਦਾ ਸਸਕਾਰ ਕਰਨ ਜਾ ਰਿਹਾ ਸੀ। ਮ੍ਰਿਤਕ ਦੀ ਮਾਂ ਨੇ ਕਿਹਾ ਕਿ ਇਸ ਸਾਰੇ ਮਾਮਲੇ ਦੀ ਜਾਂਚ ਕਰਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਮੌਕੇ ਨਾਭਾ ਕੋਤਵਾਲੀ ਪੁਲਸ ਦੇ ਅਧਿਕਾਰੀ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਸ਼ਿਕਾਇਤ ਮਿਲੀ ਸੀ ਕਿ ਅਲੌਹਰਾਂ ਗੇਟ ਵਿਖੇ ਲੜਕੀ ਪਰਮਜੀਤ ਕੌਰ ਦਾ ਸਹੁਰੇ ਪਰਿਵਾਰ ਵੱਲੋਂ ਧੱਕੇ ਨਾਲ ਰਾਤ ਸਮੇਂ ਸਸਕਾਰ ਕੀਤਾ ਜਾ ਰਿਹਾ ਹੈ। ਅਸੀਂ ਮੌਕੇ 'ਤੇ ਪਹੁੰਚੇ ਅਤੇ ਅੱਗ ਨੂੰ ਬੁਝਾ ਕੇ ਅੱਧ ਸੜੀ ਲਾਸ ਨੂੰ ਕਬਜੇ 'ਚ ਲੈ ਲਿਆ ਹੈ। ਪੁਲਸ ਵਲੋਂ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਲੜਕੀ ਦੇ ਮਾਪਿਆਂ ਦੇ ਬਿਆਨਾਂ ਦੇ ਆਧਾਰ 'ਤੇ ਸਹੁਰੇ ਪਰਿਵਾਰ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਡੀ.ਸੀ. ਨੇ ਕੀਤੀ ਸਮਾਰਟ ਸਿਟੀ ਪ੍ਰਾਜੈਕਟਾਂ ਦੀ ਸਮੀਖਿਆ, ਅਧਿਕਾਰੀਆਂ ਨੂੰ ਦਿੱਤੇ ਸਖਤ ਨਿਰਦੇਸ਼

ਜਲੰਧਰ 17 ਮਈ। ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨੇ ਵੀਰਵਾਰ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਸੁਰੂ ਕੀਤੇ ਗਏ ਵੱਖ-ਵੱਖ ਕੰਮਾਂ ਦੀ ਪ੍ਰਗਤੀ ਦਾ ਜਾਇਜਾ ਲਿਆ। ਮੀਟਿੰਗ ਵਿੱਚ ਨਗਰ ਨਿਗਮ ਕਮਿਸਨਰ ਰਿਸੀਪਾਲ ਸਿੰਘ ਅਤੇ ਜਲੰਧਰ ਸਮਾਰਟ ਸਿਟੀ ਲਿਮਟਿਡ ਦੇ ਨੁਮਾਇੰਦੇ ਵੀ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸਨਰ ਨੇ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ (ਆਈ.ਸੀ.ਸੀ.ਸੀ.), ਬਰਲਟਨ ਪਾਰਕ ਵਿਖੇ ਸਪੋਰਟਸ ਹੱਬ, ਸਰਕਾਰੀ ਇਮਾਰਤਾਂ ਦੀਆਂ ਛੱਤਾਂ, ਸੋਲਰ ਪੈਨਲ ਆਦਿ



ਸਮੇਤ ਵੱਖ-ਵੱਖ ਪ੍ਰਾਜੈਕਟਾਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਅਤੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਵਿਅਕਤੀਗਤ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਕਿਹਾ। ਸਾਰੰਗਲ ਨੇ ਕਿਹਾ ਕਿ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਚੱਲ ਰਹੇ ਸਾਰੇ ਕੰਮਾਂ ਦੀ ਪ੍ਰਗਤੀ ਦੀ ਉਨ੍ਹਾਂ ਵੱਲੋਂ ਖੁਦ ਨਿਗਰਾਨੀ ਕੀਤੀ ਜਾਵੇਗੀ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੋਈ ਕੁਤਾਹੀ ਪਾਈ ਗਈ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪ੍ਰਾਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਕੀਤਾ ਜਾਵੇਗਾ।

## ਦੁਨੀਆ 'ਚ 83 ਕਰੋੜ ਲੋਕ ਸੌਂ ਰਹੇ ਭੁੱਖੇ ਢਿੱਡ, 10 ਕਰੋੜ ਹੈਕਟੇਅਰ ਜਮੀਨ 'ਤੇ ਨਹੀਂ ਹੁੰਦੀ ਖੇਤੀ

ਨਵੀਂ ਦਿੱਲੀ 17 ਮਈ। ਗਲੋਬਲ ਪੱਧਰ 'ਤੇ ਕੀਤੇ ਗਏ ਖੇਤਾਂ ਨੂੰ ਲੈ ਕੇ ਕੀਤੇ ਗਏ ਅਧਿਐਨ 'ਚ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਸ਼ੋਧਕਰਤਾਵਾਂ ਨੇ ਦੱਸਿਆ ਕਿ ਪੂਰੀ ਦੁਨੀਆ 'ਚ 1992 ਤੋਂ 2020 ਵਿਚਾਲੇ ਕੁੱਲ 10 ਕਰੋੜ ਹੈਕਟੇਅਰ ਜਮੀਨ ਨੂੰ ਬਿਨਾਂ ਖੇਤੀ ਦੇ ਹੀ ਛੱਡ ਦਿੱਤਾ ਗਿਆ ਹੈ, ਜੋ ਆਕਾਰ ਵਿਚ 1992 ਦੀ ਖੇਤੀ ਯੋਗ ਜਮੀਨ ਦੀ 7 ਫੀਸਦੀ ਹੈ। ਜੇਕਰ ਇਸ ਜਮੀਨ 'ਤੇ ਖੇਤੀ ਕੀਤੀ ਜਾਂਦੀ ਹੈ ਤਾਂ ਕਰੋੜਾਂ ਲੋਕਾਂ ਨੂੰ ਭੁੱਖੇ ਢਿੱਡ ਨਾ ਸੌਂਣਾ ਪਵੇ। ਇਹ ਸ਼ੋਧ ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਦੇ ਸਹਿਯੋਗ ਨਾਲ ਕਈ ਦੇਸ਼ਾਂ ਦੇ ਸ਼ੋਧਕਰਤਾਵਾਂ ਨੇ ਕੀਤਾ ਹੈ। ਇਸ ਸ਼ੋਧ ਦੇ ਨਤੀਜੇ ਵੱਕਾਰੀ ਮੈਗਜੀਨ ਨੇਚਰ ਕਮਿਊਨੀਕੇਸਨ 'ਚ ਪ੍ਰਕਾਸਿ਼ਤ ਕੀਤਾ ਗਿਆ ਹੈ। ਸ਼ੋਧ ਮੁਤਾਬਕ ਕਈ ਵਾਰ ਮਿੱਟੀ ਵਿਚ ਪੌਸਟਿਕ ਤੱਤਾਂ ਦੀ ਕਮੀ ਹੋ ਜਾਂਦੀ ਹੈ ਅਤੇ ਅਜਿਹੀ ਜਮੀਨ ਨੂੰ ਮੁੜ ਉਪਜਾਊ ਬਣਾਉਣ ਲਈ ਇਸ ਨੂੰ ਖਾਲੀ ਹੀ ਛੱਡ ਦਿੱਤਾ ਜਾਂਦਾ ਹੈ ਪਰ ਇੱਥੇ ਸਥਿਤੀ ਵੱਖਰੀ ਹੈ। ਹਰ ਸਾਲ ਦੁਨੀਆ ਭਰ ਵਿਚ 36 ਲੱਖ ਹੈਕਟੇਅਰ ਜਮੀਨ ਖਾਲੀ ਛੱਡ ਦਿੱਤੀ ਜਾਂਦੀ ਹੈ। ਜੇਕਰ ਇਸ 'ਤੇ ਖੇਤੀ ਨਾ ਕੀਤੀ ਜਾਵੇ ਤਾਂ ਇਸ ਦੀ ਗੁਣਵੱਤਾ ਘਟਣ ਲੱਗਦੀ ਹੈ। ਅੰਕੜਿਆਂ ਮੁਤਾਬਕ 2021 'ਚ ਪੂਰੀ ਦੁਨੀਆ 'ਚ ਲਗਭਗ 82.8 ਕਰੋੜ ਲੋਕਾਂ ਲਈ ਉੱਚਿਤ ਭੋਜਨ ਦੀ ਵਿਵਸਥਾ ਨਹੀਂ ਹੈ। ਇਨ੍ਹਾਂ ਦਾ ਢਿੱਡ ਭਰਨ ਲਈ ਅਗਲੇ 30 ਸਾਲਾਂ ਵਿਚ 22.6 ਮਿਲੀਅਨ ਹੈਕਟੇਅਰ ਜਮੀਨ ਦੀ ਲੋੜ ਹੈ। ਅਜਿਹੀ ਸਥਿਤੀ ਵਿਚ ਵਾਤਾਵਰਣ ਅਤੇ ਜੈਵ ਵਿਭਿੰਨਤਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਖੇਤਰ ਵਿਚ ਵੱਧਦੀ ਹੋਇਆ ਉਤਸਰਜਨ ਵੀ ਵੱਡੀ ਸਮੱਸਿਆ ਪੈਦਾ ਕਰ ਰਹੀ ਹੈ। ਖੇਤੀ ਵਿਚ ਕੀਟਨਾਸਕਾਂ ਦੀ ਵੱਧ ਰਹੀ ਵਰਤੋਂ ਕਾਰਨ ਧਰਤੀ ਦਾ ਵਾਤਾਵਰਣ ਖਤਰੇ ਵਿਚ ਹੈ। ਇਨ੍ਹਾਂ ਸਥਿਤੀਆਂ ਦਾ ਅਧਿਐਨ ਕਰਨ ਤੋਂ ਬਾਅਦ ਖੋਜਕਰਤਾਵਾਂ ਨੇ ਵੇਖਿਆ ਕਿ ਜੇਕਰ ਇਸ 36 ਲੱਖ ਹੈਕਟੇਅਰ ਜਮੀਨ ਨੂੰ ਖੇਤੀ ਯੋਗ ਬਣਾਇਆ ਜਾਵੇ, ਤਾਂ ਇਹ ਜਲਵਾਯੂ ਤਬਦੀਲੀ ਅਤੇ ਭੋਜਨ ਦੀ ਕਮੀ ਦੇ ਦੋਹਰੇ ਵਿਸਵ ਸੰਕਟ ਨਾਲ ਨਜਿੱਠਣ ਵਿਚ ਮਦਦ ਕਰ ਸਕਦਾ ਹੈ। ਵਿਗਿਆਨੀਆਂ ਅਨੁਸਾਰ ਵਾਹੀਯੋਗ ਜਮੀਨ 'ਤੇ ਖੇਤੀ ਨਾ ਕਰਨ ਦੇ ਕਈ ਕਾਰਨ ਹਨ। ਜਮੀਨ ਦੀ ਗੁਣਵੱਤਾ ਵਿਚ ਨਿਘਾਰ, ਸਮਾਜਿਕ ਤਬਦੀਲੀ, ਆਫਤਾਂ, ਸੰਘਰਸ ਅਤੇ ਸਹਿਰੀਕਰਨ ਵਰਗੇ ਕਾਰਕ ਇਸ ਲਈ ਜਿ਼ੰਮੇਵਾਰ ਹਨ। ਹਾਲਾਂਕਿ ਖੋਜ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਛੱਡੀ ਗਈ ਫਸਲੀ ਜਮੀਨ 'ਚੋਂ, 6.1 ਹੈਕਟੇਅਰ ਨੂੰ ਖੇਤੀ ਲਈ ਮੁੜ ਵਰਤਿਆ ਜਾ ਸਕਦਾ ਹੈ, ਜੋ ਹਰ ਸਾਲ 47.6 ਕਰੋੜ ਲੋਕਾਂ ਦਾ ਢਿੱਡ ਭਰ ਸਕਦਾ ਹੈ।

## ਸ਼ੇਅਰ ਅਲਾਟਮੈਂਟ 'ਚ ਲੱਖਾਂ ਦੀ ਠੱਗੀ ਦੇ ਮਾਮਲੇ 'ਚ ਪੰਜਾਬ ਡਾਇਰਜ ਐਸੋਸੀਏਸ਼ਨ ਦੇ 2 ਡਾਇਰੈਕਟਰਜ 'ਤੇ ਹੋਈ

ਲੁਧਿਆਣਾ 17 ਮਈ। ਪੰਜਾਬ ਡਾਇਰਜ ਐਸੋਸੀਏਸ਼ਨ ਦੇ ਦੋ ਨਿਰਦੇਸ਼ਕਾਂ 'ਤੇ ਟਿੱਬਾ ਥਾਣਾ ਵਿਖੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਬੌਬੀ ਜਿੰਦਲ ਅਤੇ ਕਮਲ ਚੌਹਾਨ 'ਤੇ ਦਰਜ ਇਸ ਮਾਮਲੇ 'ਚ ਪਾਣੀ ਡਿਸਚਾਰਜ ਦੇ ਸ਼ੇਅਰ ਅਲਾਟਮੈਂਟ 'ਚ ਲੱਖਾਂ ਦੀ ਠੱਗੀ ਕਰਨ ਦਾ ਦੋਸ਼ ਲੱਗਾ ਹੈ। ਐਸੋਸੀਏਸ਼ਨ ਮੈਂਬਰ ਸੁਨੀਲ ਬਾਂਸਲ ਦੀ ਸ਼ਿਕਾਇਤ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ। ਉਧਰ ਪੰਜਾਬ ਡਾਇਰਜ ਐਸੋਸੀਏਸ਼ਨ ਦੇ ਅਧਿਕਾਰੀ ਡਾਇਰੈਕਟਰਾਂ ਦੇ ਪੱਖ 'ਚ ਹਨ ਅਤੇ ਉਹ ਪੁਲਸ ਕਮਿਸ਼ਨਰ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੀ ਮੰਗ ਕਰ




ਸਕਦੇ ਹਨ। ਆਪਣੀ ਸ਼ਿਕਾਇਤ 'ਚ ਸੁਨੀਲ ਬਾਂਸਲ ਨੇ ਦੱਸਿਆ ਕਿ ਉਸ ਦੀ ਮਹਾਵੀਰ ਜੈਨ ਕਲੋਨੀ ਵਿਖੇ ਕ੍ਰਿਸ਼ਨ ਪ੍ਰੋਸੈੱਸਰ ਨਾਂ ਦੀ ਡਾਈਂਗ ਹੈ। ਇਸ ਦੇ ਇਲਾਵਾ ਉਹ ਪੰਜਾਬ ਡਾਈਂਗ ਐਸੋਸੀਏਸ਼ਨ ਅਤੇ ਤਾਜਪੁਰ ਰੋਡ 'ਤੇ 50 ਪਲਾਂਟ ਦਾ ਵੀ ਮੈਂਬਰ ਹੈ। ਮੁਲਜਮ ਬੌਬੀ ਜਿੰਦਲ ਅਤੇ ਕਮਲ ਚੌਹਾਨ ਪੰਜਾਬ ਡਾਇਰਸ ਐਸੋਸੀਏਸ਼ਨ ਦੇ ਡਾਇਰੈਕਟਰ ਹਨ। ਸੁਨੀਲ ਦੇ ਮੁਤਾਬਕ ਉਸ ਨੇ ਪੰਜਾਬ ਡਾਇਰਜ ਐਸੋਸੀਏਸ਼ਨ 800 ਦੇ ਸ਼ੇਅਰ 80 ਲੱਖ ਰੁਪਏ ਦੇ ਕੇ ਖਰੀਦੇ। ਉਸ ਨੇ ਪੈਸੇ ਦੇਣ ਤੋਂ ਪਹਿਲਾਂ ਬੌਬੀ ਜਿੰਦਲ ਅਤੇ ਕਮਲ ਚੌਹਾਨ ਨੂੰ ਪੁੱਛਿਆ ਸੀ ਕਿ ਕੀ ਉਹ ਨਾਨ ਮੈਂਬਰ ਤੋਂ ਪੇਮੈਂਟ ਪਵਾ ਸਕਦਾ ਹੈ ਜਾਂ ਨਹੀਂ ਤਾਂ ਇਸ 'ਤੇ ਉਨ੍ਹਾਂ ਨੇ ਹਾਂ ਦਾ ਜਵਾਬ ਦਿੱਤਾ ਸੀ। ਜਿਸ ਤੋਂ ਬਾਅਦ ਉਸ ਨੇ ਆਪਣੀ ਫਰਮ ਤੋਂ 60 ਲੱਖ ਰੁਪਏ ਦੇ ਖਾਤੇ 'ਚ ਭੇਜੇ ਸਨ। ਉਸ ਨੇ ਇਕ ਵਪਾਰੀ ਤੋਂ ਪੈਸੇ ਲੈਣੇ ਸਨ, ਇਸ ਲਈ ਬਾਕੀ ਦੇ 20 ਲੱਖ ਰੁਪਏ ਉਸ ਨੇ ਵਪਾਰੀ ਨੂੰ ਕਹਿ ਕੇ ਦੇ ਖਾਤੇ 'ਚ ਪਵਾ ਦਿੱਤੇ ਸਨ। ਸੁਨੀਲ ਦਾ ਦੋਸ਼ ਹੈ ਕਿ ਉਸ ਨੂੰ 800 ਦੀ ਜਗ੍ਹਾ 696 ਸ਼ੇਅਰ ਹੀ ਦਿੱਤੇ ਗਏ ਤੇ ਫਿਰ ਉਨ੍ਹਾਂ 'ਚੋਂ ਵੀ ਘਟਾ ਕੇ 522 ਕਰ ਦਿੱਤੇ ਗਏ। ਜਦੋਂ ਉਸ ਨੇ ਇਸ ਬਾਰੇ ਡਾਇਰੈਕਟਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੁਨੀਲ ਦੀ ਫਰਮ ਵੱਲੋਂ ਦੇ ਖਾਤੇ 'ਚ ਸਿਰਫ 60 ਲੱਖ ਰੁਪਏ ਹੀ ਜਮ੍ਹਾ ਕਰਵਾਏ ਗਏ ਸਨ।

## ਜ਼ਿਲ੍ਹੇ 'ਚ 'ਸਵੀਪ' ਗਤੀਵਿਧੀਆਂ 'ਚ ਹੋਰ ਤੇਜ਼ੀ ਲਿਆਉਣ ਲਈ ਨੋਡਲ ਅਫਸਰਾਂ ਨੂੰ ਹਦਾਇਤ

ਪਟਿਆਲਾ 17 ਮਈ। ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਗਾਮੀ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਸਵੀਪ ਗਤੀਵਿਧੀਆਂ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫਸਰ ਜਗਜੀਤ ਸਿੰਘ ਨੇ ਦੱਸਿਆ ਕਿ ਨੌਜਵਾਨ ਵੋਟਰਾਂ ਦੀਆਂ ਵੋਟਾਂ ਬਣਾਉਣ ਲਈ ਜ਼ਿਲ੍ਹੇ 'ਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਯੋਗਤਾ ਮਿਤੀ 01.01.2024 ਦੇ ਆਧਾਰ 'ਤੇ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਹਰੇਕ ਨੌਜਵਾਨ ਦੀ ਵੋਟ ਬਣਾਈ ਜਾ ਰਹੀ ਹੈ ਤਾਂ ਜੋ ਕੋਈ ਵੀ ਨੌਜਵਾਨ ਵੋਟ ਪਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਅਧੀਨ ਆਉਂਦੀ ਹਰ ਯੂਨੀਵਰਸਿਟੀ, ਕਾਲਜ, ਸੀਨੀਅਰ ਸੈਕੰਡਰੀ ਸਕੂਲ 'ਚ ਇਕ ਸਪੈਸ਼ਲ ਵੋਟਰ ਰਜਿਸਟ੍ਰੇਸ਼ਨ ਹੈਲਪ ਡੈਸਕ ਬਣਾਇਆ ਜਾਵੇ, ਜਿਸ 'ਚ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨ ਆਪਣੀ ਵੋਟ ਬਣਵਾ ਸਕਣ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ-ਵੱਖ ਸਵੀਪ ਗਤੀਵਿਧੀਆਂ ਜਿਵੇਂ ਕਿ ਕੁਇੱਜ, ਰੰਗੋਲੀ ਪ੍ਰਤੀਯੋਗਤਾ, ਭਾਸ਼ਣ ਮੁਕਾਬਲੇ, ਨਾਟਕ ਕਰਵਾਏ ਜਾਣ। ਉਨ੍ਹਾਂ ਇਹ ਵੀ ਦੱਸਿਆ ਕਿ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਯੋਗਤਾ ਮਿਤੀ 01-01-2024 ਦੌਰਾਨ ਵੱਖ-ਵੱਖ ਗਰੁੱਪਾਂ ਦੀ ਪਛਾਣ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਵੋਟਰ ਸੂਚੀ 'ਚ ਸ਼ਾਮਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ। ਇਸ ਮੀਟਿੰਗ 'ਚ ਵਧੀਕ ਜ਼ਿਲਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ, ਚੋਣ ਤਹਿਸੀਲਦਾਰ, ਜ਼ਿਲਾ ਸਵੀਪ ਨੋਡਲ ਅਫਸਰ-ਕਮ-ਜ਼ਿਲਾ ਸਿੱਖਿਆ ਅਫਸਰ (ਸੈਕੰਡਰੀ), ਪ੍ਰੋ. ਸਵਿੰਦਰ ਰੇਖੀ, ਮਹਿੰਦਰਾ ਕਾਲਜ, ਪਟਿਆਲਾ (ਸਹਾਇਕ ਜ਼ਿਲਾ ਸਵੀਪ ਨੋਡਲ ਅਫਸਰ, ਪਟਿਆਲਾ) ਅਤੇ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ, ਪਟਿਆਲਾ ਦੇ ਨੁਮਾਇੰਦੇ ਅਤੇ ਸਮੂਹ ਹਲਕਿਆਂ ਦੇ ਨੋਡਲ ਅਫਸਰ ਸ਼ਾਮਲ ਹੋਏ।

## ਤਾਪਮਾਨ ਵੱਧਣ ਕਾਰਨ ਗਰਮੀ ਦਾ ਪ੍ਰਕੋਪ ਵਧਿਆ, ਦਿਨ ਦਾ ਤਾਪਮਾਨ 43 ਤੋਂ ਪਾਰ

ਮੰਡੀ ਅਰਨੀਵਾਲਾ 17 ਮਈ। ਤਾਪਮਾਨ ਦੇ ਵੱਧਣ ਕਾਰਨ ਗਰਮੀ ਦਾ ਪ੍ਰਕੋਪ ਦਿਨੋਂ ਦਿਨ ਵੱਧਣ ਲੱਗਿਆ ਹੈ। ਬੀਤੇ ਦੋ ਦਿਨਾਂ ਤੋਂ ਇਨ੍ਹਾਂ ਇਲਾਕਿਆਂ 'ਚ ਦਿਨ ਦਾ ਤਾਪਮਾਨ 44 ਡਿਗਰੀ ਸੈਲਸੀਅਸ ਦੇ ਕਰੀਬ ਚਲਿਆ ਜਾਂਦਾ ਹੈ। ਜਿਹੜਾ ਕਿ ਪਿਛਲੀਆਂ ਗਰਮੀਆਂ ਦੇ ਮੁਕਾਬਲੇ ਥੋੜਾ ਜਿ਼ਆਦਾ ਹੈ। ਗਰਮੀ ਵੱਧਣ ਕਾਰਨ ਲੋਕ ਹੁਣ ਦੁਪਹਿਰਾਂ ਨੂੰ ਆਪਣੇ ਘਰਾਂ 'ਚ ਵੜ੍ਹ ਜਾਂਦੇ ਹਨ ਜਿਸ ਕਾਰਨ ਬਾਜਾਰ ਹੁਣ ਸੁੰਨੇ ਹੋਏ ਦਿਖਾਈ ਦੇ ਰਹੇ ਹਨ, ਜਿਸ ਕਾਰਨ ਕਈ ਲੋਕਾਂ ਦੇ ਕੰਮ ਕਾਜ 'ਤੇ ਗਰਮੀ ਦਾ ਕਾਫੀ ਅਸਰ ਹੋਣ ਲੱਗਿਆ ਹੈ। ਜੇਕਰ ਆਉਣ ਵਾਲੇ ਦਿਨਾਂ 'ਚ ਤੱਤੀਆਂ ਲੋਆਂ ਇਸੇ ਤਰ੍ਹਾਂ ਹੀ ਚੱਲਦੀਆਂ ਰਹੀਆਂ ਤਾਂ ਇਸ ਨਾਲ ਨਰਮੇ ਦੀ ਫ਼ਸਲ ਨੂੰ ਵੀ ਨੁਕਸਾਨ ਹੋ ਸਕਦਾ ਹੈ। ਇਹ ਇਲਾਕਾ ਨਰਮਾ ਬੈਲਟ ਹੋਣ ਕਾਰਨ ਇਥੋਂ ਦੇ ਕਿਸਾਨਾਂ ਵੱਲੋਂ ਨਰਮੇ ਦੀ ਫ਼ਸਲ ਨੂੰ ਬੇਸ਼ੱਕ ਤਰਜੀਹ ਦਿੱਤੀ ਜਾ ਰਹੀ ਹੈ ਪਰ ਖੇਤੀਬਾੜੀ ਵਿਭਾਗ ਨੇ ਨਰਮੇ ਦੀ ਬਿਜਾਈ ਠੰਢੇ ਮੌਸਮ ਭਾਵ 17 ਮਈ ਤੱਕ ਕਰਨ ਦੀ ਸਲਾਹ ਦਿੱਤੀ ਹੈ, ਕਿਉਂਕਿ ਨਰਮੇ ਦੀ ਫ਼ਸਲ ਦੇ ਪੁੰਗਰਨ ਲਈ ਠੰਢੇ ਅਤੇ ਸਿੱਲੇ ਮੌਸਮ ਦੀ ਅਤਿ ਜਰੂਰਤ ਹੁੰਦੀ ਹੈ ਪਰ ਜੇਕਰ ਨਰਮੇ ਦੀ ਫ਼ਸਲ ਗਰਮੀ ਦੇ ਦਿਨਾਂ ਦੌਰਾਨ



ਬਿਜਾਈ ਕੀਤੀ ਗਈ ਤਾਂ ਕਿੱਧਰੇ ਨਾ ਕਿੱਧਰੇ ਫਿਰ ਤੋਂ ਨਰਮੇ ਦੀ ਫ਼ਸਲ ਨੂੰ ਗਰਮੀ ਨੁਕਸਾਨ ਕਰੇਗੀ। ਉਧਰ ਗਰਮੀ ਦੇ ਵੱਧਣ ਕਾਰਨ ਦੂਰ-ਦੁਰਾਡੇ ਦੇ ਸਕੂਲਾਂ 'ਚ ਤੁਰ ਕੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਗਰਮੀ ਦੇ ਵੱਧਣ ਕਾਰਨ ਪਾਣੀ ਆਦਿ ਦੀ ਦਿੱਕਤ ਵੀ ਆਉਣ ਲੱਗੀ ਹੈ, ਕਿਉਂਕਿ ਗਰਮੀ ਦੇ ਵੱਧਣ ਕਾਰਨ ਹੁਣ ਪਾਣੀ ਦੀ ਲਾਗਤ ਵੀ ਵੱਧ ਗਈ ਹੈ। ਗਰਮੀ ਦੇ ਵੱਧਣ ਕਾਰਨ ਬਾਜਾਰਾਂ 'ਚ ਲੋਕਾਂ ਨੂੰ ਠੰਢੀਆਂ ਵਸਤਾਂ ਦੇ ਨਾਂ 'ਤੇ ਨਕਲੀ ਅਤੇ ਘਟੀਆ ਕਿਸਮ ਦਾ ਪੀਣ ਵਾਲਾ ਸਾਮਾਨ ਬਣਾਉਣ ਵਾਲੇ ਵੀ ਤੱਤਪਰ ਦਿਖਾਈ ਦੇ ਰਹੇ ਹਨ। ਉਨ੍ਹਾਂ ਵਲੋਂ ਬਾਜਾਰਾਂ 'ਚ ਵੀ ਬਿਨਾਂ ਕਿਸੇ ਸੁਰੱਖਿਆ ਦੇ ਇਨ੍ਹਾਂ ਨੂੰ ਧੜਾਧੜ ਪਰੋਸਿਆ ਵੀ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਦੀ ਸਿਹਤ ਨਾਲ ਸਿੱਧਾ ਖਿਲਵਾੜ ਹੋਵੇਗਾ।

## ਦਿਨ-ਦਿਹਾੜੇ ਅਧਿਆਪਕਾ ਨਾਲ ਝਪਟਮਾਰਾਂ ਨੇ ਕੀਤੀ ਲੁੱਟ

ਮੁੱਲਾਂਪੁਰ ਦਾਖਾ 17 ਮਈ। ਬੀਤੇ ਦਿਨੀਂ ਅਧਿਆਪਕ ਪਰਵਿੰਦਰ ਕੌਰ ਸਕੂਲ ਈਸੇਵਾਲ ਤੋਂ ਬੱਚਿਆਂ ਨੂੰ ਪੜ੍ਹਾ ਕੇ ਆਪਣੇ ਪਿੰਡ ਫਾਗਲਾ ਵਿਖੇ ਜਾ ਰਹੀ ਸੀ ਤਾਂ ਰਸਤੇ ਵਿਚ ਲੁੱਟ ਖੋਹ ਕਰਨ ਵਾਲੇ ਝਪਟਮਾਰਾਂ ਨੇ ਉਨ੍ਹਾਂ ਦੀ ਐਕਟਿਵਾ ਵਿਚ ਆਪਣਾ ਮੋਟਰਸਾਈਕਲ ਮਾਰ ਕੇ ਉਸ ਨੂੰ ਸੁੱਟ ਦਿੱਤਾ ਜਿਸ ਕਾਰਨ ਉਸ ਦੇ ਸੱਟਾਂ ਲੱਗੀਆਂ ਅਤੇ ਝਪਟਮਾਰ ਉਸ ਦੀ ਸੋਨੇ ਦੀ ਮੁੰਦਰੀ ਅਤੇ ਫੋਨ ਆਦਿ ਖੋਹ ਕੇ ਫਰਾਰ ਹੋ ਗਏ। ਝਪਟਮਾਰਾਂ ਦੀ ਕਰਤੂਤ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਝਪਟਮਾਰਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਪੁਲਸ ਨੂੰ ਟਿੱਚ ਸਮਝਦੇ ਹੋਏ ਉਹ ਚਿੱਟੇ ਦਿਨ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਜਦ ਕਿ ਆਮ ਲੋਕਾਂ ਦਾ ਘਰਾਂ ਵਿਚੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋਇਆ ਪਿਆ ਹੈ। ਫਿਰ ਵੀ ਪੁਲਸ ਪ੍ਰਸਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਪੁਲਸ ਥਾਣਿਆਂ ਵਿਚ ਫਰਿਆਦੀਆਂ ਦੀ ਸੁਣਵਾਈ ਨਾ ਹੋਣ ਕਾਰਨ ਝਪਟਮਾਰਾਂ ਦੇ ਪੀੜਤ ਸੰਬੰਧਤ ਥਾਣਿਆਂ ਵਿੱਚਦਰਖਾਸਤ ਦੇਣ ਤੋਂ ਵੀ ਕੰਨੀ ਕੁਤਰਾਉਣ ਵਿਚ ਆਪਣੀ ਭਲਾਈ ਸਮਝਣ ਲੱਗ ਪਏ ਹਨ।

## ਆਬਕਾਰੀ/ਪੁਲਸ ਦੀ ਛਾਪੇਮਾਰੀ 'ਚ ਮਾਸਟਰਮਾਈਂਡ 'ਕਾਲੀ' ਗ੍ਰਿਫਤਾਰ, ਸਰਾਬ ਤੇ ਹੋਰ ਸਮੱਗਰੀ ਬਰਾਮਦ

ਅੰਮ੍ਰਿਤਸਰ 17 ਮਈ। ਜਿ਼ਲ੍ਹਾ ਆਬਕਾਰੀ ਵਿਭਾਗ ਵਲੋਂ ਨਾਜਾਇਜ ਸਰਾਬ ਦੇ ਕਾਰੋਬਾਰੀਆਂ ਖਿ਼ਲਾਫ ਸਖਤ ਕਾਰਵਾਈ ਕਰਦੇ ਹੋਏ ਵੱਡੀ ਮਾਤਰਾ ਵਿਚ ਸ਼ਰਾਬ ਬਰਾਮਦ ਕੀਤੀ ਹੈ। ਇਸ ਬਰਾਮਦਗੀ ਵਿਚ 1300 ਲਿਟਰ ਨਾਜਾਇਜ ਸਰਾਬ, 5 ਪਲਾਸਟਿਕ ਦੇ ਡਰੰਮ, ਦੋ ਲੋਹੇ ਦੇ ਡਰੰਮ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਆਬਕਾਰੀ ਵਿਭਾਗ ਤੇ ਪੁਲਸ ਨੇ ਸਾਂਝੀ ਕਾਰਵਾਈ ਵਿਚ ਸਰਾਬ ਬਣਾਉਣ ਵਾਲੇ ਮਾਸਟਰਮਾਈਂਡ 'ਕਾਲੀ' ਨੂੰ ਗ੍ਰਿਫਤਾਰ ਕੀਤਾ ਹੈ ਜਦਕਿ ਉਸ ਦਾ ਸਾਥੀ ਅਕਸਦੀਪ ਸਿੰਘ ਫਰਾਰ ਹੋਣ ਵਿਚ ਕਾਮਯਾਬ ਰਿਹਾ। ਜਾਣਕਾਰੀ ਅਨੁਸਾਰ ਆਬਕਾਰੀ ਵਿਭਾਗ ਦੇ ਸਹਾਇਕ ਕਮਿਸਨਰ ਸੁਖਵਿੰਦਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਖਾਸਾ ਚੌਕੀ ਅਧੀਨ ਆਉਂਦੇ ਇਲਾਕਿਆਂ ਵਿਚ ਕੁਝ ਲੋਕ ਨਾਜਾਇਜ ਤੌਰ 'ਤੇ ਸਰਾਬ ਬਣਾਉਣ ਦਾ ਕੰਮ ਕਰਦੇ ਹਨ। ਸਾਮਾਨ ਬਣਾ ਕੇ ਇਹ ਲੋਕ ਸਹਿਰੀ ਖੇਤਰਾਂ ਵਿਚ ਵੇਚ ਰਹੇ ਹਨ। ਇਸ



ਕਾਰਨ ਸਰਕਾਰ ਵਲੋਂ ਖੋਲੇ ਗਏ ਠੇਕਿਆਂ ਦੀ ਸੇਲ ਵੀ ਖਰਾਬ ਹੁੰਦੀ ਹੈ ਤੇ ਇਹ ਸਮੱਗਰੀ ਸਿਹਤ ਲਈ ਵੀ ਹਾਨੀਕਾਰਕ ਹੈ। ਸਹਾਇਕ ਕਮਿਸ਼ਨਰ ਨੂੰ ਮਿਲੀ ਸੂਚਨਾ 'ਤੇ ਜਾਰੀ ਨਿਰਦੇਸ਼ ਅਨੁਸਾਰ ਕਾਰਵਾਈ ਕਰਦੇ ਹੋਏ ਜਿ਼ਲ੍ਹਾ ਆਬਕਾਰੀ ਅਫਸਰ ਅੰਮ੍ਰਿਤਸਰ-3 ਇੰਦਰਵੀਰ ਸਿੰਘ ਵਲੋਂ ਇੰਸਪੈਕਟਰ ਮਨਜੀਤ ਸਿੰਘ ਢੀਂਡਸਾ ਨੂੰ ਛਾਪੇਮਾਰੀ ਕਰਨ ਲਈ ਕਿਹਾ। ਇੱਥੋਂ ਤੱਕ ਅਰਸ਼ਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਕਾਲੀ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਘਰੋਂ ਉਕਤ ਸਾਮਾਨ ਬਰਾਮਦ ਹੋਇਆ। ਥਾਣਾ ਘਰਿੰਡਾ ਵਿਚ ਅਰਸ਼ਦੀਪ ਸਿੰਘ ਅਤੇ ਕਾਲੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

## ਸੜਕ 'ਤੇ ਅਚਾਨਕ ਪਸ਼ੂ ਆਉਣ ਕਾਰਨ ਵਾਪਰਿਆ ਹਾਦਸਾ, ਮੋਟਰਸਾਈਕਲ ਸਵਾਰ ਦੀ ਮੌਤ


ਅਬੋਹਰ 17 ਮਈ। ਬੀਤੀ ਰਾਤ ਗੁੰਮਜਾਲ ਤੋਂ ਪੰਨੀਵਾਲਾ ਰੋਡ 'ਤੇ ਸੜਕ 'ਤੇ ਅਚਾਨਕ ਪਸ਼ੂ ਆਉਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ, ਜਦਕਿ ਉਸ ਦੇ ਨਾਲ ਮੌਜੂਦ ਇਕ ਬੱਚਾ ਵਾਲ-ਵਾਲ ਬਚ ਗਿਆ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਉਹਨਾਂ ਨੇ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਹਸਪਤਾਲ ਦੀ ਮੋਰਚਰੀ 'ਚ




ਰਖਵਾ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਕੁਮਾਰ ਪੁੱਤਰ ਜਗਦੀਸ਼ ਕੁਮਾਰ ਉਮਰ ਕਰੀਬ 44 ਸਾਲ ਵਾਸੀ ਗੁੰਮਜਾਲ ਬੀਤੀ ਰਾਤ 14 ਸਾਲਾ ਰੋਹਿਤ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁੰਮਜਾਲ ਤੋਂ ਪੰਨੀਵਾਲਾ ਰੋਡ 'ਤੇ ਇਕ ਢਾਣੀ ਵਿਚ ਉਗਰਾਹੀ ਲੈ ਜਾ ਰਹੇ ਸੀ। ਅਚਾਨਕ ਸੜਕ 'ਤੇ ਪਸ਼ੂ ਆਉਣ ਕਾਰਨ ਉਸ ਵਿਚ ਟਕਰਾ ਗਏ, ਜਿਸ ਨਾਲ ਰਾਜਕੁਮਾਰ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਰੋਹਿਤ ਵਾਲ-ਵਾਲ ਬਚ ਗਿਆ। ਰੋਹਿਤ ਨੇ ਹੀ ਇਸ ਹਾਦਸੇ ਦੀ ਜਾਣਕਾਰੀ ਆਪਣੇ ਪਰਿਵਾਰ ਨੂੰ ਦਿੱਤੀ। ਦੂਜੇ ਪਾਸੇ ਇਸ ਸਬੰਧੀ ਸੂਚਨਾ ਮਿਲਦੇ ਹੀ ਐੱਸ.ਐੱਸ.ਐੱਫ. ਦੇ ਸਹਾਇਕ ਸਬ ਇੰਸਪੈਕਟਰ ਗੌਤਮ ਰਿਸ਼ੀ, ਸੀਟੀ ਪ੍ਰਵੀਨ ਕੁਮਾਰ ਅਤੇ ਰਕਸ਼ਿਤ ਜਾਂਦੂ ਮੌਕੇ 'ਤੇ ਪੁੱਜੇ। ਜਦੋਂ ਪਰਿਵਾਰਕ ਮੈਂਬਰਾਂ ਨੇ ਮੌਕੇ 'ਤੇ ਪਹੁੰਚ ਕੇ ਪੋਸਟਮਾਰਟਮ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਐੱਸ.ਐੱਸ.ਐੱਫ. ਟੀਮ ਨੇ ਥਾਣਾ ਖੂਈਆਂ ਸਰਵਰ ਨੂੰ ਸੂਚਨਾ ਦਿੱਤੀ।

## ਅਣਰਿਜਰਵਡ ਟਿਕਟਾਂ ਲੈ ਕੇ ਸਫਰ ਕਰਨ ਵਾਲਿਆਂ ਲ਼ਈ ਰਾਹਤ ਭਰੀ ਖਬਰ, ਹੁਣ ਨਹੀਂ ਹੋਵੇਗੀ ਦਿੱਕਤ

ਚੰਡੀਗੜ੍ਹ 17 ਮਈ। ਅਣਰਿਜ਼ਰਵਡ ਟਿਕਟਾਂ ਲੈ ਕੇ ਸਫਰ ਕਰਨ ਵਾਲੇ ਯਾਤਰੀਆਂ ਲਈ ਰਾਹਤ ਦੀ ਖ਼ਬਰ ਹੈ। ਹੁਣ ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਅਣਰਿਜ਼ਰਵਡ ਟਿਕਟਾਂ ਲਈ ਨਾ ਲਾਈਨਾਂ 'ਚ ਲੱਗੇ ਰਹਿਣ ਦੀ ਲੋੜ ਰਹੀ ਹੈ ਤੇ ਨਾ ਹੀ ਟਿਕਟ ਲੈਣ ਲਈ ਖੁੱਲ੍ਹੇ ਪੈਸਿਆਂ ਦੀ ਸਮੱਸਿਆ ਰਹੇਗੀ। ਹੁਣ ਅਣਰਿਜ਼ਰਵਡ ਟਿਕਟ ਯੂ. ਟੀ. ਐੱਸ.ਮੋਬਾਇਲ ਐਪ ਰਾਹੀਂ ਵੀ ਲਈ ਜਾ ਸਕਦੀ ਹੈ। ਇੰਨਾ ਹੀ ਨਹੀਂ, ਜੇ ਤੁਸੀਂ ਲਾਈਨ 'ਚ ਖੜ੍ਹੇ ਹੋ ਕੇ ਟਿਕਟ ਕਾਊਂਟਰ ਤੋਂ ਟਿਕਟ ਲੈ ਰਹੇ ਹੋ ਤਾਂ ਅਜਿਹੇ ਯਾਤਰੀ ਵੀ ਕਿਊ. ਆਰ. ਕੋਡ ਰਾਹੀਂ ਆਨਲਾਈਨ ਅਦਾਇਗੀ ਕਰ ਕੇ ਟਿਕਟ ਖ਼ਰੀਦ ਸਕਦੇ ਹਨ। ਇਸ ਸਹੂਲਤ ਦੀ ਮਦਦ ਨਾਲ ਤੁਸੀਂ ਮਹੀਨਾਵਾਰ, ਸੀਜਨਲ ਟਿਕਟਾਂ ਤੇ ਤਿਮਾਹੀ ਸੀਜਨ ਟਿਕਟਾਂ ਵੀ ਬੁੱਕ ਕਰ ਸਕਦੇ ਹੋ। ਰੇਲਵੇ ਨੇ ਆਨਲਾਈਨ ਅਦਾਇਗੀ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਸਪੈਸ਼ਲ ਕਾਊਂਟਰ ਵੀ ਖੋਲ੍ਹ ਦਿੱਤਾ ਹੈ। ਰੇਲਵੇ ਸਟੇਸ਼ਨ ਆਉਣ ਵਾਲੇ ਯਾਤਰੀਆਂ ਨੂੰ ਕੁਝ ਮੁਲਾਜ਼ਮ ਇਸ ਬਾਰੇ ਜਾਣਕਾਰੀ ਵੀ ਦੇ ਰਹੇ ਹਨ। ਇਹ ਸਹੂਲਤ ਸ਼ੁਰੂ ਹੋਣ ਤੋਂ ਬਾਅਦ ਅਣਰਿਜ਼ਰਵਡ ਟਿਕਟ ਆਨਲਾਈਨ ਅਦਾਇਗੀ ਰਾਹੀਂ ਲੈਣ ਵਾਲਿਆਂ ਦੀ ਗਿਣਤੀ ਚੰਡੀਗੜ੍ਹ 'ਚ 15 ਤੋਂ 20 ਫੀਸਦੀ ਤੱਕ ਪਹੁੰਚ ਗਈ ਸੀ ਪਰ ਪਿਛਲੇ ਕੁੱਝ ਦਿਨਾਂ ਤੋਂ ਪੈਸੰਜਰ ਰੇਲਾਂ ਬੰਦ ਹੋਣ ਕਾਰਨ ਹੁਣ ਆਨਲਾਈਨ ਟਿਕਟ ਲੈਣ 'ਚ ਗਿਰਾਵਟ ਆ ਰਹੀ ਹੈ। ਅਣਰਿਜ਼ਰਵਡ ਟਿਕਟ ਨਾਲ ਸਫਰ ਕਰਨ ਵਾਲੇ ਯਾਤਰੀਆਂ ਨੂੰ ਹੁਣ ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਟਿਕਟ ਲੈਣ ਲਈ ਲੰਬੀਆਂ ਲਾਈਨਾਂ ਵਿਚ ਲੱਗਣ ਦੀ ਜ਼ਰੂਰਤ ਨਹੀਂ ਹੋਵੇਗੀ। ਯਾਤਰੀ ਰੇਲਵੇ ਸਟੇਸ਼ਨ ਦੇ 5 ਕਿਲੋਮੀਟਰ ਦੇ ਦਾਇਰੇ ਤੋਂ 24 ਘੰਟੇ ਪਹਿਲਾਂ ਅਣਰਿਜ਼ਰਵਡ ਟਿਕਟਾਂ ਲੈ ਸਕਦੇ ਹਨ। ਹੁਣ ਰੇਲਵੇ ਸਟੇਸ਼ਨ 'ਤੇ ਟਿਕਟ ਲੈਣ ਲਈ ਲਾਈਨਾਂ 'ਚ ਖੜ੍ਹੇ ਹੋ ਕੇ ਖੁੱਲ੍ਹੇ




ਪੈਸਿਆਂ ਦੀ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਇਸ ਸਬੰਧੀ ਰੇਲਵੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਣਰਿਜ਼ਰਵਡ ਟਿਕਟ ਯਾਤਰੀ 24 ਘੰਟੇ ਪਹਿਲਾਂ ਲੈ ਸਕਦੇ ਹਨ। ਇਸ ਸਹੂਲਤ ਰਾਹੀਂ ਟਿਕਟ ਲੈਣ ਲਈ ਯਾਤਰੀ ਨੂੰ ਸਟੇਸਨ ਤੋਂ 5 ਕਿਲੋਮੀਟਰ ਦੇ ਦਾਇਰੇ 'ਚ ਆ ਕੇ ਟਿਕਟ ਲੈਣੀ ਹੋਵੇਗੀ। ਰੇਲਵੇ ਸਟੇਸਨ 'ਤੇ ਆ ਕੇ ਰਿਜਰਵਡ ਟਿਕਟਾਂ ਨਹੀਂ ਮਿਲਣਗੀਆਂ। ਪਹਿਲਾਂ ਯਾਤਰੀ ਬੁਕਿੰਗ ਕਲਰਕ 'ਤੇ ਆਪਣੇ 10 ਜਾਂ 5 ਰੁਪਏ ਨਾ ਦੇਣ ਦਾ ਦੋਸ ਲਾਉਂਦੇ ਸਨ ਪਰ ਆਨਲਾਈਨ ਬੁਕਿੰਗ 'ਚ ਉਹ ਕਿਊ. ਆਰ. ਕੋਡ ਰਾਹੀਂ ਪੂਰੀ ਅਦਾਇਗੀ ਕਰ ਸਕਦੇ ਹਨ। ਆਨਲਾਈਨ ਅਦਾਇਗੀ ਨੂੰ ਉਤਸਾਹਿਤ ਕਰਨ ਲਈ ਅੰਬਾਲਾ ਡਵੀਜਨ ਨੇ ਚੰਡੀਗੜ੍ਹ ਵੱਲ ਇਕ ਕਾਊਂਟਰ 'ਤੇ ਕਿਊ.ਆਰ. ਕੋਡ ਤਹਿਤ ਟਿਕਟਾਂ ਜਾਰੀ ਕਰਨ ਦੀ ਪ੍ਰਕਿਰਿਆ ਸੁਰੂ ਕਰ ਦਿੱਤੀ ਹੈ। ਚੰਡੀਗੜ੍ਹ ਰੇਲਵੇ ਸਟੇਸਨ 'ਤੇ ਅਣ-ਰਿਜਰਵ ਟਿਕਟਾਂ ਲਈ 8 ਟਿਕਟ ਕਾਊਂਟਰ ਬਣਾਏ ਗਏ ਹਨ। ਇੱਥੇ ਸਿਰਫ ਆਨਲਾਈਨ ਅਦਾਇਗੀ ਲਈ ਟਿਕਟ ਕਾਊਂਟਰ ਖੋਲ੍ਹਿਆ ਗਿਆ ਹੈ। ਯੂ. ਟੀ. ਐੱਸ. ਐਪ ਤਹਿਤ ਯਾਤਰੀ ਕਈ ਤਰ੍ਹਾਂ ਦੀਆਂ ਟਿਕਟਾਂ ਲੈ ਸਕਦੇ ਹਨ। ਯਾਤਰੀ ਇਸ ਐਪ ਰਾਹੀਂ ਪਲੇਟਫਾਰਮ ਟਿਕਟ ਵੀ ਲੈ ਸਕਦੇ ਹਨ। ਯਾਤਰੀ ਮਹੀਨਾਵਾਰ, ਸੀਜਨਲ ਟਿਕਟਾਂ, ਤਿਮਾਹੀ ਟਿਕਟਾਂ ਵਰਗੀਆਂ ਅਣਰਿਜਰਵਡ ਟਿਕਟਾਂ ਵੀ ਲੈ ਸਕਦੇ ਹਨ। ਇਸ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੰਮਕਾਜੀ ਯਾਤਰੀ ਅਣ-ਰਿਜਰਵ ਟਿਕਟਾਂ ਤੇ ਮਹੀਨਾਵਾਰ, ਸੀਜਨਲ ਟਿਕਟਾਂ ਲਈ ਘੰਟਿਆਂਬੱਧੀ ਲਾਈਨਾਂ 'ਚ ਖੜ੍ਹੇ ਰਹਿੰਦੇ ਸਨ। ਇਸ ਸਹੂਲਤ ਤੋਂ ਬਾਅਦ ਹੁਣ ਅਜਿਹੇ ਯਾਤਰੀਆਂ ਨੂੰ ਕਤਾਰ "ਚ ਖੜ੍ਹੇ ਹੋਣ ਦੀ ਜਰੂਰਤ ਨਹੀਂ ਹੈ ਤੇ ਉਹ ਮੋਬਾਇਲ ਤੋਂ ਹੀ ਟਿਕਟ ਲੈ ਕੇ ਯਾਤਰਾ ਸੁਰੂ ਕਰ ਸਕਦੇ ਹਨ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689
011-23315814
Mob. : 9971359517
9312262300
E-mail address:
qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਅਸ਼ਲੀਲ ਵੀਡੀਓ ਬਣਾ ਕੇ ਰੋਲੀ ਕੁੜੀ ਦੀ ਪੱਤ ! ਨੌਜਵਾਨ ਦੀ ਮਾਂ ਤੇ ਭੂਆ ਖਿਲਾਫ ਵੀ ਦਰਜ ਹੋਇਆ ਮਾਮਲਾ

ਬਟਾਲਾ 17 ਮਈ। ਅਸ਼ਲੀਲ ਵੀਡੀਓ ਵਾਇਰਲ ਕਰਨ ਦਾ ਡਰਾਵਾ ਦੇ ਕੇ ਲੜਕੀ ਨਾਲ ਜਬਰ-ਜ਼ਿਨਾਹ ਕਰਨ ਵਾਲੇ ਨੌਜਵਾਨ ਸਮੇਤ 3 ਜਣਿਆਂ ਵਿਰੁੱਧ ਥਾਣਾ ਸਿਵਲ ਲਾਈਨ ਦੀ ਪੁਲਸ ਵਲੋਂ ਕੇਸ ਦਰਜ ਕਰਨ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ 26 ਸਾਲਾ ਪੀੜਤਾ ਨੇ ਲਿਖਵਾਇਆ ਹੈ ਕਿ ਉਸ ਦੇ ਘਰ ਦੇ ਨੇੜੇ ਰੈਡੀਮੇਡ ਕੱਪੜਿਆਂ ਦੀ ਦੁਕਾਨ 'ਤੇ ਨੌਜਵਾਨ ਸਾਵਣ ਸ਼ਰਮਾ ਵਾਸੀ ਸ਼੍ਰੀ ਹਰਗੋਬਿੰਦਪੁਰ ਨੌਕਰੀ ਕਰਦਾ ਸੀ, ਜਿਸ ਨਾਲ ਉਸ ਦੀ ਜਾਣ-ਪਛਾਣ ਹੋ ਗਈ ਅਤੇ ਸਾਲ 2017 ਵਿਚ ਉਕਤ ਨੌਜਵਾਨ ਨੇ ਉਸ ਨੂੰ ਆਪਣੀਆਂ ਗੱਲਾਂ ਵਿਚ ਲੈ ਕੇ ਵਰਗਲਾ ਲਿਆ ਅਤੇ ਪ੍ਰੇਮ ਜਾਲ ਵਿਚ ਫਸਾ ਕੇ ਕਹਿਣ ਲੱਗਾ ਹੈ ਕਿ ਮੈਂ ਤੇਰੇ ਨਾਲ ਵਿਆਹ ਕਰਵਾਵਾਂਗਾ। ਉਕਤ ਪੀੜਤਾ ਨੇ ਪੁਲਸ ਨੂੰ ਆਪਣੇ ਬਿਆਨ ਵਿਚ ਅੱਗੇ ਲਿਖਵਾਇਆ ਕਿ ਇਸ ਦੇ ਬਾਅਦ ਉਕਤ ਨੌਜਵਾਨ ਕਦੇ ਆਪਣੀ ਬਟਾਲਾ ਰਹਿੰਦੀ ਭੂਆ ਤੇ ਹੋਟਲ ਵਿਚ ਲੈ ਜਾਂਦਾ ਸੀ, ਜਿੱਥੇ ਉਸ ਦੀ ਮਰਜ਼ੀ ਤੋਂ ਬਗੈਰ ਉਕਤ ਨੌਜਵਾਨ ਨੇ ਸਰੀਰਿਕ ਸਬੰਧ ਬਣਾਏ ਤੇ ਉਸ ਦੀ ਅਸ਼ਲੀਲ ਵੀਡੀਓ ਵਾਇਰਲ ਕਰਨ ਦਾ ਡਰਾਵਾ ਦੇ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਇਸ ਸਬੰਧੀ ਏ.ਐੱਸ.ਆਈ ਬਿੰਦੂ ਕੁਮਾਰੀ ਨੇ ਕਾਰਵਾਈ ਕਰਦਿਆਂ ਉਕਤ ਪੀੜਤਾ ਦੇ ਬਿਆਨਾਂ 'ਤੇ ਜਬਰ ਜ਼ਿਨਾਹ ਕਰਨ ਵਾਲੇ ਉਕਤ ਨੌਜਵਾਨ ਸਮੇਤ ਇਸ ਦੀ ਮਾਤਾ ਤੇ ਭੂਆ ਵਿਰੁੱਧ ਥਾਣਾ ਸਿਵਲ ਲਾਈਨ ਵਿਖੇ ਮੁਕੱਦਮਾ ਨੰ.132 ਧਾਰਾ 376, 506 ਆਈ.ਪੀ.ਸੀ ਤਹਿਤ ਕੇਸ ਦਰਜ ਕਰ ਲਿਆ ਹੈ।

# ਏ. ਟੀ. ਐੱਮ. ਕਾਰਡ ਬਦਲ ਕੇ 1.06 ਲੱਖ ਰੁਪਏ ਕਢਵਾਉਣ ਵਾਲੇ 2 ਵਿਅਕਤੀਆਂ ਖਿਲਾਫ਼ ਮਾਮਲਾ ਦਰਜ

ਨਵਾਂਸ਼ਹਿਰ 17 ਮਈ। ਬੈਂਕ ਮੁਲਾਜ਼ਮ ਹੋਣ ਦਾ ਬਹਾਨਾ ਲਗਾ ਕੇ ਉਸ ਦਾ ਏ. ਟੀ. ਐੱਮ. ਕਾਰਡ ਬਦਲ ਕੇ 1.06 ਲੱਖ ਰੁਪਏ ਦੀ ਰਕਮ ਕਢਵਾਉਣ ਵਾਲੇ ਅਣਪਛਾਤੇ ਵਿਅਕਤੀ ਖਿ?ਲਾਫ਼ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਕੇਵਲ ਸਿੰਘ ਪੁੱਤਰ ਰਾਖਾ ਸਿੰਘ ਵਾਸੀ ਪਿੰਡ ਭੰਗਲ ਕਲਾਂ ਨੇ ਦੱਸਿਆ ਕਿ ਉਹ ਸਹਿਕਾਰੀ ਬੈਂਕ ਨਵਾਂਸ਼ਹਿਰ ਤੋਂ ਜ਼ਿਲ੍ਹਾ ਮੈਨੇਜਰ ਵਜੋਂ ਸੇਵਾਮੁਕਤ ਹੈ। ਬੀਤੇ ਦਿਨ ਉਹ ਭਾਰਤੀ ਸਟੇਟ ਬੈਂਕ ਦੇ ਏ. ਟੀ. ਐੱਮ. ਤੋਂ ਪੈਸੇ ਕਢਵਾਉਣ ਗਿਆ ਸੀ। ਉਸ ਦੇ ਪਿੱਛੇ ਕਰੀਬ 25-30 ਸਾਲ ਦਾ ਇਕ ਨੌਜਵਾਨ ਖੜ੍ਹਾ ਸੀ। ਜਦੋਂ ਉਸ ਦੇ ਏ. ਟੀ. ਐੱਮ. ਤੋਂ ਪੈਸੇ ਨਹੀਂ ਨਿਕਲੇ ਤਾਂ ਉਸ ਨੇ ਕਿਹਾ ਕਿ ਉਹ ਬੈਂਕ ਦਾ ਮੁਲਾਜ਼ਮ ਹੈ ਅਤੇ ਉਹ ਮਦਦ ਕਰ ਸਕਦਾ ਹੈ। ਉਸ ਨੇ ਦੱਸਿਆ ਕਿ ਉਕਤ ਨੌਜਵਾਨ ਨੇ ਬੜੀ ਚਲਾਕੀ ਨਾਲ ਆਪਣਾ ਏ. ਟੀ. ਐੱਮ. ਕਾਰਡ ਬਦਲ ਲਿਆ ਸੀ। ਜਦੋਂ ਉਹ ਏ. ਟੀ. ਐੱਮ. ਤੋਂ ਪੈਸੇ ਨਹੀਂ ਕੱਢ ਸਕਿਆ ਤਾਂ ਉਹ ਸਟੇਟ ਬੈਂਕ ਆਫ਼ ਇੰਡੀਆ ਗਿਆ, ਜਿੱਥੇ ਉਸ ਦਾ ਬੈਂਕ ਖਾਤਾ ਸੀ, ਉੱਥੇ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਉਸ ਦਾ ਏ. ਟੀ. ਐੱਮ.




ਕਾਰਡ ਬਦਲਿਆ ਗਿਆ ਸੀ ਅਤੇ ਖਾਤੇ 'ਚੋਂ 1.06 ਲੱਖ ਰੁਪਏ ਕਢਵਾ ਲਏ ਗਏ ਸਨ। ਉਸ ਨੇ ਦੱਸਿਆ ਕਿ ਉਸ ਨੇ ਤੁਰੰਤ ਆਪਣਾ ਬੈਂਕ ਖਾਤਾ ਬਲਾਕ ਕਰਵਾ ਦਿੱਤਾ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ 'ਚ ਉਸ ਦੇ ਬੈਂਕ ਖਾਤੇ 'ਚੋਂ ਧੋਖੇ ਨਾਲ ਪੈਸੇ ਕਢਵਾਉਣ ਵਾਲੇ ਧੋਖੇਬਾਜ਼ ਖਿ?ਲਾਫ ਕਾਨੂੰਨੀ ਕਾਰਵਾਈ ਕਰਨ ਅਤੇ ਉਸ ਦੀ ਰਕਮ ਵਾਪਸ ਕਰਵਾਉਣ ਦੀ ਮੰਗ ਕੀਤੀ ਹੈ। ਉਕਤ ਸ਼ਿਕਾਇਤ ਦੀ ਜਾਂਚ 'ਚ ਪਤਾ ਲੱਗਾ ਕਿ 2 ਅਣਪਛਾਤੇ ਵਿਅਕਤੀਆਂ ਨੇ ਸ਼ਿਕਾਇਤਕਰਤਾ ਦਾ ਏ. ਟੀ. ਐੱਮ. ਕਾਰਡ ਬਦਲ ਕੇ ਗੜ੍ਹਸ਼ੰਕਰ ਰੋਡ ਸਥਿਤ ਐਕਸਿਸ ਬੈਂਕ ਦੇ ਏ. ਟੀ. ਐੱਮ. 'ਚੋਂ 40 ਹਜ਼ਾਰ ਰੁਪਏ ਕਢਵਾ ਲਏ। ਇਸ ਤੋਂ ਬਾਅਦ ਉਕਤ ਮੁਲਜ਼ਮਾਂ ਵੱਲੋਂ ਬਲਾਚੌਰ ਦੇ ਇਕ ਜਿਊਲਰਜ਼ ਦੀ ਦੁਕਾਨ ਤੋਂ 66 ਹਜ਼ਾਰ ਰੁਪਏ 'ਚ ਸੋਨੇ ਦੀ ਮੁੰਦਰੀ ਅਤੇ ਹੋਰ ਸੋਨੇ ਦਾ ਸਾਮਾਨ ਖਰੀਦਿਆ ਗਿਆ। ਉਕਤ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿ?ਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਚੱਲਦੀ ਟਰੇਨ 'ਚ ਗਰਭਵਤੀ ਔਰਤ ਨੂੰ ਲੱਗੀਆਂ ਜਣੇਪੇ ਦੀਆਂ ਦਰਦਾਂ, ਨਾਲ ਬੈਠੀਆਂ ਔਰਤਾਂ ਨੇ ਕਰਵਾਈ ਡਿਲੀਵਰੀ

ਲੁਧਿਆਣਾ 17 ਮਈ। ਲੁਧਿਆਣਾ ਤੋਂ ਲਖਨਊ ਜਾ ਰਹੀ ਰੇਲਗੱਡੀ 'ਚ ਇਕ ਔਰਤ ਵਲੋਂ ਬੱਚੇ ਨੂੰ ਜਨਮ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਫਿਲਹਾਲ ਜੱਚਾ ਅਤੇ ਬੱਚਾ ਦੋਵੇਂ ਤੰਦਰੁਸਤ ਹਨ। ਜਾਣਕਾਰੀ ਮੁਤਾਬਕ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਦੇ ਪਤੀ ਅੰਕੁਰ ਨੇ ਦੱਸਿਆ ਕਿ ਉਹ ਆਪਣੀ ਪਤਨੀ ਸੋਨਮ ਨਾਲ ਲੁਧਿਆਣਾ ਤੋਂ ਲਖਨਊ ਜਾ ਰਿਹਾ ਸੀ। ਉਸ ਦੀ ਪਤਨੀ ਗਰਭਵਤੀ ਸੀ ਅਤੇ ਉਸ ਦਾ ਅੱਠਵਾਂ ਮਹੀਨਾ ਚੱਲ ਰਿਹਾ ਸੀ। ਜਦੋਂ ਰੇਲਗੱਡੀ ਸਮਰਾਲਾ ਰੇਲਵੇ ਸਟੇਸ਼ਨ ਤੋਂ ਪਹਿਲਾਂ ਪਿੰਡ ਲਲਕਲਾਂ ਪੁੱਜੀ ਤਾਂ ਮੇਰੀ ਪਤਨੀ ਨੂੰ ਦਰਦਾਂ ਸ਼ੁਰੂ ਹੋ ਗਈਆਂ ਅਤੇ ਉਹ ਦਰਦ ਨਾਲ ਤੜਫਣ ਲੱਗੀ। ਇਸ ਦੌਰਾਨ ਰੇਲਗੱਡੀ 'ਚ ਬੈਠੀਆਂ ਦੂਜੀਆਂ ਔਰਤਾਂ ਨੇ ਉਸ ਦੀ ਪਤਨੀ ਦੀ ਮਦਦ ਕੀਤੀ ਅਤੇ ਉਸ ਨੂੰ ਸੰਭਾਲਿਆ। ਉਨ੍ਹਾਂ ਦੀ ਮਦਦ ਨਾਲ ਮੇਰੀ ਕਲਾਂ ਪੁੱਜੀ ਤਾਂ ਮੇਰੀ ਪਤਨੀ ਨੂੰ ਦਰਦਾਂ ਸ਼ੁਰੂ ਹੋ ਗਈਆਂ ਅਤੇ ਉਹ ਦਰਦ ਨਾਲ ਤੜਫਣ ਲੱਗੀ। ਇਸ ਦੌਰਾਨ ਰੇਲਗੱਡੀਪਤਨੀ ਨੇ ਸਮਰਾਲਾ ਰੇਲਵੇ ਸਟੇਸ਼ਨ ਤੋਂ ਪਹਿਲਾਂ ਲਲਕਲਾਂ ਨੇੜੇ ਚੱਲਦੀ ਰੇਲਗੱਡੀ 'ਚ ਬੇਟੇ ਨੂੰ ਜਨਮ ਦਿੱਤਾ। ਇਸ ਤੋਂ ਬਾਅਦ ਰੇਲਗੱਡੀ ਸਮਰਾਲਾ ਰੁਕੀ ਅਤੇ ਐਂਬੂਲੈਂਸ ਰਾਹੀਂ ਉਸ ਦੀ ਪਤਨੀ ਅਤੇ ਬੱਚੇ ਨੂੰ ਸਮਰਾਲਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ। ਫਿਲਹਾਲ ਸਰਕਾਰੀ ਹਸਪਤਾਲ ਦੇ ਡਾਕਟਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਜੱਚਾ ਅਤੇ ਬੱਚਾ ਦੋਵੇਂ ਤੰਦਰੁਸਤ ਹਨ ਅਤੇ ਬੱਚੇ ਦਾ ਵਜਨ 2 ਕਿੱਲੋ ਹੈ। ਉਨ੍ਹਾਂ ਦੱਸਿਆ ਕਿ ਦੋਹਾਂ ਦੀ ਸਮਰਾਲਾ ਦੇ ਸਿਵਲ ਹਸਪਤਾਲ 'ਚ ਦੇਖ-ਰੇਖ ਹੋ ਰਹੀ ਹੈ।

# ਸ਼ਖਸ ਨੇ ਐਮਾਜੋਨ ਤੋਂ ਆਰਡਰ ਕੀਤਾ 1 ਲੱਖ ਰੁਪਏ ਦਾ ਲੈਪਟਾਪ, ਡੱਬਾ ਖੋਲ੍ਹਿਆ ਤਾਂ ਉੱਡ ਗਏ ਹੋਸ਼

ਗੈਜੇਟ ਡੈਸਕ 17 ਮਈ। ਆਨਲਾਈਨ ਸ਼ਾਪਿੰਗ ਕਰਨ ਵਾਲੇ ਲੋਕਾਂ ਨੂੰ ਕਈ ਵਾਰ ਆਪਣੀ ਉਮੀਦ ਦੇ ਅਨੁਸਾਰ ਪ੍ਰੋਡਕਟ ਨਹੀਂ ਮਿਲਦਾ ਅਤੇ ਕਦੇ ਖਰਾਬ, ਪੁਰਾਣਾ ਜਾਂ ਕੋਈ ਦੂਜਾ ਸਾਮਾਨ ਮਿਲਣ ਕਾਰਨ ਉਨ੍ਹਾਂ ਨੂੰ ਨਿਰਾਸ਼ ਹੋਣਾ ਪੈਂਦਾ ਹੈ। ਹਾਲ ਹੀ 'ਚ ਆਨਲਾਈਨ ਸ਼ਾਪਿੰਗ ਕਰਦੇ ਸਮੇਂ ਰੋਹਨ ਦਾਸ ਨਾਂ ਦੇ ਇਕ ਗਾਹਕ ਨਾਲ ਧੋਖਾ ਹੋ ਗਿਆ। ਰੋਹਨ ਨੇ ਐਮਾਜੋਨ ਤੋਂ 1 ਲੱਖ ਰੁਪਏ ਦੀ ਕੀਮਤ ਵਾਲਾ ਲੈਪਟਾਪ ਆਰਡਰ ਕੀਤਾ ਸੀ ਪਰ ਉਸਨੂੰ ਜੋ ਪੈਕੇਜ ਮਿਲਿਆ ਉਸ ਵਿਚ ਉਸਦੀ ਉਮੀਦ ਮੁਤਾਬਕ, ਕੁਝ ਨਹੀਂ ਸੀ। ਨਵਾਂ ਲੈਪਟਾਪ ਆਉਣ ਦੀ ਬਜਾਏ ਉਸਨੂੰ ਇਕ ਇਸਤੇਮਾਲ ਕੀਤਾ ਹੋਇਆ ਲੈਪਟਾਪ ਮਿਲਿਆ। ਉਸ ਨੂੰ ਮਿਲਿਆ ਲੈਪਟਾਪ ਬਿਲਕੁਲ ਨਵਾਂ ਨਹੀਂ ਸੀ। ਅਸਲ ਵਿਚ ਉਸ ਨਾਲ ਧੋਖਾ ਹੋਇਆ ਸੀ। ਰੋਹਨ ਨੇ 30 ਅਪ੍ਰੈਲ ਨੂੰ ਐਮਾਜੋਨ ਤੋਂ ਲੇਨੋਵੋ ਲੈਪਟਾਪ ਆਰਡਰ ਕੀਤਾ ਸੀ, ਜੋ ਉਸ ਨੂੰ 7 ਮਈ ਨੂੰ ਮਿਲਿਆ ਸੀ ਪਰ ਜਦੋਂ ਉਸ ਨੇ ਲੇਨੋਵੋ ਦੀ ਵੈੱਬਸਾਈਟ 'ਤੇ ਜਾ ਕੇ ਵਾਰੰਟੀ ਚੈੱਕ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਵਾਰੰਟੀ ਦਸੰਬਰ 2023 'ਚ ਹੀ ਸ਼ੁਰੂ ਹੋ ਗਈ ਸੀ। ਇਸ ਦਾ ਮਤਲਬ ਹੈ ਕਿ ਉਸ ਨੂੰ ਮਿਲਿਆ ਲੈਪਟਾਪ ਪਹਿਲਾਂ ਹੀ ਵਰਤਿਆ ਗਿਆ ਸੀ। ਇਸ ਤੋਂ ਨਾਰਾਜ ਰੋਹਨ ਨੇ ਸੋਸਲ ਮੀਡੀਆ ਪਲੇਟਫਾਰਮ ਐਕਸ 'ਤੇ ਵੀਡੀਓ ਬਣਾ ਕੇ ਸਭ ਨੂੰ ਆਪਣੀ ਸਮੱਸਿਆ ਦੱਸੀ। ਇਹ ਵੀਡੀਓ ਬਹੁਤ ਤੇਜੀ ਨਾਲ ਵਾਇਰਲ ਹੋ ਰਹੀ ਹੈ। ਰੋਹਨ ਨੇ ਵੀਡੀਓ 'ਚ ਆਪਣਾ ਗੁੱਸਾ ਜਾਹਰ ਕੀਤਾ ਹੈ। ਉਸ ਨੂੰ ਬਹੁਤ ਬੁਰਾ ਲੱਗਾ ਕਿ ਉਸ




ਨੂੰ ਪੂਰੀ ਕੀਮਤ 'ਤੇ ਵਰਤਿਆ ਗਿਆ ਲੈਪਟਾਪ ਦਿੱਤਾ ਗਿਆ। ਵੀਡੀਓ ਵਿੱਚ ਉਸਨੇ ਲੋਕਾਂ ਨੂੰ ਐਮਾਜੋਨ ਤੋਂ ਕੋਈ ਵੀ ਚੀਜ ਖਰੀਦਣ ਤੋਂ ਪਹਿਲਾਂ ਸੌ ਵਾਰ ਸੋਚਣ ਦੀ ਚੇਤਾਵਨੀ ਦਿੱਤੀ। ਉਸਨੇ ਕਿਹਾ ਕਿ ਅਜਿਹਾ ਨਾ ਹੋਵੇ ਕਿ ਤੁਸੀਂ ਵੀ ਉਸ ਵਾਂਗ ਧੋਖਾ ਖਾ ਜਾਓ। ਰੋਹਨ ਦੀ ਇਹ ਵੀਡੀਓ "ਮੈਨੂੰ ਐਮਾਜੋਨ ਨੇ ਧੋਖਾ ਦਿੱਤਾ!" ਕਾਫੀ ਚਰਚਾ 'ਚ ਆ ਗਈ ਲੋਕਾਂ ਨੇ ਉਸ ਦਾ ਸਮਰਥਨ ਕੀਤਾ। ਕਈ ਲੋਕਾਂ ਨੇ ਕੁਮੈਂਟਸ ਵਿੱਚ ਉਸਨੂੰ ਅਦਾਲਤ ਵਿੱਚ ਕੇਸ ਦਾਇਰ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਉਹ ਖਪਤਕਾਰ ਅਦਾਲਤ ਵਿੱਚ ਜਾ ਕੇ ਸ਼ਿ?ਕਾਇਤ ਦਰਜ ਕਰਵਾਉਣ ਅਤੇ ਆਪਣੇ ਪੈਸੇ ਵਾਪਸ ਕਰਵਾਉਣ ਦੀ ਕੋਸ਼ਿ?ਸ ਕਰਨ। ਰੋਹਨ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਐਮਾਜੋਨ ਨੇ ਵੀ ਇਸ ਮਾਮਲੇ 'ਚ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਮੁਆਫੀ ਮੰਗੀ ਅਤੇ ਰੋਹਨ ਨੂੰ ਹੋਰ ਜਾਣਕਾਰੀ ਦੇਣ ਦੀ ਬੇਨਤੀ ਕੀਤੀ ਤਾਂ ਜੋ ਉਹ ਸਮੱਸਿਆ ਨੂੰ ਹੱਲ ਕਰ ਸਕਣ। ਕੁਝ ਲੋਕਾਂ ਨੇ ਤਾਂ ਇੱਥੋਂ ਤੱਕ ਕਿਹਾ ਕਿ ਉਨ੍ਹਾਂ ਨੂੰ ਸਿੱਧੇ ਲੇਨੋਵੋ ਨਾਲ ਸੰਪਰਕ ਕਰਨਾ ਚਾਹੀਦਾ ਹੈ ਪਰ ਰੋਹਨ ਨੇ ਕਿਹਾ ਕਿ ਲੇਨੋਵੋ ਦੀ ਟੀਮ ਨੇ ਜਵਾਬ ਦਿੱਤਾ ਹੈ ਕਿ ਉਹ ਆਪਣੇ ਡਾਟਾਬੇਸ ਵਿੱਚ ਨਿਰਮਾਣ ਦੀ ਮਿਤੀ ਰੱਖਦੇ ਹਨ ਪਰ ਵਾਰੰਟੀ ਅਸਲ ਵਿੱਚ ਉਸ ਸਮੇਂ ਤੋਂ ਸ਼ੁਰੂ ਹੁੰਦੀ ਹੈ ਜਦੋਂ ਗਾਹਕ ਲੈਪਟਾਪ ਖਰੀਦਦਾ ਹੈ।

## 5 ਮਹੀਨੇ ਪਹਿਲਾਂ ਹੋਏ ਪ੍ਰੇਮ ਵਿਆਹ ਦਾ ਦਰਦਨਾਕ ਅੰਤ, ਕੁੜੀ ਨੇ ਕੀਤੀ ਖੁਦਕੁਸ਼ੀ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

ਜੀਰਾ 17 ਮਈ। ਜੀਰਾ ਵਿਖੇ ਬੀਤੀ ਰਾਤ ਇਕ ਨਵ-ਵਿਆਹੁਤਾ ਵੱਲੋਂ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਸਮਾਚਾਰ ਮਿਲਿਆ ਹੈ। ਸਿਵਲ ਹਸਪਤਾਲ ਜੀਰਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕ ਲੜਕੀ ਦੇ ਚਾਚਾ ਪਰਮਜੀਤ ਪੰਮਾ ਨੇ ਦੱਸਿਆ ਕਿ ਮ੍ਰਿਤਕ ਲੜਕੀ ਮਨੀਸਾ (18) ਪੁੱਤਰੀ ਮਨਜੀਤ ਸਿੰਘ ਵੱਲੋਂ ਚਾਰ ਪੰਜ ਮਹੀਨੇ ਪਹਿਲਾਂ ਆਪਣੇ ਘਰਦਿਆਂ ਦੀ ਮਰਜੀ ਦੇ ਖਿ?ਲਾਫ ਜਾ ਕੇ ਪਿੰਡ ਛੀਹਾਂ ਪਾੜੀ (ਜੀਰਾ) ਦੇ ਨੌਜਵਾਨ ਰਾਹੁਲ ਪੁੱਤਰ ਅਜੀਤ ਮਸੀਹ ਨਾਲ ਪ੍ਰੇਮ ਵਿਆਹ ਕਰਵਾਇਆ ਸੀ। ਕੁਝ ਦਿਨਾਂ ਬਾਅਦ ਹੀ ਲੜਕੀ ਦੇ ਪੇਕਾ ਪਰਿਵਾਰਕ ਮੈਂਬਰਾਂ ਵੱਲੋਂ ਇਸ ਰਿਸਤੇ ਨੂੰ ਸਵੀਕਾਰ ਕਰ ਲਿਆ ਗਿਆ ਸੀ ਪਰ ਸਹੁਰਾ ਪਰਿਵਾਰ ਨੇ ਕੁਝ ਸਮਾਂ ਬਾਅਦ ਹੀ ਉਸ ਨਾਲ ਲੜਾਈ-ਝਗੜਾ ਕਰਨਾ ਸੁਰੂ ਕਰ ਦਿੱਤਾ ਅਤੇ ਉਸਦੀ ਕੁੱਟਮਾਰ ਕੀਤੀ ਜਾਣ ਲੱਗੀ। ਉਨ੍ਹਾਂ ਨੇ ਦੱਸਿਆ ਕਿ ਬੀਤੇ ਦਿਨੀਂ ਵੀ ਸਹੁਰਾ ਪਰਿਵਾਰ ਵੱਲੋਂ ਕੁੜੀ ਦੀ ਕੁੱਟਮਾਰ ਕੀਤੀ ਗਈ ਸੀ। ਲੜਕੀ ਵੱਲੋਂ ਫੋਨ ਕੀਤੇ ਜਾਣ 'ਤੇ ਉਹ ਉਸਨੂੰ ਉਸਦੇ ਸਹੁਰੇ ਘਰੋਂ ਲੈ ਆਏ ਸਨ। ਰਾਤ ਲੜਾਈ ਝਗੜੇ ਤੋਂ ਪ੍ਰੇਸਾਨ ਹੋ ਕਿ ਮਨੀਸਾ ਨੇ ਆਪਣੇ ਪੇਕੇ ਘਰ ਵਿਚ ਪੱਖੇ ਨਾਲ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਲੜਕੀ ਪਰਿਵਾਰ ਨੇ ਪੁਲਸ ਪ੍ਰਸਾਸਨ ਤੋਂ ਇਨਸਾਫ ਦੀ ਮੰਗ ਕੀਤੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏ.ਐੱਸ.ਆਈ. ਅੰਗਰੇਜ ਸਿੰਘ ਨੇ



ਦੱਸਿਆ ਕਿ ਉਨ੍ਹਾਂ ਨੂੰ ਸਿਵਲ ਹਸਪਤਾਲ ਜੀਰਾ ਤੋਂ ਇਸ ਸਬੰਧੀ ਜਾਣਕਾਰੀ ਪ੍ਰਾਪਤ ਹੋਈ ਅਤੇ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਆਪਣੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

# 24 ਘੰਟਿਆਂ 'ਚ ਸਾਹਮਣੇ ਆਇਆ ਮਰਡਰ ਮਿਸਟਰੀ ਦਾ ਘਿਨੌਣਾ ਸੱਚ, ਪਤੀ ਨੂੰ ਫਸਾਉਣ ਲਈ ਬਣਾਈ ਸੀ ਕਹਾਣੀ

ਜਲੰਧਰ 17 ਮਈ। ਗਦਾਈਪੁਰ 'ਚ ਲਾਟਰੀ ਕਾਰੋਬਾਰੀ ਦੇ ਘਰ ਦੇ ਬੈੱਡ ਬਾਕਸ





'ਚੋਂ ਗਲੀ-ਸੜੀ ਹਾਲਤ 'ਚ ਮਿਲੀ ਲਾਸ਼ ਦੀ ਪਹੇਲੀ ਨੂੰ ਪੁਲਸ ਨੇ 24 ਘੰਟਿਆਂ 'ਚ ਸੁਲਝਾਉਂਦਿਆਂ ਘਰ 'ਚ ਰਹਿਣ ਵਾਲੀ ਔਰਤ ਅਤੇ ਉਸ ਦੇ ਕਿਰਾਏਦਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਇਸ ਮਰਡਰ ਮਿਸਟਰੀ ਨੂੰ ਸੁਲਝਾਉਣ ਲਈ ਮੁਲਜਮ ਔਰਤ ਦੇ ਕਥਿਤ ਪਤੀ ਨੂੰ ਵੀ ਜਾਂਚ 'ਚ ਸ਼ਾਮਲ ਕੀਤਾ ਪਰ ਜਾਂਚ 'ਚ ਉਸ ਦਾ ਕੋਈ ਕਸੂਰ ਨਹੀਂ ਨਿਕਲਿਆ ਤਾਂ ਸਖਤੀ ਵਰਤਣ 'ਤੇ ਔਰਤ ਨੇ ਪੁਲਸ ਸਾਹਮਣੇ ਸਾਰੀ ਕਹਾਣੀ ਕਲੀਅਰ ਕਰ ਦਿੱਤੀ। ਡੀ. ਸੀ. ਪੀ. ਸੰਦੀਪ ਸ਼ਰਮਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਸ ਮਰਡਰ ਦੇ ਪਿੱਛੇ ਲੁਕੇ ਘਿਨੌਣੇ ਸੱਚ ਨੂੰ ਵੀ ਉਜਾਗਰ ਕੀਤਾ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਵਿਨੋਦ ਕੁਮਾਰ ਉਰਫ ਨਕੁਲ ਵਜੋਂ ਹੋਈ। ਨਕੁਲ ਘਰ 'ਚ ਰਹਿਣ ਵਾਲੀ ਹਿਮਾਚਲੀ ਦੇਵੀ ਪੁੱਤਰੀ ਹਰੀਸ਼ਰਨ ਮੂਲ ਵਾਸੀ ਮੰਡੀ ਹਿਮਾਚਲ ਪ੍ਰਦੇਸ਼ ਨਾਲ ਸਰੀਰਕ ਸੰਬੰਧ ਕਾਇਮ ਰੱਖਣਾ ਚਾਹੁੰਦਾ ਸੀ ਪਰ ਹਿਮਾਚਲੀ ਦੇਵੀ ਉਸ ਤੋਂ ਦੂਰੀ ਬਣਾ ਚੁੱਕੀ ਸੀ। ਅਜਿਹੇ 'ਚ ਨਕੁਲ ਸਮਾਜ 'ਚ ਹਿਮਾਚਲੀ ਦੇਵੀ ਨੂੰ ਬਦਨਾਮ ਕਰਨ ਲੱਗ ਗਿਆ। ਥਾਂ-ਥਾਂ ਉਹ ਹਿਮਾਚਲੀ ਦੇ ਚਰਿੱਤਰ ਦੀਆਂ ਗੱਲਾਂ ਕਰਦਾ ਸੀ, ਜਿਸ ਦੀ ਖਬਰ ਹਿਮਾਚਲੀ ਨੂੰ ਲੱਗ ਗਈ ਅਤੇ ਉਸ ਨੇ ਉਦੋਂ ਹੀ ਸੋਚ ਲਿਆ ਕਿ ਜੇਕਰ ਨਕੁਲ ਨੂੰ ਟਿਕਾਣੇ ਨਾ ਲਾਇਆ ਤਾਂ ਉਹ ਉਸ ਦੀ ਇਸੇ ਤਰ੍ਹਾਂ ਬਦਨਾਮੀ ਕਰਦਾ ਰਹੇਗਾ। ਬੀਤੇ ਸ਼ੁੱਕਰਵਾਰ ਦੀ ਰਾਤ ਉਸ ਨੇ ਨਕੁਲ ਨੂੰ ਝਾਂਸੇ 'ਚ ਲਿਆ ਤੇ ਘਰ ਬੁਲਾ ਲਿਆ। ਨਕੁਲ ਦੇ ਆਉਣ ਤੋਂ ਪਹਿਲਾਂ ਹੀ ਹਿਮਾਚਲੀ ਉਸ ਦੀ ਹੱਤਿਆ ਕਰਨ ਦੇ ਤਰੀਕੇ ਦੀ ਪਲਾਨਿੰਗ ਕਰ ਚੁੱਕੀ ਸੀ। ਨਕੁਲ ਆਇਆ ਤਾਂ ਉਸ ਨੇ ਉਸ ਨੂੰ ਆਪਣੀਆਂ ਗੱਲਾਂ 'ਚ ਲਿਆ। ਹਿਮਾਚਲੀ ਦੇਵੀ ਨੇ ਉਸ ਨੂੰ ਸ਼ਰਾਬ ਪੀਣ ਦੀ ਆਫਰ ਦਿੱਤੀ ਤਾਂ ਉਹ ਵੀ ਮੰਨ ਗਿਆ ਪਰ ਹਿਮਾਚਲੀ ਜਿਸ ਸ਼ਰਾਬ ਨੂੰ ਪਰੋਸ ਰਹੀ ਸੀ, ਉਸ 'ਚ ਜਹਿਰੀਲਾ ਪਦਾਰਥ ਮਿਲਾਇਆ ਹੋਇਆ ਸੀ। 3-4 ਪੈੱਗ ਲਾਉਣ ਤੋਂ ਬਾਅਦ ਨਕੁਲ ਸਰੀਰਕ ਸੰਬੰਧ ਬਣਾਉਣ ਲਈ ਕਹਿਣ ਲੱਗਾ ਪਰ ਉਸ ਦੀ ਹਾਲਤ ਵਿਗੜਨ ਲੱਗੀ ਅਤੇ ਕੁਝ ਹੀ ਸਮੇਂ 'ਚ ਨਕੁਲ ਨੇ ਦਮ ਤੋੜ ਦਿੱਤਾ। ਹਿਮਾਚਲੀ ਨੇ ਲਾਸ਼ ਨੂੰ ਟਿਕਾਣੇ ਲਾਉਣ ਲਈ ਆਪਣੇ ਕਿਰਾਏਦਾਰ ਸਨੋਜ ਕੁਮਾਰ ਪੁੱਤਰ ਸੁਰੇਸ਼ ਮੂਲ ਨਿਵਾਸੀ ਪਟਨਾ (ਬਿਹਾਰ) ਦੀ ਮਦਦ ਲਈ। ਇਨ੍ਹਾਂ ਦੋਵਾਂ ਨੇ ਮਿਲ ਕੇ ਬੈੱਡ ਬਾਕਸ ਨੂੰ ਖਾਲੀ ਕੀਤਾ ਅਤੇ ਉਸ 'ਚ ਨਕੁਲ ਦੀ ਲਾਸ਼ ਪਾ ਦਿੱਤੀ। ਡੀ. ਸੀ. ਪੀ. ਸੰਦੀਪ ਸ਼ਰਮਾ ਨੇ ਦੱਸਿਆ ਕਿ ਹਿਮਾਚਲੀ ਤੇ ਸਨੋਜ ਕੁਮਾਰ ਖਿ?ਲਾਫ ਕੇਸ ਦਰਜ ਕਰ ਕੇ ਰਿਮਾਂਡ 'ਤੇ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਸ ਮਾਮਲੇ 'ਚ ਕਿਸੇ ਤੀਜੇ ਵਿਅਕਤੀ ਦੀ ਭੂਮਿਕਾ ਸਾਹਮਣੇ ਨਹੀਂ ਆਈ। ਹਿਮਾਚਲੀ ਜਿਸ ਇਲਾਕੇ 'ਚ ਰਹਿੰਦੀ ਹੈ, ਉਹ ਸੰਘਣਾ ਇਲਾਕਾ ਹੈ। ਉਸ ਦੀਆਂ ਕੁਝ ਆਦਤਾਂ ਕਾਰਨ ਕੋਈ ਵੀ ਗੁਆਂਢੀ ਉਸ ਨੂੰ ਬੁਲਾਉਂਦਾ ਨਹੀਂ ਸੀ। ਘਰ 'ਚ ਕੁਝ ਅਣਪਛਾਤੇ ਲੋਕਾਂ ਦਾ ਵੀ ਆਉਣਾ-ਜਾਣਾ ਸੀ, ਜਿਸ ਕਾਰਨ ਅਕਸਰ ਲੋਕਾਂ ਦੀ ਨਜਰ ਹਿਮਾਚਲੀ ਦੇ ਘਰ 'ਤੇ ਬਣੀ ਰਹਿੰਦੀ ਸੀ। ਹਿਮਾਚਲੀ ਨੂੰ ਪਤਾ ਸੀ ਕਿ ਜੇਕਰ ਉਹ ਕਿਸੇ ਤੇਜਧਾਰ ਹਥਿਆਰ ਜਾਂ ਕਿਸੇ ਹੋਰ ਚੀਜ ਨਾਲ ਨਕੁਲ ਦੀ ਹੱਤਿਆ ਕਰਦੀ ਹੈ ਤਾਂ ਕਾਫੀ ਰੌਲਾ ਪਵੇਗਾ ਤੇ ਲੋਕਾਂ ਦੀ ਭੀੜ ਇਕੱਠੀ ਹੋ ਜਾਵੇਗੀ। ਅਜਿਹੇ 'ਚ ਹਿਮਾਚਲੀ ਨੇ ਸ਼ਰਾਬ 'ਚ ਜਹਿਰ ਦੇ ਕੇ ਨਕੁਲ ਨੂੰ ਟਿਕਾਣੇ ਲਾਉਣ ਦੀ ਪਲਾਨਿੰਗ ਤਿਆਰ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ ਹਿਮਾਚਲੀ ਇਸ ਹੱਤਿਆ 'ਚ ਆਪਣੇ ਕਥਿਤ ਪਤੀ ਦਾ ਨਾਂ ਲਾ ਰਹੀ ਸੀ ਪਰ ਪੁਲਸ ਨੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਸ਼ੁੱਕਰਵਾਰ ਰਾਤ ਨੂੰ ਤਾਂ ਹਿਮਾਚਲੀ ਆਪਣੇ ਘਰ 'ਚ ਹੀ ਰਹੀ ਪਰ ਬਾਅਦ 'ਚ ਉਹ ਵੱਖ-ਵੱਖ ਥਾਵਾਂ 'ਤੇ ਰੁਕੀ। ਘਰ ਤੋਂ ਬਦਬੂ ਆਉਣ ਲੱਗੀ ਤਾਂ ਉਹ ਖੁਦ ਘਰ ਨੂੰ ਤਾਲਾ ਲਾ ਕੇ ਚਲੀ ਗਈ ਸੀ। ਉਸ ਨੂੰ ਪਤਾ ਸੀ ਕਿ ਹੁਣ ਬਦਬੂ ਆਸ-ਪਾਸ ਦੇ ਲੋਕਾਂ ਨੂੰ ਵੀ ਆਉਣੀ ਸ਼ੁਰੂ ਹੋ ਜਾਵੇਗੀ, ਜਿਸ ਕਾਰਨ ਉਸ ਨੇ ਆਪਣੇ ਕਥਿਤ ਪਤੀ ਦੇ ਰਿਸ਼ਤੇਦਾਰਾਂ ਤੱਕ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਪ੍ਰਮੋਦ ਨੇ ਹੱਤਿਆ ਕਰ ਕੇ ਵਿਅਕਤੀ ਦੀ ਲਾਸ਼ ਨੂੰ ਬੈੱਡ ਬਾਕਸ 'ਚ ਲੁਕੋ ਰੱਖਿਆ ਹੈ। ਪੁਲਸ ਨੂੰ ਵੀ ਹਿਮਾਚਲੀ ਨੇ ਇਹੀ ਗੱਲਾਂ ਦੱਸੀਆਂ ਪਰ ਪੁਲਸ ਦੀ ਇਨਵੈਸਟੀਗੇਸ਼ਨ 'ਚ ਸਾਰੀ ਸੱਚਾਈ ਸਾਹਮਣੇ ਆਈ, ਜਿਸ ਕਾਰਨ ਕੋਈ ਬੇਕਸੂਰ ਇਸ ਮਾਮਲੇ 'ਚ ਨਹੀਂ ਫਸਿਆ।


**NAME CHANGE**

I, RIZWAN S/O NAZAKAT ALI Residing at H NO-603 GALI NO-26 JAFRABAD DELHI 110053 have changed my name to MOHD RIZWAN for all future purpose.

**NAME CHANGE**

I hitherto known as ARVIND KUMAR SINGH alias ASHOK SINGH S/O Raj Kumar,R/O Parmanent adress Thana Barh, gowar dhanawan, Barh, PO: Barh, DIST: Patna, Bihar-803213 Present Adress E-89 ,Om Vihar Phase -5 west delhi Delhi 110059 have changed my and shall hereafter be known as ASHOK SINGH.

**NAME CHANGE**

I hitherto known as SATENDER S/O JAI SINGH DAHIYA residing at BJ 67 EAST SHALIMAR BAGH DELHI-110088 have changed my name and shall hereafter be known as SATENDER DAHIYA.

**NAME CHANGE**

I MOHAMMAD ARIF FATHER OF MOHAMMAD ARISH, holder of Indian passport No T8254081 Issued at ABU DHABI UAE of issue on date of 05/07/2020, Permanent RESIDENCE of PEERZADGAN PO BACHHRAON jYOTIBA POOLY NAGAR, AMROHA PIN: 244225, UTTAR PRADESH, INDIA and presently residing at VILLA NO 13 NEAR AL BATEEN AIRPORT MUROOR, ABU DHABI, UAE do hereby change my SON'S name from MOHAMMAD ARISH to MOHAMMAD ARISH SALMANI, with immediate effect.

**NAME CHANGE**

I hitherto Known as MOHAMMAD ASHIQUE S/o MOHAMMAD AFZAL R/o 952, Gullu Building, Gali Chah Shireen Farash Khana, North Delhi, Delhi-110006, have Changed my name and shall hereafter be known as MOHD. ASIF.

**NAME CHANGE**

I,PRAMOD KUMAR SINGH S/O BHOLA SINGH Permanent Address-V/P- RAMPUR DIYRA, DISTRICT PATNA,Bihar- 801108, Present address Hno- 6- A,Tilak Enclave, gali no- 2 ,Mohan Garden Uttam Nagar, west Delhi, Delhi-110059 have changed the name of my minor daughter TANIYA KUMARI aged 15 years and she shall hereafter be known as NEHA.

**NAME CHANGE**

I hitherto known as MAHENDRA KUMAR S/o RAM AWATAR, R/o V-1783, Gali No. 5, Vijay Park, Maujpur, North East Delhi, Delhi-110053, have changed my name and shall hereafter be known as MAHENDRA SINGH.

**NAME CHANGE**

I, hitherto known as RAVI S/o KISHAN LAL residing at Shop No. 17, Malviya Nagar, South Delhi, Delhi - 110017 have changed my name and shall hereafter be known as RAVI KOHALI.

**NAME CHANGE**

I, hitherto known as SHASHI BALA D/o UDAI RAM R/o G-168, Phase – I, New Palam Vihar, Choma(62), PO: Palam Vihar, Gurgaon, Haryana - 122017 have changed my name and shall hereafter be known as SHASHI YADAV.

**PUBLIC NOTICE**

I, hitherto known as NIKITA ALIAS NITIKA ALIAS NIKITA VERMA D/O SUSHIL R/O 150, GALI BATASHAN, NEAR SHYAM SWEETS, CHAWRI BAZAR, DELHI-110006 have changed my name and shall hereafter be known as NIKITA VERMA

**NAME CHANGE**

I, No. 15482684L Rank-DFR Name-SANJAY SHRIRANG GUNJAWATE residing at VILL & PO-RAJALE, TEHSIL-PHALTAN, DISTT-SATARA, MAHARASHTRA-415523 have changed my mother's name from HEERA BAI to RUKMINI SHRIRANG GUNJAWATE for all future purposes vide Affidavit Dated 26/04/2024 before Notary Public, SATARA, MAHARASHTRA.

**NAME CHANGE**

It is for general information that I, KANTA DEVI SODHANI W/o NARENDRA KUMAR SODHANI R/o C-4/6A, Model Town-3, North West Delhi-110009, declare that name of mine and my husband has been wrongly written as KANTA DEVI and NARENDER KUMAR in my Voter Card No.NRC0856286. The Actual name of mine and my husband are KANTA DEVI SODHANI and NARENDRA KUMAR SODHANI respectively, which may be amended accordingly

**NAME CHANGE**

It is for general information that I, BHARTI D/o MAHESH GUPTA, R/o 125-A, Gali-2, Phase-5, Shiv Vihar, Karawal Nagar, Seelam Pur, North East Delhi, Delhi-110094, declare that name of my mother has been wrongly written as KRISHNA GUPTA in my all Educational Documents. The actual name of my mother is KUSUM GUPTA, which may be amended accordingly.

**NAME CHANGE**

I, NAZAQAT ALI S/O ABDUL RASHID Residing at H NO-603 GALI NO-26 JAFRABAD DELHI 110053 have changed my name to NAZAKAT ALI for all future purpose.

**NAME CHANGE**

I, SIRAJUL HASAN S/O ZAHIRUL HASAN Residing at H NO-C-68 NEW SEELAMPUR DELHI 110053 have changed my name to SIRAJ AHMED for all future purpose.

**NAME CHANGE**

I, Deepti Tayal W/o Mohit Garg R/o House No-7, Omaxe City, Sector-14, Palwal, Haryana-121102, Have Changed My Name To Deepti Garg For All Purpose

**NAME CHANGE**

I, No. 15482684L Rank-DFR Name-SANJAY SHRIRANG GUNJAWATE residing at VILL & PO-RAJALE, TEHSIL-PHALTAN, DISTT-SATARA, MAHARASHTRA-415523 have changed my daughter's name from SNEHA GUNJAWATE to SNEHA SANJAY GUNJAWATE for all future purposes vide Affidavit Dated 26/04/2024 before Notary Public, SATARA, MAHARASHTRA

**NAME CHANGE**

I, No. 15482684L Rank-DFR Name-SANJAY SHRIRANG GUNJAWATE residing at VILL & PO-RAJALE, TEHSIL-PHALTAN, DISTT-SATARA, MAHARASHTRA-415523 have changed my son's name from SIDDHESH to SIDDHESH SANJAY GUNJAWATE for all future purposes vide Affidavit Dated 26/04/2024 before Notary Public, SATARA, MAHARASHTRA

**NAME CHANGE**

I, No. 15482684L Rank-DFR Name-SANJAY SHRIRANG GUNJAWATE residing at VILL & PO-RAJALE, TEHSIL-PHALTAN, DISTT-SATARA, MAHARASHTRA-415523 have changed my father's name from SRIRANG GUNJAWATE to SHRIRANG LAXMAN GUNJAWATE for all future purposes vide Affidavit Dated 26/04/2024 before Notary Public, SATARA, MAHARASHTRA

**PUBLIC NOTICE**

My client Mohini Devi (Aadhar No. 9207 3711 7286) W/o Mahavir Prasad R/o 262-B G-2/18 Tiranga Chowk Ratiya Marg Sangam Vihar Hamdard Nagar South Delhi 110062 has severed all her relations and disowned her son Chetan Kumar (Voter ID No. SBC2076180) from all her moveable and immovable properties due to his disobedience. My client shall not be responsible for his any acts and deed.

**Manoj (Advocate)**
Office Add:- L-1A 14/545,
Sangam Vihar,
South-Delhi 110062

**NAME CHANGE**

I, SHIVANKIT Mathur S/O PARSHOTTAM DASS MATHUR R/O H-647, 1st Avenue, Gaur City1, GH01 Sector 4, Greater Noida, Gautam Budh Nagar, Uttar Pradesh-201009 have changed the name of my minor son VISHAN MATHUR aged 3 years and he shall hereafter be known as AVIYUKT MATHUR.

**NAME CHANGE**

I, Gagandeep Singh Gujral S/o Mohinder Singh R/o B-204, Bestech Park View Spa Next, Sector, Badshahpur, Gurgaon, Haryana-122001, Have Change My Minor Son Name Gurshan Singh Gujral To Gurshaan Singh Gujral For All Purpose

**NAME CHANGE**

I, RIHA W/O AJIT BACK R/O Parmanent adress village/ town Garkash ,P/S Tangla, Sub Divn - Udalguri District Udalguri Assam-784521,Present adress HNO -616 ,GADDA COLONY,SULTANPUR, NEW.DELHI -110030 have changed the name of my minor-son AYUSH Aged 11 Year and he shall hereafter be known as AUSH BACK.

**NAME CHANGE**

I, MOHD TAYYAB S/O RAISUDDIN QURESHI residing at T-132 PHOOL WALI GALI BASTI HAZRAT NIZAMUDDIN DELHI-110013 have changed my name to MOHD TAYYAB QURESHI for all future purposes

**NAME CHANGE**

I, JC-704830A Rank-SUB Name-SHIV RAM S/o PURNA RAM Presently residing at VPO-SANJU, TEH-DEGANA, DIST-NAGAUR, RAJASTHAN-341503 have changed my mother's name from BHAVANRI DEVI to BHANVARI DEVI for all future purposes vide Affidavit dated 14/05/2024 before Notary Public, Delhi.

**NAME CHANGE**

I, Shehzad Ahmed R/o 2233, Gali Chamre wali, Turkman Gate, Delhi-110006 have changed my minor son's name from Saad Ahmad to Saad Ahmed for all future purposes.

**NAME CHANGE**

It is for general information that I, UMESH YADAV S/o SHYAM LAL, R/o Plot No.-13, 87/1 and 94/2, Maksudabad, Najafgarh, South West Delhi, Delhi-110043, declare that name of mine has been wrongly written as UMESH RAM in my minor daughter namely KHUSHI KUMARI aged 14 years in her School Records. The actual name of mine is UMESH YADAV.

**NAME CHANGE**

I, JC-618301K Rank-SUB Name-DEEPAK GURUNG S/o SHRI TUL BAHADUR GURUNG R/o VILL-NALBAN GAON, PO-LEBONG, TEH-DARJEELING, DISTT-DARJEELING, WEST BENGAL-734105 have changed my daughter's name from SALONE GURUNG to SALONI GURUNG for all future purposes vide affidavit dated 16/05/2024 before Notary Public, Delhi.

**NAME CHANGE**

I, No. 15482684L Rank-DFR Name-SANJAY SHRIRANG GUNJAWATE residing at VILL & PO-RAJALE, TEHSIL-PHALTAN, DISTT-SATARA, MAHARASHTRA-415523 have changed my wife's name from RESHMA GUNJAWATE to RESHMA SANJAY GUNJAWATE for all future purposes vide Affidavit Dated 26/04/2024 before Notary Public, SATARA, MAHARASHTRA.

**NAME CHANGE**

I, GAYATRI DEVI mother of RAJESH KUMAR residing at VPO-NAROT MEHRA, TEH & DISTT-PATHANKOT, PUNJAB-145025 have changed my name GAYATRI DEVI to GAITARY DEVI for all future purposes vide affidavit no. DL89087213750431W dated 14/05/2024 before Notary Public, Delhi.

**NAME CHANGE**

I, JC-704830A Rank-SUB Name-SHIV RAM S/o PURNA RAM Presently residing at VPO-SANJU, TEH-DEGANA, DIST-NAGAUR, RAJASTHAN-341503 have changed my daughter's name from NIRMA to NIRMA GEEL for all future purposes vide Affidavit dated 14/05/2024 before Notary Public, Delhi.

**NAME CHANGE**

I, SUJIT SAW S/o SADANANDA SAW R/o 510B/1A, Third Floor, Gali No.-6, Govindpuri, Kalkaji, New Delhi-110019, have changed the name of my minor daughter JIYA SAW aged 07 years and she shall hereafter be known as JIYA SHAW.

**NAME CHANGE**

I, RUP JHARU DEVI M/o No. JC-735648F Rank NB SUB Name SHASHI BHUSHAN SINGH R/o VPO-RAMPUR DIYARA, TEH-DABAPUR, DIST-PATNA (BIHAR)-801108, have changed my name from RUP JHARU DEVI to RUP JHARO DEVI for all future purposes. And in my son service record my date of birth wrongly mentioned is 28/06/1951 instead of 21/05/1953. Vide Affidavit dated 14/05/2024 before Notary Public India.

**NAME CHANGE**

It is for general information that I, DEEKSHA D/o MAHESH GUPTA, R/o 125-A, Gali-2, Phase-5, Shiv Vihar, Karawal Nagar, Seelam Pur, North East Delhi, Delhi-110094, declare that name of my mother has been wrongly written as KRISHNA GUPTA in my all Educational Documents. The actual name of my mother is KUSUM GUPTA, which may be amended accordingly.

**NAME CHANGE**

I, AYUSHI DOBRIYAL W/O ARUN KUMAR SHARMA residing at 418, DHRUVA APARTMENT, PLOT, NO-4, I.P. EXTN. DELHI-110092 have changed my name to AYOOSHI DOBRIYAL for all future purposes

**NAME CHANGE**

I hitherto known as TWINKLE JAISWAL D/O JAGNNATH JAISWAL ,Permanent Adress ward No 13, P.P. Road Tarka Nala, Buxar, Bihar-802101 Present adress naer shriram hospital ,Barola, Noida , Uttar Pradesh -201301,have changed my name and shall hereafter be known as PALAK JAISWAL.

**NAME CHANGE**

I, SUJIT SAW S/o SADANANDA SAW R/o 510B/1A, Third Floor, Gali No.-6, Govindpuri, Kalkaji, New Delhi-110019, have changed the name of my minor son JUSTIN SAW aged 13 years and he shall hereafter be known as JUSTIN SHAW.

**NAME CHANGE**

I, SUNITA KAPADIA W/O ABHISHEK KUMAR SRIVASTAVA R/O 52/4F STREET NO 16, NAI BASTI VTC ANAND PARBAT, P O Karol Bagh Sub District New Delhi District Central Delhi State Delhi Pin Code 110005 have changed the name of my minor son from Kaavyansh Kapadia Srivastava aged 3 year and he shall hereafter be known Kaavyansh Kapadia

**NAME CHANGE**

I, RAISUDDIN S/O NAWABUDDIN residing at T-132 PHOOL WALI GALI BASTI HAZRAT NIZAMUDDIN DELHI-110013 have changed my name to RAISUDDIN QURESHI for all future purposes

**NAME CHANGE**

I RAMA KANT S/O Jaleshwar Tiwari, R/O A-41, Pravesh Nagar Colony, Mubarak Pur Dabas, North West Delhi, Delhi, -110081 Have changed my name to RAMAKANT TIWARI.

**NAME CHANGE**

I, SHIVANKIT Mathur S/O PARSHOTTAM DASS MATHUR R/O H 647,1st Avenue, Gaur City1, GH01 Sector 4, Greater Noida, Gautam Budh Nagar, UTTAR PRADESH- 201009 have changed the name of my minor daughter VIVIKA MATHUR aged 3 years and she shall hereafter be known as ANVITA MATHUR.

**PUBLIC NOTICE**

It is for general information that I PARWATI D/O SHIBBU R/O HNO -18 STREET NO-17 ,NEAR NAGAR NIGAM SCHOOL KARKARDOOMA,VILLAGE SHAKARPUR, BARAMAD ,PO SHAKARPUR,EAST DELHI, DELHI-110092 declare that name of my FATHER and my MOTHER has been wrongly written as SUDDU and ÀNITA in my 10TH & 12TH CLASS EDUCATIONAL DOCUMENTS.The actual name of my Father and my Mother are SHIBBU and SAROJ RANI respectively which may be amended accordingly.

**PUBLIC NOTICE**

Information is given to general public at large that my clients Mr. Ravinder Prasad and Mrs. Bindrawati Devi intending to purchase the built-up Property No. WZ-176 (Old) and B-566 (New), area measuring 40 Sq. Yards i.e. 33.44 Sq. Meters i.e. 360 Sq. Ft., part of Khasra No. 2736/616, situated in the area of Village Basai Darapur, in colony known as Sudershan Park, New Delhi-110015 from Mr. Harjeet Singh owner vide Regd. General Power of Attorney dated 08.11.2001 vide Doc. No. 41604 appointed by his father Mr. Rattan Singh S/o Mr. Sunder Singh and Mr. Rattan Singh purchase said property from Mr. Mahinder Singh S/o Mr. Sahab Singh vide Sale Deed dated 22.04.1959 and same property to be financed by Hinduja Housing Finance Ltd. having its Office Address at H-73, Office No.204, Sector-63, Noida, U.P.-201301. If any person(s) objection for subject property, then kindly may contact the undersigned along with original property document, within a week from the date of this notice on below mentioned address, falling which the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**PUBLIC NOTICE**

It is hereby informed to the public at large that my client(s) Guru Agya Pal Singh and Surjeet Kaur, W/o Guru Agya Pal Singh, R/o House No.9, Block No.14, Sewa Nagar Railway Colony, New Delhi-110003, have refrain all their relations with their son Gunpreet Singh Ghai and his wife Malvika Sharma as they are not in the control of my client(s) as they misbehave withthem and also extend threat of their life to see dire consequences through in-laws of their son and his wife, so my client(s) debarred both of them from their all moveable and immovable properties either self-acquired or ancestral whosoever, if anyone deals with them then he/she shall be solely responsible for their all acts, deeds and consequences.

**DEVENDER SINGH Advocate**
Chamber No.832
Patiala House Courts
New Delhi-110001

# ਰਾਗ ਨਾਦ ਸਬਦਿ ਸੋਹਣੇ 15

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 15ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਸੂਹੀ' ਬਾਰੇ....

## ਰਾਗ ਸੂਹੀ



ਸੂਹੀ ਰਾਗ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਵਿਚ ਪੰਦਰਵੇਂ ਸਥਾਨ 'ਤੇ ਆਉਂਦਾ ਹੈ। ਇਸ ਰਾਗ ਵਿਚਲੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 728 ਤੋਂ 794 ਤਕ ਸੁਸ਼ੋਭਿਤ ਹੈ। ਭਾਵੇਂ ਇਹ ਰਾਗ ਅਪ੍ਰਚਲਿਤ ਰਾਗ ਮੰਨਿਆ ਜਾਂਦਾ ਹੈ ਪਰ ਗੁਰਮਤਿ ਸੰਗਤਿ ਦੇ ਖੇਤਰ ਵਿਚ ਇਕ ਪ੍ਰਸਿੱਧ ਰਾਗ ਹੈ। ਇਸ ਦਾ ਮੁੱਖ ਕਾਰਨ ਹੈ ਕਿ ਸਿੱਖ ਦੇ ਜੀਵਣ ਦੇ ਇਕ ਮਹੱਤਵਪੂਰਣ ਅੰਗ 'ਅਨੰਦ ਕਾਰਜ' ਮੌਕੇ ਗੁਰੂ ਰਾਮਦਾਸ ਜੀ ਵੱਲੋਂ ਸੂਹੀ ਰਾਗ ਵਿਚ ਉਚਾਰਣ ਕੀਤੀਆਂ ਗਈਆਂ ਚਾਰ ਲਾਵਾਂ ਦਾ ਪਾਠ ਵਿਆਂਦੜ ਜੋੜੀ ਦੀਆਂ ਲਾਵਾਂ ਮੌਕੇ ਵਿਸ਼ੇਸ਼ ਤੌਰ 'ਤੇ ਕੀਤੇ ਜਾਣ ਦੀ ਮਰਿਆਦਾ ਹੈ। ਜਿਸ ਨੂੰ ਕੀਰਤਨ ਅਤੇ ਪਾਠ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਹੀ ਵਿਆਹ ਅਨੰਦ ਸੰਸਕਾਰ ਦੀ ਰਸਮ ਨੂੰ ਸੰਪੂਰਣ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਰਾਗ ਸੂਹੀ ਦੇ ਅਧੀਨ ਦਰਜ ਹੈ। ਰਾਗ ਸੂਹੀ ਦੇ ਅੰਤਰਗਤ ਇਸ ਰਾਗ ਦੀਆਂ ਦੋ ਕਿਸਮਾਂ 'ਸੂਹੀ ਕਾਫੀ' ਅਤੇ 'ਸੂਹੀ ਲਲਿਤ' ਵੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਸੂਹੀ ਦਾ ਭਾਰਤੀ ਸੰਗੀਤ ਵਿਚ ਜ਼ਿਕਰ ਘੱਟ ਹੀ ਮਿਲਦਾ ਹੈ ਅਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 222 'ਤੇ ਲਿਖਦੇ ਹਨ ਕਿ 'ਇਹ ਇਕ ਰਾਗਣੀ ਹੈ, ਜਿਸ ਨੂੰ 'ਸੂਹਾ' ਵੀ ਆਖਦੇ ਹਨ। ਇਹ ਕਾਫੀ ਥਾਟ ਦੀ ਸ਼ਾੜਵ ਰਾਗਣੀ ਹੈ, ਜਿਸ ਵਿਚ ਧੈਵਤ ਵਰਜਿਤ ਹੈ। ਸੂਹੀ 'ਚ ਗਾਂਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ। ਵਾਦੀ ਮੱਧਮ ਅਤੇ ਸੜਜ਼ ਸੰਵਾਦੀ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਦਾ ਹੈ।' •

98150-24920

# ਗੌਸ ਅਤੇ ਗੌਸ-ਏ-ਆਜ਼ਮ

ਸੂਫ਼ੀ ਦਰਵੇਸ਼ਾਂ ਨੂੰ ਉਨ੍ਹਾਂ ਦੀ ਰੂਹਾਨੀ ਰਸਾਈ ਅਤੇ ਅਧਿਆਤਮਿਕ ਪਹੁੰਚ ਮੁਤਾਬਿਕ ਅੱਲਾਹ ਤਾਅਲਾ ਵੱਲੋਂ ਦਰਜੇ, ਮਰਤਬੇ, ਪਦਵੀਆਂ, ਲਕਬ ਅਤੇ ਖ਼ਿਤਾਬ ਅਤਾ ਕੀਤੇ ਜਾਂਦੇ ਹਨ। ਇਨ੍ਹਾਂ ਦਰਜਿਆਂ, ਮਰਤਬਿਆਂ ਅਤੇ ਖ਼ਿਤਾਬਾਂ ਵਿੱਚੋਂ ਇਕ ਖ਼ਿਤਾਬ ਜਾਂ ਲਕਬ ਗੌਸ ਦਾ ਹੈ, ਜੋ ਵੱਡੇ ਮਰਤਬਿਆਂ ਵਿੱਚੋਂ ਇਕ ਹੈ। ਗੌਸ ਅਤੇ ਕੁਤਬ ਦੇ ਲਕਬ ਲਗਪਗ ਸਮਾਨਤਾ ਵਾਲੇ ਹਨ। ਬਾਕੀ ਲਕਬ ਅਬਦਾਲ, ਕੁਤਬ ਔਲੀਆ, ਕੁਤਬ ਅਕਤਾਬ ਅਤੇ ਵਲੀ ਵਗੈਰਾ ਗੌਸ ਲਕਬ ਤੋਂ ਹੇਠਾਂ ਹਨ।

ਗੌਸ-ਏ-ਆਜ਼ਮ ਸੂਫ਼ੀ ਸਰਵੇਸ਼ਾਂ ਦਾ ਸਭ ਤੋਂ ਵੱਡਾ ਲਕਬ ਹੈ ਜੋ ਪੀਰਾਨੇ-ਪੀਰ ਹਜ਼ਰਤ ਸ਼ੇਖ਼ ਅਬਦੁਲ ਕਾਦਿਲ ਜੀਲਾਨੀ ਦਾ ਹੈ। ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਲਕਬ ਗੌਸ-ਏ-ਆਜ਼ਮ ਦਾ ਹੈ ਅਤੇ ਆਪ ਨੂੰ ਸਭ ਸੂਫ਼ੀ ਸਿਲਸਿਲਿਆਂ ਵਿਚ ਮਾਣ-ਸਤਿਕਾਰ ਹਾਸਲ ਹੈ। ਸਭ ਸੂਫ਼ੀ ਸਿਲਸਿਲਿਆਂ ਦੇ ਬਜ਼ੁਰਗ ਆਪ ਨੂੰ ਵੱਡੇ ਪੀਰ ਦਸਤਗੀਰ ਦੇ ਨਾਂ ਨਾਲ ਜਾਣਦੇ ਹਨ ਅਤੇ ਇਹਤਰਾਮ ਦਿੰਦੇ ਹਨ। ਆਪ ਨੂੰ ਸੂਫ਼ੀ ਸਿਲਸਿਲਾ ਕਾਦਰੀਆਂ ਦਾ ਬਾਨੀ ਮੰਨਿਆ ਜਾਂਦਾ ਹੈ। ਗੌਸ-ਏ-ਆਜ਼ਮ ਹਜ਼ਰਤ ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦਾ ਜੀਵਨ ਕਾਲ 1077 ਤੋਂ 1166 ਈਸਵੀ ਤਕ ਮੰਨਿਆ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

# ਮਨ ਜੀਤੈ ਜਗੁ ਜੀਤੁ

ਸੁਖਪਾਲ ਸਿੰਘ ਗਿੱਲ



ਮਨ ਸ਼ੈਤਾਨ ਹੈ,।ਸ਼ੁਰੂ ਤੋਂ ਹੀ ਮਨ-ਮਰਜ਼ੀ ਕਰ ਕੇ ਮਨੁੱਖ ਨੂੰ ਚਲਾਉਂਦਾ ਹੈ। ਤਨ ਅਤੇ ਮਨ ਦਾ ਸੁਮੇਲ ਧੰਨ ਪ੍ਰਾਪਤੀ ਦੀ ਦੌੜ ਲਗਾਉਂਦਾ ਹੈ।ਜਿਸ ਨਾਲ ਕਈ ਬੁਰਾਈਆਂ ਜਨਮ ਲੈਂਦੀਆ ਹਨ। ਭੁੱਲਿਆ, ਭਟਕਿਆ ਅਤੇ ਤਰੰਗਾਂ ਭਰਿਆ ਮਨ ਬੰਦੇ ਨੂੰ ਟਿਕਣ ਨਹੀਂ ਦਿੰਦਾ। ਇਕ ਕਹਾਵਤ ਹੈ ਕਿ 'ਖਾਈਏ ਮਨ ਭਾਉਂਦਾ', ਇਸ ਕਹਾਵਚ ਨੇ ਰੁਖ਼ ਮੋੜ ਲਿਆ ਹੈ ਕਿ।ਜੋ ਮਨ ਨੂੰ ਭਾਉਂਦਾ ਹੈ, ਉਸ ਨੂੰ ਖਾਣ ਲਈ ਸਿਹਤ ਆਗਿਆ ਨਹੀਂ ਦਿੰਦੀ।

ਖੋਟਾ ਅਤੇ ਮੈਲਾ ਮਨ ਸੁੱਧ-ਬੁੱਧ ਗੁਆ ਦਿੰਦਾ ਹੈ। ਮਨ ਦੇ ਆਖੇ ਲੱਗ ਕੇ ਖਾਧਾ, ਪੀਤਾ, ਪਹਿਨਿਆ ਅਤੇ ਸੁਣਿਆ ਹੋਇਆ ਝੰਜਟ ਪੈਦਾ ਕਰਦਾ ਹੈ। ਮਨ ਅਜਿਹੀ ਸ਼ੈਅ ਹੈ, ਜੋ ਜਾਣਦੀ ਹੋਈ ਵੀ ਅਣਜਾਣਤਾ ਵਾਲੀ ਸਥਿਤੀ ਪੈਦਾ ਕਰਦੀ ਹੈ। ਇਸੇ ਲਈ ਸ਼ੈਤਾਨ ਮਨ ਦੀ ਖੋਜ ਉਪਜੀ ਹੈ। ਜਦੋਂ ਮਨ ਨੂੰ ਕਾਬੂ ਵਿਚ ਰੱਖ ਕੇ ਕੁਝ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ 'ਮਨ ਮਾਰ ਕੇ ਹੀ ਕੰਮ ਕੀਤਾ ਜਾਂਦਾ ਹੈ।'।ਇਸ ਸਾਰੇ ਘਟਨਾਕ੍ਰਮ ਵਿਚ ਮਨ ਕਮਜ਼ੋਰ ਹੋ ਕੇ ਰੋਗੀ ਬਣ ਜਾਂਦਾ ਹੈ। ਇਸ ਨਾਲ ਮਨੁੱਖੀ ਵਿਕਾਸ ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹੈ। ਰੋਗੀ ਤੇ ਸੋਗੀ ਮਨ ਕੰਧਾਂ 'ਚ ਟੱਕਰਾਂ ਮਾਰਨ ਵਾਂਗ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਉਚਾਰ ਕੇ ਬਹੁਤ ਪਹਿਲਾ ਹੀ ਮਨ ਨੂੰ ਜਿੱਤਣ ਦਾ ਸੰਦੇਸ਼ ਦੇ ਦਿੱਤਾ ਸੀ। ਇਹ ਸੰਦੇਸ਼ ਮਨੁੱਖਤਾ ਦੀ ਭਲਾਈ ਤੇ ਵਿਕਾਸ ਲਈ ਜ਼ਰੂਰੀ ਹੈ। ਗੁਰੂ ਸਾਹਿਬ ਦੇ ਫ਼ੁਰਮਾਨਾਂ ਨੂੰ ਜੀਵਨ 'ਚ ਢਾਲ ਕੇ ਹੀ ਮਨੁੱਖ ਦੇ ਲੋਕ-ਪਰਲੋਕ ਸ਼ਾਂਤਮਈ ਹੋ ਸਕਣਗੇ ਤੇ ਦੁਨਿਆਵੀ ਸਲੀਕਾ ਵੀ ਕਾਇਮ ਰਹਿ ਸਕੇਗਾ। ਸਾਰੀ ਦੁਨੀਆ ਵੀ ਜੇ ਮਨੁੱਖ ਜਿੱਤ ਲਵੇ ਪਰ ਆਪਣਾ ਮਨ ਨਾ ਜਿੱਤ ਸਕੇ ਤਾਂ ਇਹ ਪ੍ਰਾਪਤੀ ਨਿਰਾਰਥਕ ਹੈ। ਧੰਨ ਗੁਰੂ ਨਾਨਕ ਧੰਨ ਹੇ ਉਨ੍ਹਾਂ ਦਾ ਸੰਦੇਸ਼-'ਮਨ ਜੀਤੈ ਜਗ ਜੀਤੁ।' •

98781-11445

## ਯਹੀਆ ਖ਼ਾਨ ਤੇ ਲਖਪਤ ਰਾਏ ਨੇ ਭਾਰੀ ਲਸ਼ਕਰ ਤੇ ਗੋਲੇ-ਬਾਰੂਦ ਨਾਲ ਕਾਹਨੂੰਵਾਨ ਛੰਭ 'ਚ ਲੁਕੇ ਸਿੰਘਾਂ ਉੱਪਰ ਹਮਲਾ ਬੋਲ ਦਿੱਤਾ ਪਰ ਸਿੰਘਾਂ ਨੇ ਇਹ ਲੜਾਈ ਪੂਰੀ ਸਿਦਕਦਿਲੀ ਨਾਲ ਲੜੀ...

# ਸਿੱਖੀ ਸਿਦਕ ਦੀ ਵੱਡੀ ਪਰਖ ਛੋਟਾ ਘੱਲੂਘਾਰਾ



ਧਰਮਿੰਦਰ ਸਿੰਘ ਚੱਬਾ

ਸਿੱਖ ਇਤਿਹਾਸ ਵਿਚ ਛੋਟਾ ਘੱਲੂਘਾਰਾ ਨਾਂ ਦਾ ਦੁਖਾਂਤ 17 ਮਈ 1746 ਈਸਵੀ ਨੂੰ ਵਾਪਰਿਆ।।ਇਤਹਾਸ ਦੇ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ 1726 ਈਸਵੀ ਨੂੰ ਅਬਦੁਸ-ਸੱਮਦ ਖ਼ਾਂ ਦੀ ਥਾਂ ਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਸੀ, ਜੋ ਆਪਣੇ ਬਾਪ ਜ਼ਕਰੀਆ ਖ਼ਾਨ ਵਾਂਗ ਹੀ ਜ਼ਾਲਮ ਤੇ ਨਿਰਦਈ ਸੀ।

ਯਹੀਆ ਖ਼ਾਨ ਨੇ ਲੱਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਏਮਨਾਬਾਦ ਦਾ ਫ਼ੌਜਦਾਰ ਨਿਯੁਕਤ ਕੀਤਾ ਸੀ।ਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੱਤੇ ਹੋਏ ਸਨ। 1746 ਵਿਚ ਜਸਪਤ ਰਾਏ ਨੇ ਆਮ ਜਨਤਾ 'ਤੇ ਹੱਦੋਂ ਵੱਧ ਸਖ਼ਤੀ ਕਰ ਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਸਾਰੇ ਲੋਕ ਤੰਗ ਆ ਕੇ ਖ਼ਾਲਸਾ ਫ਼ੌਜ ਵਿਚ ਸ਼ਾਮਲ ਹੋ ਗਏ। ਸਿੱਖਾਂ ਦਾ ਇਹ ਜਥਾ ਘੁੰਮਦਾ ਘੁੰਮਾਉਂਦਾ ਏਮਨਾਬਾਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਰੋੜੀ ਸਾਹਬ ਪਹੁੰਚ ਗਿਆ। ਫ਼ੌਜਦਾਰ ਜਸਪਤ ਰਾਏ ਨੂੰ ਜਦ ਇਹ ਇਤਲਾਹ ਮਿਲੀ ਕਿ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਰੋੜੀ ਸਾਹਬ ਵਿਖੇ ਆ ਕੇ ਠਹਿਰਿਆ ਹੋਇਆ ਹੈ।ਤਾਂ ਜਸਪਤ ਰਾਏ ਫ਼ੌਜ ਲੈ ਕੇ ਉੱਥੇ ਪਹੁੰਚ ਗਿਆ ਤੇ ਸਿੱਖਾਂ ਨੂੰ ਕਹਿਣ ਲੱਗਾ ਕਿ 'ਤੁਸੀਂ ਇੱਥੋਂ ਚਲੇ ਜਾਉ।'

ਸਿੱਖਾਂ ਨੇ ਕਿਹਾ ਕਿ 'ਸਾਡੇ ਪਾਸ ਰਸਦ-ਪਾਣੀ ਖ਼ਤਮ ਹੋ ਚੁੱਕਾ ਹੈ। ਅਸੀ ਇਕ ਰਾਤ ਇਥੇ ਠਹਿਰ ਕੇ ਰਸਦ-ਪਾਣੀ ਇਕੱਠਾ ਕਰ ਕੇ ਸਵੇਰ ਹੁੰਦਿਆਂ ਹੀ ਇਥੋਂ ਚਲੇ ਜਾਵਾਂਗੇ।' ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿਚ ਸੀ। ਉਸ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਿੱਖਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ। ਦੋਵਾਂ ਪਾਸਿਓਂ ਗਹਿਗੱਚ ਲੜਾਈ ਹੋਈ। ਇਸੇ ਲੜਾਈ ਦੌਰਾਨ ਨਿਰਭੈ ਸਿੰਘ ਨਾਂ ਦਾ ਇਕ ਸਿੱਖ ਬਿਜਲੀ ਦੀ ਤਰ੍ਹਾਂ ਫ਼ੁਰਤੀ ਵਿਖਾਉਂਦਿਆਂ ਫ਼ੌਜਦਾਰ ਜਸਪਤ ਰਾਏ ਦੇ ਹਾਥੀ ਦੀ ਪੂਛ ਫੜ ਕੇ ਹਾਥੀ ਉੱਪਰ ਚੜ੍ਹ ਗਿਆ ਤੇ ਹਾਥੀ 'ਤੇ ਸਵਾਰ ਜਸਪਤ ਰਾਏ ਦੀ ਗਰਦਨ ਉਡਾ ਦਿੱਤੀ।

ਜਸਪਤ ਰਾਏ ਦੀ ਮੌਤ ਨਾਲ ਮੁਗ਼ਲ ਫ਼ੌਜ ਵਿਚ ਭਗਦੜ ਮਚ ਗਈ ਤੇ ਫ਼ੌਜ ਮੈਦਾਨ ਛੱਡ ਕੇ ਭੱਜ ਗਈ। ਸਿੱਖਾਂ ਨੇ ਮੌਕਾ ਸੰਭਾਲਦਿਆਂ ਜਿੰਨਾ ਹੋ ਸਕਦਾ ਸੀ ਏਮਨਾਬਾਦ ਸ਼ਹਿਰ ਵਿੱਚੋਂ ਰਸਦ-ਪਾਣੀ ਇਕੱਠਾ ਕਰ ਲਿਆ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਦੇ ਮਿਨਤਾਂ-ਤਰਲੇ ਕਰਨ ਲੱਗਾ। ਉਸ ਨੇ ਆਪਣੇ ਸਿਰ ਤੋਂ ਪਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਉਹ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾ ਲੈਂਦਾ, ਉਹ ਆਪਣੇ ਸਿਰ 'ਤੇ ਪੱਗ ਨਹੀ ਬੰਨ੍ਹੇਗਾ।

ਸਿੱਖ ਕਤਲੇਆਮ ਦੀ ਇਹ ਜ਼ਾਲਮਾਨਾ ਕਾਰਵਾਈ ਦੀ ਸ਼ੁਰੂਆਤ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਜਿੱਥੇ ਵੀ ਸਿੱਖ ਦਿਖਾਈ ਦਿੰਦਾ ਸੀ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੱਖਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਨ੍ਹਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਦਿੱਤੀ ਕਿਉਂਕਿ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰ' ਜਾਂ 'ਗੁਰੂ' ਸ਼ਬਦ ਦਾ ਭੁਲੇਖਾ ਲੱਗਦਾ ਸੀ। ਉਸਨੇ 'ਗੁੜ' ਸ਼ਬਦ ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਸ੍ਰੀ ਗੁਰੂ ਗ੍ਰੰਥ ਸ਼ਬਦ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ।



ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ।


ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਨ੍ਹਾਂ ਨੇ ਸਿਰਕੱਢ ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ, ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫ਼ੌਜੀ ਛਾਉਣੀ ਤਿੱਬੜ ਤੋਂ ਸੱਜੇ ਪਾਸੇ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਸ ਲੜਾਈ ਵਿਚ ਅੱਗੇ ਹੋ ਕੇ ਲੜੇ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ ਗ੍ਰੰਥ 'ਪੰਥ ਪ੍ਰਕਾਸ਼' ਵਿਚ ਮਿਲਦੇ ਹਨ।

ਇਸ ਛੰਭ ਵਿਚ ਕਰੀਬ 15,000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25,000 ਲਿਖੀ ਹੈ। ਸੂਹ ਮਿਲਣ 'ਤੇ ਜ਼ਕਰੀਆ ਖ਼ਾਨ ਦਾ ਪੁੱਤਰ ਯਹੀਆ ਖ਼ਾਨ ਤੇ ਲਖਪਤ ਰਾਏ ਭਾਰੀ ਭਰਕਮ ਲਸ਼ਕਰ ਤੇ ਗੋਲੇ-ਬਾਰੂਦ ਨਾਲ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਸਿੱਖਾਂ ਉੱਪਰ ਅੱਗ ਦੇ ਗੋਲੇ ਵਰ੍ਹਾਏ ਗਏ। ਸਿੰਘ ਰਾਤ ਸਮੇਂ ਹਨੇਰੇ ਦਾ ਫ਼ਾਇਦਾ ਲੇ ਕੇ ਲਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ-ਪਾਣੀ ਲੁੱਟ ਕੇ ਫਿਰ ਛੰਭ 'ਚ ਜਾ ਵੜਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ-ਭਾਣੇ ਰਹਿ ਕੇ ਸਿੰਘ ਕਈ ਮਹੀਨਿਆਂ ਤਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਾ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ-ਕਸ਼ਮੀਰ ਭੇਜਣ ਦੇ ਬਹਾਨੇ ਉਸ ਰਸਤੇ ਭੇਜ ਦਿੱਤਾ ਅਤੇ ਨਾਲ ਹੀ ਆਪਣੇ ਗੁਪਤਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਣ ਇਸ ਰਸਤਿਉਂ ਲੰਘੇ ਤਾਂ ਇਸ ਨੂੰ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਾਰਨ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਵੀ ਯਾਦ ਕਰਦੇ ਹਨ। ਇਹ ਲੜਾਈ ਤਿੰਨ ਮਹੀਨੇ ਤੋਂ ਜ਼ਿਆਦਾ ਚੱਲੀ। ਜਿਸ ਕਾਰਨ ਕੌੜਾ ਮੱਲ ਵੱਲੋਂ ਭੇਜਿਆ ਰਾਸ਼ਨ ਵੀ ਖ਼ਤਮ ਹੋ ਗਿਆ। ਗੋਲੀ-ਸਿੱਕਾ ਵੀ ਖ਼ਤਮ ਹੋ ਗਿਆ। ਲੜਦਿਆਂ ਹਥਿਆਰ ਵੀ ਖੁੰਢੇ ਹੋ ਗਏ।

ਲਖਪਤ ਰਾਏ ਦਾ ਮਾਮਾ ਅਤੇ ਪੁੱਤਰ ਇਸ ਜੰਗ ਵਿਚ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਨੇ ਗੁੱਸੇ ਵਿਚ ਅੰਨ੍ਹੇ ਹੋਏ ਨੇ ਛੰਭ ਨੂੰ ਅੱਗ ਲਗਵਾ ਦਿੱਤੀ। ਮਜਬੂਰ ਹੋ ਕੇ ਭੁੱਖਣ ਭਾਣੇ ਸਿੰਘਾਂ ਨੂੰ ਛੰਭ ਵਿੱਚੋਂ ਨਿਕਲਣਾ ਪਿਆ। ਸਿੱਖ ਛੰਭ ਵਿੱਚੋਂ ਨਿਕਲ ਕੇ ਮੁਗ਼ਲ ਫ਼ੌਜ ਨਾਲ ਲੜਦੇ-ਲੜਦੇ ਬਿਆਸ ਦਰਿਆ ਵੱਲ ਨੂੰ ਹੋ ਤੁਰੇ ਪਰ ਅੱਗੇ ਬਿਆਸ ਦਰਿਆ ਵੀ ਠਾਠਾਂ ਮਾਰਦਾ ਚੜ੍ਹਿਆ ਹੋਇਆ ਸੀ। ਸਿੰਘਾਂ ਦੇ ਘੋੜੇ ਵੀ ਬੜੇ ਕਮਜ਼ੋਰ ਹੋ ਚੁੱਕੇ ਸਨ। ਅੱਗੇ ਟੋਇਆ ਤੇ ਪਿੱਛੇ ਖਾਈ ਵਾਲੀ ਗੱਲ ਹੋ ਗਈ। ਲੜਾਈ ਸ਼ੁਰੂ ਹੋ ਗਈ ਪਰ ਸਿੱਖਾਂ ਨੇ ਸਿਦਕ ਨਾ ਹਾਰਿਆ ਤੇ ਬਹੁਤ ਸਾਰੇ ਸਿੱਖ ਮੁਗ਼ਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਨ੍ਹਾਂ ਵਿੱਚੋਂ ਇਕ ਜਥੇ ਦੇ ਮੋਢੀ ਸੁੱਖਾ ਸਿੰਘ ਵਰਗਿਆਂ ਨੇ ਮੁਗ਼ਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖ਼ਮੀ ਹੋ ਗਿਆ। ਜਦੋ-ਜ਼ਹਿਦ ਕਰਦਿਆਂ ਸਿੱਖ ਦਰਿਆ ਵਿਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਨਿਕਲ ਗਏ। ਕਈਆਂ ਨੂੰ ਮੁਗ਼ਲਾਂ ਨੇ ਕੈਦ ਕਰ ਲਿਆ।

ਇਸ ਜੰਗ ਵਿਚ ਲਗਪਗ 7,000 (ਕਈ ਇਤਿਹਾਸਕਾਰਾਂ ਅਨੁਸਾਰ 11,000) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3,000 (ਕਈਆਂ ਅਨੁਸਾਰ 2,000) ਦੇ ਕਰੀਬ ਸਿੱਖਾਂ ਨੂੰ ਕੈਦ ਕਰ ਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖਾਸ ਚੌਂਕ ਵਿਚ ਬੜੇ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿੱਖਾਂ ਦੇ ਸਿਰਾਂ ਦੇ ਢੇਰ ਲਗਾ ਦਿੱਤੇ ਗਏ। ਸਰੀਰਾਂ ਨੂੰ ਦੀਵਾਰਾਂ ਵਿਚ ਦੱਬ ਦਿੱਤਾ ਗਿਆ। ਇਸ ਮੰਦਭਾਗੀ ਘਟਨਾ ਨੂੰ ਛੋਟਾ ਘੱਲੂਘਾਰਾ ਜਾਂ ਪਹਿਲਾ ਘੱਲੂਘਾਰਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪ੍ਰਣਾਮ ਸ਼ਹੀਦਾਂ ਨੂੰ। •


# ਸਾਰਿਕਾ ਸ਼ਾਮ ਸੁੰਦਰੀ



ਕਸ਼ਮੀਰੀ ਜ਼ੁਬਾਨ ਵਿਚ ਵੇਸਵਾ ਨੂੰ ਹਾਫ਼ਿਜ਼ਾ ਆਖਦੇ ਹਨ। ਇਕ ਵਾਰ ਇਕ ਹੁਸੀਨ ਹਾਫ਼ਿਜ਼ਾ ਦਾ ਔਖਾ ਵੇਲਾ ਆ ਗਿਆ। ਉਹ ਬੜੀ ਇਕੱਲੀ ਤੇ ਨਿਮਾਣੀ ਜਿਹੀ ਹੋ ਕੇ ਰਹਿ ਗਈ ਤਾਂ ਤਾਸ਼ਵਾਨ ਇਲਾਕੇ ਤੋਂ ਵਿਤਸਤਾ ਨਦੀ ਪਾਰ ਕਰ ਕੇ ਉਸ ਵੇਲੇ ਦੇ ਮੰਨੇ ਹੋਏ ਤ੍ਰਿਕ ਅਚਾਰੀਆ ਸ੍ਰੀ ਰਾਮ ਕੋਲੋਂ ਮੁਰਾਦ ਮੰਗਣ ਪਹੁੰਚੀ।

ਸ੍ਰੀ ਰਾਮ ਆਗੰਮ ਸ਼ਾਸਤਰਾਂ ਦੇ ਗਿਆਤਾ ਸਨ ਤੇ ਸਾਧਨਾ 'ਚ ਕਈ ਵਰ੍ਹੇ ਬੈਠੇ ਰਹਿਣ ਕਾਰਨ ਉਨ੍ਹਾਂ ਦੀਆਂ ਲੱਤਾਂ ਵਿੱਚ ਤੁਰਨ ਦੀ ਸ਼ਕਤੀ ਨਹੀਂ ਸੀ ਰਹੀ। ਉਹ ਆਸ਼ਰਮ ਵਿਚ ਆਪਣੇ ਆਸਣ ਉੱਪਰ ਹੀ ਬੈਠੇ ਰਹਿੰਦੇ ਸਨ ਤੇ ਤਲਬਗ਼ਾਰਾਂ ਨੂੰ ਸ਼ਾਸਤਰਾਂ ਦੀ ਸਿਖਲਾਈ ਦਿੰਦੇ ਰਹਿੰਦੇ ਸਨ।

"ਆਓ ਬੇਟੀ!" ਆਖ ਕੇ ਸ੍ਰੀ ਰਾਮ ਨੇ ਜਦੋਂ ਉਸ ਹਾਫ਼ਿਜ਼ਾ ਨੂੰ ਧੀਰਜ ਬੰਨ੍ਹਵਾਇਆ ਤਾਂ ਆਖਦੇ ਹਨ ਕਿ ਅਚਾਨਕ ਹਾਫ਼ਿਜ਼ ਦੇ ਦਿਨ ਫਿਰ ਗਏ। ਉਸ ਵੇਲੇ ਗਿਲਗਿਤ ਦਾ ਕੋਈ ਅਮੀਰ ਸ੍ਰੀ ਰਾਮ ਦੇ ਆਸ਼ਰਮ ਵਿੱਚ ਆਇਆ ਹੋਇਆ ਸੀ। ਉਸ ਨੇ ਹਾਫ਼ਿਜ਼ਾ ਦਾ ਸੂਫ਼ੀ ਕਲਾਮ ਸਣਿਆ ਤਾਂ ਆਪਣੇ ਖਜ਼ਾਨੇ ਦਾ ਇਕ ਵੱਡਾ ਹਿੱਸਾ ਉਸ ਦੀ ਨਜ਼ਰ ਕਰ ਦਿੱਤਾ।



**ਸਾਰਿਕਾ ਸ਼ਾਮ ਸੁੰਦਰੀ ਸ੍ਰੀਯੰਤਰ ਦੀ ਪਰਾ ਸ਼ਕਤੀ ਦਾ ਨਾਂ ਹੈ। ਇਕ ਹਾਫ਼ਿਜ਼ਾ ਵੱਲੋਂ ਸ੍ਰੀ ਰਾਮ ਆਸ਼ਰਮ ਵਿਚ ਰੁਹਾਨੀ ਕਲਾਮ ਪੇਸ਼ ਕੀਤੇ ਜਾਣ ਦੀ ਯਾਦ 'ਚ ਫ਼ਤਹਿਕਦਲ ਵਿਖੇ ਆਸ਼ਰਮ ਸਥਾਪਿਤ ਹੈ...**

ਹਾਫ਼ਿਜ਼ਾ ਸ਼ੁਕਰਾਨੇ ਨਾਲ ਭਰੀ ਹੋਈ ਸੁੱਕੇ ਮੇਵਿਆਂ ਦੇ ਥਾਲ ਲੇ ਕੇ ਸ੍ਰੀ ਰਾਮ ਦੇ ਆਸ਼ਰਮ ਗਈ ਤੇ ਉਨ੍ਹਾਂ ਦੇ ਪੈਰ ਛੋਹ ਲਏ। ਸ੍ਰੀ ਰਾਮ ਨੇ ਉਸ ਦੇ ਥਾਲ ਵਿੱਚੋਂ ਇਕ ਬਦਾਮ ਚੁੱਕ ਕੇ ਆਪਣੇ ਆਸਣ ਉੱਪਰ ਰੱਖ ਲਿਆ ਤੇ ਆਪਣੇ ਕੋਲੋਂ ਕੁਝ ਮੋਹਰਾਂ ਦਿੰਦੇ ਹੋਏ ਕਿਹਾ, "ਬੇਟੀ ਦੇ ਘਰ ਦੀ ਵਸਤ ਨਹੀਂ ਲੈ ਸਕਦਾ, ਬੇਟੀ ਚੱਲ ਕੇ ਆਈ ਹੈ, ਇਸ ਲਈ ਕੁਝ ਮੋਹਰਾਂ ਸ਼ਗਨ ਦੇ ਰਿਹਾ ਹਾਂ।"

ਉਸ ਵੇਲੇ ਹਾਫ਼ਿਜ਼ਾ ਦੀਆਂ ਅੱਖਾਂ ਵਿਚ ਹੰਝੂ ਉਤਰ ਆਏ ਤੇ ਉਹ ਭਰੀਆਂ ਅੱਖਾਂ ਨਾਲ ਕਹਿਣ ਲੱਗੀ, "ਮੇਰੀ ਇਕ ਚੀਜ਼ ਜ਼ਰੂਰ ਕਬੂਲ ਕਰ ਲਵੋ, ਮੇਰਾ ਸੂਫ਼ੀ ਕਲਾਮ ਜ਼ਰੂਰ ਸੁਣ ਲਵੋ।" ਸ੍ਰੀ ਰਾਮ ਨੇ ਇਸ ਦੇ ਲਈ ਅਗਲਾ ਦਿਨ ਮੁਕਰਰ ਕੀਤਾ। ਉਨ੍ਹਾਂ ਨੇ ਆਪਣੇ ਸਭ ਮੁਰੀਦਾਂ ਨੂੰ ਬੁਲਾ ਕੇ ਆਖਿਆ, "ਕੱਲ੍ਹ ਸ਼ਾਮ ਆਸ਼ਰਮ ਵਿੱਚ ਸਾਰਿਕਾ ਸ਼ਾਮ ਸੁੰਦਰੀ ਆ ਰਹੀ ਹੈ, ਤੁਸੀਂ ਪਾਕਿ ਨਿਗਾਹਾਂ ਨਾਲ ਉਸ ਪਾਸੋਂ ਜੋ ਮੰਗੋਗੇ, ਤੁਹਾਡੀ ਮੁਰਾਦ ਤੁਹਾਨੂੰ ਮਿਲੇਗੀ।" ਸਾਰਿਕਾ ਸ਼ਾਮ ਸੁੰਦਰੀ, ਸ੍ਰੀ-ਚੱਕਰ ਦੀ ਪਰਾ ਸ਼ਕਤੀ ਨੂੰ ਆਖਦੇ ਹਨ, ਇਸ ਲਈ ਮੁਰੀਦ ਹੈਰਾਨ ਹੋ ਗਏ।

ਦੂਜੇ ਦਿਨ ਹਾਫ਼ਿਜ਼ਾ ਨੇ ਜਦੋਂ ਰੂਹ ਵਿਚ ਉਤਰ ਜਾਣ ਵਾਲਾ ਕਲਾਮ ਗਾਇਆ ਤਾਂ ਮੁਰੀਦਾਂ ਨੂੰ ਜਾਪਿਆ ਕਿ ਸੱਚਮੁੱਚ ਹਾਫ਼ਿਜ਼ਾ ਦੇ ਰੂਪ ਵਿਚ ਉਨ੍ਹਾਂ ਨੂੰ ਸਾਰਿਕਾ ਸ਼ਾਮ ਸੁੰਦਰੀ ਦਾ ਦੀਦਾਰ ਹੋਇਆ ਹੈ। ਇਸ ਘਟਨਾ ਦੀ ਯਾਦ ਵਿੱਚ ਸ੍ਰੀ ਰਾਮ ਦਾ ਤ੍ਰਿਕ ਆਸ਼ਰਮ ਅੱਜ ਵੀ ਫ਼ਤਹਿਕਦਲ ਵਿਚ ਕਾਇਮ ਰੱਖਿਆ ਹੋਇਆ ਹੈ। ਭਾਵੇਂ, ਇਸ ਘਟਨਾ ਨੂੰ ਡੇਢ ਸੌ ਸਾਲ ਹੋ ਗਏ ਹਨ, ਤੇ ਕਿਹਾ ਜਾਂਦਾ ਕਿ ਉੱਥੇ ਇਕ ਦਿਨ ਸਾਰਿਕਾ ਸ਼ਾਮ ਸੁੰਦਰੀ ਖ਼ੁਦ ਹਾਜ਼ਰ ਹੋਈ ਸੀ।

• ਫੀਚਰ ਡੈਸਕ

# ਇਸਲਾਮ ਵਿਚ ਰੋਜ਼ੇ ਦੀ ਕਦਰੋ-ਕੀਮਤ

ਪ੍ਰਿੰਸੀਪਲ ਯਾਸੀਨ ਅਲੀ

ਫ਼ਾਕਾ ਕਰਨਾ ਚੰਗੀ ਗੱਲ ਹੈ। ਤਿੰਨ-ਚਾਰ ਦਿਨ ਛੱਡ ਕੇ ਇੱਕ ਵਕਤ ਭੁੱਖੇ ਰਹਿਣਾ ਮਿਹਦੇ ਨੂੰ ਠੀਕ ਰੱਖਦਾ ਹੈ। ਇਹ ਇਨਸਾਨ ਨੂੰ ਤੰਦਰੁਸਤ ਰਹਿਣ ਵਿਚ ਮਦਦ ਦਿੰਦਾ ਹੈ। ਜੇਕਰ ਫਾਕਾ ਜਾਂ ਭੁੱਖ ਬਰਦਾਸ਼ਤ ਕਰਨ ਦੀ ਆਦਤ ਹੈ ਤਾਂ ਅਸੀਂ ਕਿਸੇ ਵੀ ਸਫ਼ਰ ਵਿਚ ਪਰੇਸ਼ਾਨ ਨਹੀਂ ਹੋ ਸਕਦੇ।

ਇਸ ਤੋਂ ਇਲਾਵਾ ਭੁੱਖ ਬਰਦਾਸ਼ਤ ਕਰਨ ਨਾਲ ਸਾਡੇ ਅੰਦਰ ਉਨ੍ਹਾਂ ਗ਼ਰੀਬਾਂ ਪ੍ਰਤੀ ਹਮਦਰਦੀ ਪੈਦਾ ਹੁੰਦੀ ਹੈ ਜੋ ਭੁੱਖੇ ਰਹਿਣ ਲਈ ਮਜਬੂਰ ਹਨ।ਕਿਉਂਕਿ ਭੁੱਖ ਨਾਲ ਰੂਹਾਨੀ ਤਾਜ਼ਗੀ ਮਿਲਦੀ ਹੈ ਤੇ ਰੱਬ ਦੀ ਯਾਦ ਵਿਚ ਦਿਲ ਲਗਦਾ ਹੈ। ਇਸਲਾਮ ਵਿਚ ਇਸ ਆਦਤ ਦੀ ਬੜੀ ਤਾਰੀਫ਼ ਕੀਤੀ ਗਈ ਹੈ।ਪਰ ਇਹ ਜ਼ਰੂਰੀ ਹੈ ਇਹ ਸਭ ਕੁੱਝ ਕਰਨਾ, ਰੱਬ ਦੇ ਹੁਕਮ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਤਰੀਕੇ ਮੁਤਾਬਿਕ ਹੋਵੇ। ਇਸਲਾਮ ਅਨੁਸਾਰ ਆਖਰਤ ਦੀ ਜ਼ਿੰਦਗੀ ਦੁਨੀਆ ਦੀ ਜ਼ਿੰਦਗੀ ਦੇ ਮੁਕਾਬਲੇ ਬਹੁਤ ਵੱਡੀ ਹੈ। ਇਸ ਲਈ ਸਾਡਾ ਭੁੱਖਾ ਰਹਿਣਾ ਅਜਿਹਾ ਹੋਵੇ, ਜੋ ਆਖਰਤ ਵਿਚ ਕੰਮ ਆ ਸਕੇ।ਜਿਸ ਨਾਲ ਰੱਬ ਸੱਚਾ ਸਾਡੇ ਲਈ ਜੰਨਤ ਦੇ ਦਰਵਾਜ਼ੇ ਖੋਲ੍ਹ ਦੇਵੇ।

ਰੋਜ਼ਾ ਆਪਣੇ-ਆਪ ਨੂੰ ਸੱਚੇ ਰੱਬ ਲਈ ਹਰ ਚੀਜ਼ ਤੋਂ ਅਲੱਗ ਕਰ ਲੈਣ ਤੇ ਮੁਕੰਮਲ ਤੌਰ 'ਤੇ ਰੱਬ ਵੱਲ ਮੁੜਨ ਦਾ ਨਾਂ ਹੈ। ਇਸਲਾਮ ਵਿਚ ਨਮਾਜ਼ ਤੋਂ ਬਾਅਦ ਰੋਜ਼ੇ ਦਾ ਹੀ ਨੰਬਰ ਆਉਂਦਾ ਹੈ, ਜੋ ਅੱਲ੍ਹਾ ਨੇ ਮੁਸਲਮਾਨਾਂ ਲਈ ਜ਼ਰੂਰੀ (ਫਰਜ਼) ਕੀਤੇ ਹਨ।



**'ਰੋਜ਼ੇ' ਨੂੰ ਅਰਬੀ ਭਾਸ਼ਾ ਵਿਚ 'ਸੌਮ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ-ਰੁਕਣਾ। ਰਮਜ਼ਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਅੱਲ੍ਹਾ ਦਾ ਪੂਰੀ ਇਨਸਾਨੀਅਤ 'ਚ...**

ਨਮਾਜ਼ ਦੀ ਤਰ੍ਹਾਂ ਇਹ ਇਬਾਦਤ ਵੀ ਸ਼ੁਰੂ ਦਿਨ ਤੋਂ ਸਾਰੇ ਨਬੀਆਂ ਦੇ ਪੈਰੋਕਾਰਾਂ 'ਤੇ ਫਰਜ਼ ਰਹੀ ਹੈ। ਪਿਛਲੀਆਂ ਸਾਰੀਆਂ ਉੱਮਤਾਂ ਇਸੇ ਤਰ੍ਹਾਂ ਰੋਜ਼ੇ ਰੱਖਦੀਆਂ ਸਨ, ਜਿਸ ਤਰ੍ਹਾਂ 'ਉਮੱਤੇ ਮੁਹੰਮਦੀਆ' ਰੱਖਦੀ ਹੈ।।ਅੱਜ ਵੀ ਅਕਸਰ ਧਰਮਾਂ 'ਚ ਰੋਜ਼ਾ ਕਿਸੇ ਨਾ ਕਿਸੇ ਸ਼ਕਲ 'ਚ ਜ਼ਰੂਰ ਮੌਜੂਦ ਹੈ।

ਰੋਜ਼ਾ ਹਰ ਸਾਲ ਪੂਰੇ ਇਕ ਮਹੀਨੇ ਲਈ 'ਸ਼ਰੀਅਤ-ਏ-ਮੁਹੰਮਦੀਆ' ਅਨੁਸਾਰ ਆਪਣੀ ਜ਼ਿੰਦਗੀ ਨੂੰ ਗੁਜ਼ਾਰਨ ਦੇ ਮਕਸਦ ਨਾਲ ਟ੍ਰੇਨਿੰਗ ਪੀਰੀਅਡ ਲੈ ਕੇ ਆਉਂਦਾ ਹੈ। ਪੂਰਾ ਮਹੀਨਾ ਸਵੇਰੇ ਸਹਿਰੀ ਲਈ ਉੱਠੋ, ਤੈਅ ਸਮੇਂ 'ਤੇ ਖਾਣਾ-ਪੀਣਾ ਛੱਡ ਦਿਉ, ਦਿਨ ਭਰ ਇਹ ਕੰਮ ਕਰ ਸਕਦੇ ਹੋ। ਸ਼ਾਮ ਨੂੰ ਫਿਰ ਤੈਅ ਸਮੇਂ 'ਤੇ ਰੋਜ਼ਾ (ਖੋਲ੍ਹੋ) ਇਫਤਾਰ ਕਰੋ। ਫਿਰ ਤਰਾਵੀਹ ਲਈ ਮਸਜਿਦ 'ਚ ਜਾਓ ਆਦਿ। ਇਸੇ ਤਰ੍ਹਾਂ ਹਰ ਸਾਲ ਮੁਸਲਮਾਨਾਂ ਨੂੰ ਇਕ ਫ਼ੌਜੀ ਦੀ ਤਰ੍ਹਾਂ ਸਖ਼ਤ ਕਾਨੂੰਨਾਂ ਤਹਿਤ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਫਿਰ ਸਾਲ ਦੇ ਬਾਕੀ ਗਿਆਰਾਂ ਮਹੀਨਿਆਂ ਲਈ ਆਜ਼ਾਦ ਛੱਡ ਦਿੱਤਾ ਜਾਂਦਾ ਹੈ ਤਾਂ ਕਿ ਜੋ ਟ੍ਰੇਨਿੰਗ ਉਸ ਨੇ ਇਕ ਮਹੀਨੇ 'ਚ ਲਈ ਹੈ ਉਸ ਦਾ ਫ਼ਾਇਦਾ ਖ਼ੁਦ ਨੂੰ ਤੇ ਦੂਜੇ ਲੋਕਾਂ ਨੂੰ ਪਹੁੰਚ ਸਕੇ ਅਤੇ ਜੇ ਕੋਈ ਇਸ ਵਿਚ ਕਮੀ ਰਹਿ ਗਈ ਹੈ ਤਾਂ ਅਗਲੇ ਸਾਲ ਦੀ ਟ੍ਰੇਨਿੰਗ 'ਚ ਪੂਰੀ ਕੀਤੀ ਜਾਵੇ।

ਅੱਲਾਮਾ ਇਬਨੇ ਜਾਫ਼ਰੀ 'ਬਸਤਾਨ-ਉਲ-ਵਾਜ਼ੇਨ' ਵਿਚ ਲਿਖਦੇ ਹਨ ਕਿ ਸਾਲ ਦੇ ਬਾਰਾਂ ਮਹੀਨੇ ਹਜ਼ਰਤ ਯਾਕੂਬ (ਅਲੈਹ.) ਦੇ ਬਾਰਾਂ ਪੁੱਤਰਾਂ ਦੀ ਤਰ੍ਹਾਂ ਹਨ, ਉਨਾਂ 'ਚੋਂ ਜਿਵੇਂ ਹਜ਼ਰਤ ਯੂਸਫ਼ (ਅਲੈਹ.) ਉਨ੍ਹਾਂ ਨੂੰ ਸਭ ਤੋਂ ਵੱਧ ਪਿਆਰੇ ਸਨ, ਉਸੇ ਤਰ੍ਹਾਂ ਅੱਲ੍ਹਾ ਨੂੰ ਵੀ ਰਮਜ਼ਾਨ ਦਾ ਮਹੀਨਾ ਸਾਰੇ ਮਹੀਨਿਆਂ ਤੋਂ ਜ਼ਿਆਦਾ ਮਹਿਬੂਬ ਹੈ। ਯੂਸਫ਼ ਦੀ ਦੁਆ ਸਦਕਾ ਜਿਸ ਤਰ੍ਹਾਂ ਅੱਲ੍ਹਾ ਨੇ ਉਸ ਦੇ ਬਾਕੀ ਗਿਆਰਾਂ ਭਰਾਵਾਂ ਨੂੰ ਮਾਫ਼ ਕਰ ਦਿੱਤਾ ਸੀ, ਠੀਕ ਉਸੇ ਤਰ੍ਹਾਂ ਸੱਚਾ ਰੱਬ ਰਮਜ਼ਾਨ ਦੀ ਬਦੌਲਤ ਬਾਕੀ ਗਿਆਰਾਂ ਮਹੀਨਿਆਂ ਦੇ ਗੁਨਾਹ ਬਖ਼ਸ਼ ਦੇਵੇਗਾ।



ਹਜ਼ਰਤ ਮੁਹੰਮਦ ਸਲ. ਫ਼ਰਮਾਉਂਦੇ ਹਨ ਕਿ ਰਜਬ ਅੱਲ੍ਹਾ ਦਾ ਮਹੀਨਾ ਹੈ, ਸ਼ਬਾਨ ਮੇਰਾ ਮਹੀਨਾ ਹੈ ਅਤੇ ਰਮਜਾਨ ਮੇਰੀ ਉੱਮਤ ਦਾ ਮਹੀਨਾ ਹੈ। ਰਜਬ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਕੁਰਆਨ ਸ਼ਰੀਫ ਦਾ ਬਾਕੀ ਕਿਤਾਬਾਂ 'ਚ ਸ਼ਬਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਸਾਰਿਆਂ ਨਬੀਆਂ 'ਚ ਮੇਰਾ ਅਤੇ ਰਮਜ਼ਾਨ ਦਾ ਦਰਜਾ ਬਾਕੀ ਮਹੀਨਿਆਂ 'ਚ ਐਸਾ ਹੈ, ਜੈਸਾ ਅੱਲ੍ਹਾ ਦਾ ਪੂਰੀ ਇਨਸਾਨੀਅਤ 'ਚ। ਹਜ਼ੂਰ ਸਲ. ਨੇ ਹੋਰ ਫਰਮਾਇਆ ਕਿ ਜੇਕਰ ਮੇਰੀ ਉੱਮਤ ਨੂੰ ਪਤਾ ਚੱਲ ਜਾਵੇ ਕਿ ਰਮਜਾਨ ਕੀ ਚੀਜ਼ ਹੈ ਤਾਂ ਮੇਰੀ ਉੱਮਤ ਇਹ ਤਮੰਨਾ ਕਰੇਗੀ ਕਿ ਸਾਰਾ ਸਾਲ ਰਮਜ਼ਾਨ ਹੀ ਹੋ ਜਾਵੇ।

ਰੱਬ ਨੇ ਰਮਜ਼ਾਨ ਦੇ ਮਹੀਨੇ ਵਿਚ ਸਵੇਰੇ ਪਹੁ ਫੁੱਟਣ ਤੋਂ ਸੂਰਜ ਛਿਪਣ ਤਕ ਭੁੱਖੇ ਰਹਿਣ ਤੇ ਨਫ਼ਸਾਨੀ ਚਾਹਤਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ ਹੈ। ਇਸ ਦਾ ਨਾਂ ਹੀ ਰੋਜ਼ਾ ਹੈ। ਹੁਣ ਮਸਲਾ ਇਹ ਉੱਠਦਾ ਹੈ ਕਿ ਰੱਬ ਸਾਨੂੰ ਭੁੱਖਾ ਕਿਉਂ ਰੱਖਣਾ ਚਾਹੁੰਦਾ ਹੈ ਅਤੇ ਇਸ ਦੇ ਬਦਲੇ ਰੱਬ ਸਾਨੂੰ ਕੀ ਦੇਣਾ ਚਾਹੁੰਦਾ ਹੈ। ਰੱਬ ਫਰਮਾਉਂਦਾ ਹੈ ਮੈਂ ਇਨਸਾਨ ਨੂੰ ਨੇਕ ਅਤੇ ਪਰਹੇਜ਼ਗਾਰ ਬਣਾਉਣਾ ਚਾਹੁੰਦਾ ਹਾਂ, ਇਸੇ ਲਈ ਰੱਬ ਨੇ ਸਾਨੂੰ ਰੋਜ਼ੇ ਦਾ ਹੁਕਮ ਦਿੱਤਾ ਹੈ।

ਰੱਬ ਕਿਸੇ ਨੂੰ ਬਰਬਾਦ ਨਹੀਂ ਕਰਨਾ ਚਾਹੁੰਦਾ। ਰੱਬ ਨੇ ਇਨਸਾਨ ਨੂੰ ਰੋਜ਼ੇ ਦੇ ਬਦਲੇ ਵੱਡੇ-ਵੱਡੇ ਇਨਾਮ ਦੇਣ ਦਾ ਵਾਅਦਾ ਕੀਤਾ ਹੈ। ਰੱਬ ਕਹਿੰਦਾ ਹੈ ਕਿ ਹਰ ਨੇਕ ਕੰਮ ਦਾ ਸਵਾਬ (ਬਦਲਾ) ਦਸ ਗੁਣਾ ਹੁੰਦਾ ਹੈ ਅਤੇ ਇਸ ਤੋਂ ਵੱਧ ਸੱਤ ਸੌ ਗੁਣਾ ਤਕ ਹੋ ਸਕਦਾ ਹੈ।ਪਰ ਰੋਜ਼ਾ ਇਸ ਤੋਂ ਅਲੱਗ ਹੈ, ਇਸ ਦੇ ਸਵਾਬ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕੁੱਝ ਇਲਮ ਦੇ ਜਾਣਣ ਵਾਲੇ ਇਉਂ ਕਹਿੰਦੇ ਹਨ ਕਿ ਬੰਦਾ ਜਦੋਂ ਰੋਜ਼ਾ ਰੱਖਦਾ ਹੈ ਤਾਂ ਉਹ ਭੁੱਖਾ ਰਹਿਣ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਨਫ਼ਸਾਨੀ ਚਾਹਤਾਂ ਤੋਂ ਵੀ ਦੂਰ ਰਹਿੰਦਾ ਹੈ। ਇਸ ਤੋਂ ਇਲਾਵਾ ਆਮ ਦਿਨਾਂ ਤੋਂ ਜ਼ਿਆਦਾ ਨਫਲ (ਨਮਾਜ਼ਾਂ) ਪੜ੍ਹਦਾ ਹੈ, ਰੱਬ ਦਾ ਜ਼ਿਕਰ ਕਰਦਾ ਹੈ, ਰਾਤ ਸਮੇਂ ਤਰਾਵੀਹ (ਰਮਜ਼ਾਨ ਦੇ ਮਹੀਨੇ ਦੀ ਖ਼ਾਸ ਨਮਾਜ਼) ਪੜ੍ਹਦਾ ਹੈ, ਭਾਵ ਇੰਨਾ ਸਵਾਬ ਕਮਾਉਂਦਾ ਹੈ ਕਿ ਜਿਸ ਨੂੰ ਫਰਿਸ਼ਤੇ ਲਿਖਣ ਤੋਂ ਕਾਸਿਰ (ਬੇਬੱਸ) ਹੋ ਜਾਂਦੇ ਹਨ। ਇਸ ਕਰਕੇ ਰੱਬ ਨੇ ਇਹ ਜ਼ਿੰਮੇਵਾਰੀ ਆਪ ਲਈ ਹੈ ਕਿ ਰੋਜ਼ਾਦਾਰ ਨੂੰ ਸਵਾਬ ਮੈਂ ਖ਼ੁਦ ਦੇਵਾਂਗਾ। ਇਸਲਾਮ ਦੇ ਆਖ਼ਰੀ ਨਬੀ ਹਜ਼ਰਤ ਮੁਹੰਮਦ (ਸਲ.) ਫਰਮਾਉਂਦੇ ਹਨ ਕਿ ਜੰਨਤ ਦੇ ਅੱਠ ਦਰਵਾਜ਼ਿਆਂ ਵਿੱਚੋਂ ਇਕ ਦਰਵਾਜ਼ਾ ਸਿਰਫ਼ ਰੋਜ਼ੇਦਾਰਾਂ ਲਈ ਹੈ ਤੇ ਜੋ ਬੰਦਾ ਇਕ ਵਾਰ ਇਸ ਦਰਵਾਜ਼ੇ ਵਿੱਚੋਂ ਲੰਘ ਗਿਆ ਤਾਂ ਉਸ ਨੂੰ ਕਦੇ ਵੀ ਭੁੱਖ ਜਾਂ ਪਿਆਸ ਮਹਿਸੂਸ ਨਹੀਂ ਹੋਵੇਗੀ।

ਇਸੇ ਤਰਾਂ ਹਜ਼ੂਰ (ਸਲ.) ਫਰਮਾਉਂਦੇ ਹਨ ਕਿ ਰੋਜ਼ੇਦਾਰ ਲਈ ਰੱਬ ਵੱਲੋਂ ਦੋ ਖ਼ਾਸ ਮਿਹਰਬਾਨੀਆਂ ਹਨ, ਜਿਨ੍ਹਾਂ ਵਿੱਚੋਂ ਇਕ ਰੋਜ਼ਾ ਖੁੱਲ੍ਹਣ ਸਮੇਂ ਤੇ ਦੂਜੀ ਮਿਹਰਬਾਨੀ ਉਦੋਂ ਹੋਵੇਗੀ ਜਦੋਂ ਮਰਨ ਉਪਰੰਤ ਰੱਬ ਨਾਲ ਮੁਲਾਕਾਤ ਹੋਵੇਗੀ ਜੋ ਕਿ ਆਖ਼ਰਤ ਦੀਆਂ ਮਿਹਰਬਾਨੀਆਂ 'ਚੋਂ ਸਭ ਤੋਂ ਵੱਡੀ ਮਿਹਰਬਾਨੀ ਹੈ। ਇਸ ਤੋਂ ਇਲਾਵਾ ਰੋਜ਼ਾ ਰੱਬ ਅੱਗੇ ਰੋਜ਼ੇਦਾਰ ਦੀ ਸਿਫਾਰਸ਼ ਕਰਦਾ ਹੋਇਆ ਕਹੇਗਾ ਕਿ ਮੈਂ ਇਸ ਨੂੰ ਭੁੱਖਾ ਰੱਖਿਆ ਅਤੇ ਹਰੇਕ ਨਫ਼ਸਾਨੀ ਚਾਹਤ ਤੋਂ ਦੂਰ ਰੱਖਿਆ, ਇਸ ਲਈ ਤੂੰ ਇਸ ਨੂੰ ਮਾਫ਼ ਕਰ ਦੇ।

ਸੱਚਾ ਰੱਬ ਸਾਨੂੰ ਇਸ ਮਹੀਨੇ ਦੀਆਂ ਬਰਕਤਾਂ ਤੋਂ ਮਾਲਾ-ਮਾਲ ਫਰਮਾਵੇ ਤੇ ਇਸ ਮਹੀਨੇ 'ਚ ਜ਼ਿਆਦਾ ਤੋਂ ਜ਼ਿਆਦਾ ਇਬਾਦਤ ਕਰਨ ਦਾ ਬਲ ਬਖ਼ਸ਼ੇ। ਆਮੀਨ॥ •

92565-57957

## ਰਮਜ਼ਾਨ ਮਹੀਨੇ 'ਤੇ ਵਿਸ਼ੇਸ਼

# ਰਮਜ਼ਾਨ-ਉਲ-ਮੁਬਾਰਕ

ਮੁਹੰਮਦ ਇਕਬਾਲ



ਇਸਲਾਮੀ ਇਤਿਹਾਸ ਅਨੁਸਾਰ ਹਿਜਰੀ ਸੰਨ ਦੇ 9ਵੇਂ ਮਹੀਨੇ ਰਮਜ਼ਾਨ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ ਕਿਉਂਕਿ ਇਸ ਮਹੀਨੇ ਦੀ ਇਕ ਭਾਗਾਂ ਵਾਲੀ ਰਾਤ ਨੂੰ ਸੰਸਾਰ ਦੇ ਪਾਲਣਹਾਰ ਨੇ ਸਾਰੇ ਇਨਸਾਨਾਂ ਦੀ ਹਦਾਇਤ ਲਈ ਅੱਜ ਤੋਂ 1444 ਸਾਲ ਪਹਿਲਾਂ ਆਪਣੀ ਆਖ਼ਰੀ ਅਸਮਾਨੀ ਕਿਤਾਬ 'ਪਵਿੱਤਰ ਕੁਰਾਨ' ਦੇ ਕੁਝ ਅੰਸ਼ ਦੇ ਕੇ ਆਪਣੇ ਵਿਸ਼ੇਸ਼ ਫਰਿਸ਼ਤੇ 'ਜਿਬਰਾਈਲ (ਅਲੈ.) ਨੂੰ ਅਰਬ ਦੇ ਪ੍ਰਸਿੱਧ ਮੱਕਾ ਦੇ ਵਸਨੀਕ ਹਜ਼ਰਤ ਮੁਹੰਮਦ ਸਾਹਿਬ ਦੇ ਦਿਲ 'ਤੇ ਨਾਜ਼ਲ ਕਰਨ ਲਈ ਭੇਜਿਆ ਅਤੇ ਆਪ ਨੂੰ ਆਪਣਾ ਆਖ਼ਰੀ ਪੈਗ਼ੰਬਰ ਹੋਣ ਦਾ ਵੀ ਮਾਣ ਬਖ਼ਸ਼ਿਆ।

ਇਸ ਪਵਿੱਤਰ ਕਿਤਾਬ ਨੂੰ ਰੱਬ ਵੱਲੋਂ ਥੋੜ੍ਹਾ-ਥੋੜ੍ਹਾ ਕਰ ਕੇ ਲੋੜ ਅਨੁਸਾਰ ਨਾਜ਼ਲ ਕੀਤਾ ਜਾਂਦਾ ਰਿਹਾ। ਇੰਝ ਕੁਰਾਨ ਮਜੀਦ ਨੂੰ ਮੁਕੰਮਲ ਹੋਣ 'ਚ ਲਗਪਗ 23 ਸਾਲ ਦਾ ਸਮਾਂ ਲੱਗਾ। ਆਪਣੇ ਵੱਲੋਂ ਕੀਤੇ ਗਏ ਅਹਿਸਾਨ ਤੇ ਇਨਾਮ ਨੂੰ ਇਸ ਕਿਤਾਬ ਉਪਰ ਈਮਾਨ ਰੱਖਣ ਵਾਲਿਆਂ ਦੇ ਦਿਲਾਂ ਵਿਚ ਇਸ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅੱਜ ਤੋਂ 1429 ਸਾਲ ਪਹਿਲਾਂ ਅੱਲ੍ਹਾ ਤਾਅਲਾ ਵੱਲੋਂ ਰਮਜ਼ਾਨ ਮਹੀਨੇ ਦੇ ਰੋਜ਼ੇ ਰੱਖਣੇ ਫਰਜ਼ ਕੀਤੇ ਗਏ। ਇਹ ਰੋਜ਼ੇ ਕੇਵਲ ਅੱਜ ਦੇ ਮੁਸਲਮਾਨਾਂ ਤੇ ਫਰਜ਼ ਨਹੀਂ ਕੀਤੇ ਗਏ, ਸਗੋਂ ਕੁਰਆਨ ਪਾਕ ਅਨੁਸਾਰ ਪਹਿਲੀਆਂ ਕੌਮਾਂ 'ਤੇ ਵੀ ਰੱਬ ਨੇ ਰੋਜ਼ੇ ਰੱਖਣੇ ਫਰਜ਼ ਕੀਤੇ ਪਰ ਇਨ੍ਹਾਂ ਦੇ ਰੱਖਣ ਦਾ ਤਰੀਕਾ ਤੇ ਸਮਾਂ ਵੱਖ-ਵੱਖ ਸੀ। ਰੋਜ਼ੇ ਦੌਰਾਨ ਅਸਲ ਵਿਚ ਭੁੱਖ-ਪਿਆਸ ਕਾਰਨ ਵਿਅਕਤੀ ਨੂੰ ਇਸ ਗੱਲ ਦਾ ਅਹਿਸਾਸ ਰਹਿੰਦਾ ਹੈ ਕਿ ਉਹ ਰੋਜ਼ੇ ਦੀ ਹਾਲਤ ਵਿਚ ਹੈ ਭਾਵ ਭੁੱਖਾ-ਪਿਆਸਾ ਰਹਿ ਕੇ ਆਪਣੇ ਇਸ਼ਟ ਨੂੰ ਖ਼ੁਸ਼ ਕਰਨ ਦੀ ਪਰੰਪਰਾ ਸਾਰੇ ਹੀ ਪ੍ਰਮੁੱਖ ਧਰਮਾਂ ਵਿਚ ਹੈ। 'ਰੋਜ਼ੇ' ਨੂੰ ਅਰਬੀ ਭਾਸ਼ਾ ਵਿਚ 'ਸੌਮ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ-ਰੁਕਣਾ।

ਹਦੀਸ ਸ਼ਰੀਫ ਵਿਚ ਹੈ ਕਿ ਰੋਜ਼ਾ ਢਾਲ ਤੇ ਮਜ਼ਬੂਤ ਕਿਲ੍ਹਾ ਹੈ-ਦੋਜ਼ਖ ਤੋਂ ਬਚਣ ਦਾ। ਰੋਜ਼ੇਦਾਰ ਦਾ ਸੌਣਾਂ ਇਬਾਦਤ ਅਤੇ ਚੁੱਪ ਰਹਿਣਾ ਤਸਬੀਹ ਹੈ। ਜਿਹੜਾ ਵਿਅਕਤੀ ਬਿਨਾਂ ਕਿਸੇ ਮਜਬੂਰੀ ਤੋਂ ਰਮਜ਼ਾਨ ਸ਼ਰੀਫ਼ ਦਾ ਇਕ ਰੋਜ਼ਾ ਛੱਡ ਦੇਵੇ ਤੇ ਫਿਰ ਜੇ ਉਹ ਇਸ ਦੇ ਬਦਲੇ ਉਮਰ ਭਰ ਰੋਜ਼ੇ ਰੱਖੇ ਤਾਂ ਵੀ ਰਮਜਾਨ ਸ਼ਰੀਫ਼ ਦੇ ਰੋਜ਼ੇ ਵਾਲਾ ਅਜਰ ਨਹੀ ਪਾ ਸਕਦਾ।

**ਰੋਜ਼ੇ ਦੀ ਨੀਯਤ** : ਨੀਯਤ ਤੋਂ ਭਾਵ ਹੈ ਰੋਜ਼ਾ ਰੱਖਣ ਦਾ ਦਿਲ ਵਿਚ ਇਰਾਦਾ ਕਰਨਾ।

**ਜਿਨ੍ਹਾਂ ਚੀਜ਼ਾਂ ਨਾਲ ਰੋਜ਼ਾ ਟੁੱਟ ਜਾਂਦਾ ਹੈ** : ਕੰਨ ਜਾਂ ਨੱਕ ਵਿਚ ਦਵਾ ਪਾਉਣ ਨਾਲ, ਜਾਣ ਬੁਝ ਕੇ ਉਲਟੀ ਕਰਨ ਨਾਲ, ਕੁਰਲੀ ਕਰਦੇ ਸਮੇਂ ਪਾਣੀ ਅੰਦਰ ਚਲੇ ਜਾਣ ਨਾਲ।

**ਜਿਨ੍ਹਾਂ ਚੀਜ਼ਾਂ ਨਾਲ ਰੋਜ਼ਾ ਨਹੀ ਟੁੱਟਦਾ** : ਭੁੱਲ ਕੇ ਖਾਣ-ਪੀਣ ਨਾਲ। ਕੰਨ ਵਿਚ ਪਾਣੀ ਚਲੇ ਜਾਣ ਨਾਲ। ਆਪਣੇ ਆਪ ਉਲਟੀ ਆ ਜਾਣ ਨਾਲ। ਉਲਟੀ ਆ ਕੇ ਪਿੱਛੇ ਮੁੜ ਜਾਣ ਨਾਲ। ਧੂੜ ਹਲਕ 'ਚ ਚਲੇ ਜਾਣ ਨਾਲ। ਅਜਿਹਾ ਟੀਕਾ, ਜਿਹੜਾ ਸਿੱਧੇ ਤੌਰ ਤੇ ਦਿਮਾਗ਼ ਜਾਂ ਮਿਹਦੇ ਵਿਚ ਨਾ ਲਗਾਇਆ ਜਾਵੇ।


**ਰੋਜ਼ਾ ਖੋਲ੍ਹਣ ਦੀ ਦੁਆ** : ਅੱਲਾਹੁੰਮਾ ਲਕਾ ਸੁਨਤ ਵ-ਅਲਾ ਰਿਜ਼ਕਿਕਾ ਅਫਤਰਤੁ। ਭਾਵ, ਹੇ ਅੱਲਾਹ! ਮੈਂ ਤੇਰੇ ਲਈ ਰੋਜ਼ਾ ਰੱਖਿਆ ਅਤੇ ਤੇਰੇ ਹੀ ਰਿਜ਼ਕ ਨਾਲ ਖੋਲ੍ਹਿਆ।

**ਸਰਘੀ ਤੇ ਅਫਤਾਰੀ** : ਸਰਘੀ ਖਾਣਾ ਸੁੰਨਤ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਇਰਸਾਦ ਹੈ ਕਿ ਸਰਘੀ ਵੇਲੇ ਕੁਝ ਨਾ ਕੁਝ ਖਾਇਆ ਕਰੋ।

**ਜ਼ਕਾਤ ਦਾ ਵਾਜ਼ਿਬ ਹੋਣਾ** : ਜਿਸ ਅਦਮੀ ਕੋਲ ਸਾਢੇ ਬਵੰਜਾ ਤੋਲੇ ਚਾਂਦੀ ਜਾਂ ਫਿਰ ਸਾਢੇ ਸੱਤ ਤੋਲੇ ਸੋਨਾ ਜਾਂ ਸਾਢੇ ਬਵੰਜਾ ਤੋਲੇ ਚਾਂਦੀ ਦੀ ਕੀਮਤ ਦੇ ਬਰਾਬਰ ਪੈਸਾ ਹੋਵੇ ਤੇ ਇਕ ਸਾਲ ਤਕ ਬਾਕੀ ਰਹੇ, ਉਸ 'ਤੇ ਢਾਈ ਫ਼ੀਸਦੀ ਜਕਾਤ ਦੇਣੀ ਵਾਜਬ ਹੈ। •

## ਪੰਜਾਬ ਦੇ ਪੰਛੀ

*ਬੱਚਿਓ! ਇਸ ਦੁਨੀਆ 'ਤੇ ਅਨੇਕਾਂ ਜੀਵ-ਜੰਤੂਆਂ ਦਾ ਨਿਵਾਸ ਹੈ, ਜਿਨ੍ਹਾਂ 'ਚੋਂ ਕੁਝ ਲੋਪ ਹੋ ਚੁੱਕੇ ਹਨ। ਆਓ, ਅਸੀਂ ਤੁਹਾਨੂੰ ਪੰਛੀਆਂ ਬਾਰੇ ਦੱਸੀਏ...*



# ਵੱਡੀ ਬੈਬਲਰ

**ਲੰਬਾਈ**
28 ਸੈਂਟੀਮੀਟਰ

**ਭਾਰ**
80 ਗ੍ਰਾਮ

ਇਹ ਪੰਛੀ ਭੂਰੇ ਸਲੇਟੀ ਰੰਗ ਦਾ, ਪਾਸਿਆਂ ਦੇ ਦੋ ਖੰਭ ਚਿੱਟੇ ਹੁੰਦੇ ਹਨ ਅਤੇ ਬਾਕੀ ਖੰਭਾਂ ਦੇ ਸਿਰੇ ਚਿੱਟੇ ਹੁੰਦੇ ਹਨ। ਅੱਖਾਂ ਪੀਲੀਆਂ ਹੁੰਦੀਆਂ ਹਨ। ਚੁੰਝ ਭੂਰੇ ਰੰਗ ਦੀ ਹੁੰਦੀ ਹੈ, ਜੋ ਹੇਠੋਂ ਲਾਲ ਹੁੰਦੀ ਹੈ। ਇਸ ਦੇ ਪਹੁੰਚੇ ਘਸਮੈਲੇ ਗੁਲਾਬੀ ਪੀਲੇ ਰੰਗ ਦੇ ਹੁੰਦੇ ਹਨ। ਜੋੜਾ ਇੱਕੋ ਜਿਹਾ ਹੁੰਦਾ ਹੈ। ਇਹ ਇਕ ਸਥਾਨਕ ਪੰਛੀ ਹੈ ਅਤੇ ਇਨ੍ਹਾਂ ਦੀ ਗਿਣਤੀ ਹੋਰ ਬੈਬਲਰਾਂ ਨਾਲੋਂ ਘੱਟ ਦੇਖਣ 'ਚ ਆਉਂਦੀ ਹੈ।

• **ਰਾਜਪਾਲ ਸਿੰਘ ਸਿੱਧੂ**

## ਬਾਲ-ਸਿਰਜਣਾ

'ਨਿੱਕੀ ਦੁਨੀਆ' ਟੀਮ ਵੱਲੋਂ ਬੱਚਿਆਂ 'ਚ ਸਿਰਜਣਾਤਮਕ ਰੁਚੀ ਪੈਦਾ ਕਰਨ ਲਈ ਇਕ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਵਿਚ ਬੱਚੇ ਆਪਣੀਆਂ ਮੌਲਿਕ ਰਚਨਾਵਾਂ, ਲੇਖ, ਚੁਟਕਲੇ, ਕਹਾਣੀਆਂ ਅਤੇ ਕਵਿਤਾਵਾਂ ਭੇਜ ਸਕਦੇ ਹੋ। ਉਮੀਦ ਹੈ ਕਿ ਤੁਸੀਂ ਸਾਰੇ ਬੱਚੇ ਇਸ ਕਾਲਮ 'ਚ ਆਪਣੇ ਭਰਪੂਰ ਯੋਗਦਾਨ ਦਿਓਗੇ। ਤੁਸੀਂ ਆਪਣੀਆਂ ਲਿਖਤਾਂ ਸਾਨੂੰ ਆਪਣੀ ਪੂਰੇ ਪਤੇ ਅਤੇ ਫੋਟੋ ਸਮੇਤ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹੋ।

**ਸਾਡਾ ਪਤਾ ਹੈ-**
ਸੀ-120 ਫ਼ੋਕਲ ਪੁਆਇੰਟ ਐਕਸਟੈਂਸ਼ਨ, ਜਲੰਧਰ

**ਤੇ ਤੁਸੀਂ ਸਾਨੂੰ ਈਮੇਲ ਵੀ ਕਰ ਸਕਦੇ ਹੋ।**
ਸਾਡਾ ਈਮੇਲ ਹੈ :
editormail@punjabi.jagran.com

## ਬਾਲ ਕਵਿਤਾ

# ਮੱਛਰ



*ਪਤਾ ਨਹੀਂ ਕਿੱਧਰੋਂ ਚੰਦਰਾ ਆਵੇ ਮੱਛਰ,*
*ਆ ਕੇ ਸਾਨੂੰ ਇਹ ਖ਼ੂਬ ਤਪਾਵੇ ਮੱਛਰ।*

*ਆਉਂਦਾ ਇਹ ਖੰਭਾਂ ਨਾਲ ਰੌਲ਼ਾ ਪਾਉਂਦਾ,*
*ਆ ਕੇ ਭੀਂ-ਭੀਂ ਦਾ ਰਾਗ ਸਣਾਵੇ ਮੱਛਰ।*

*ਭਾਵੇਂ ਇਸ ਤੋਂ ਕਿੰਨੇ ਹੀ ਬਚਦੇ ਰਹੀਏ,*
*ਮੁਫ਼ਤੋ ਮੁਫ਼ਤ ਵਾਲਾ ਟੀਕਾ ਲਾਵੇ ਮੱਛਰ।*

*ਰਾਤ ਨੂੰ ਕਿੱਧਰੋਂ ਇਹ ਨਿੱਕਲ ਆਉਂਦਾ,*
*ਦਿਨੇਂ ਵਿਚ ਖੱਲੀਂ ਖੂਜੀਂ ਛੁੱਪ ਜਾਵੇ ਮੱਛਰ।*

*ਭਾਵੇਂ ਸਰਦੀ ਗਰਮੀ ਦੀਆਂ ਰੁੱਤਾਂ ਆਵਣ,*
*ਫਿਰ ਕਿਵੇਂ ਆਪਣੀ ਹੋਂਦ ਬਚਾਵੇ ਮੱਛਰ,*

*ਬਰਸਾਤਾਂ ਦੇ ਨਾਲ ਇਸਦੀ ਗੂੜ੍ਹੀ ਯਾਰੀ,*
*ਵਿਚ ਬਰਸਾਤਾਂ ਪੂਰੀ ਹੋਂਦ ਵਿਖਾਵੇ ਮੱਛਰ।*

*ਅਨੇਕਾਂ ਰੋਗਾਂ ਦਾ ਵਾਹਕ ਇਹ ਮੱਛਰ ਹੁੰਦਾ,*
*ਮਲੇਰੀਏ ਵਰਗੇ ਕਈ ਰੋਗ ਫੈਲਾਵੇ ਮੱਛਰ।*

*ਪੀ ਖ਼ੂਨ ਬੇਗਾਨਾ ਢਿੱਡ ਇਹ ਆਪਣਾ ਭਰੇ,*
*ਪੀ-ਪੀ ਖ਼ੂਨ ਡਾਢਾ ਮੋਟਾ ਹੋ ਪਾਵੇ ਮੱਛਰ।*

*ਗੰਦ-ਮੰਦ ਦੇ ਨਾਲ ਇਸਦਾ ਗੂੜ੍ਹਾਂ ਰਿਸ਼ਤਾ,*
*ਗੰਦ-ਮੰਦ ਨੂੰ ਆਪਣਾ ਘਰ ਬਣਾਵੇ ਮੱਛਰ।*

*ਰੱਖੋ ਸਫ਼ਾਈ ਜੇ ਇਸ ਤੋਂ ਬਚਣਾ ਚਾਹਵੋ,*
*ਹੋਵੇ ਸਫ਼ਾਈ ਤਾਂ ਪਾਸਾ ਵੱਟ ਜਾਵੇ ਮੱਛਰ।*

• **ਜੱਗਾ ਸਿੰਘ ਆਦਮਕੇ**
81469-24800

## ਬੁਝਾਰਤਾਂ



1 ਕਾਲਾ ਕੁੱਤਾ,
ਕੰਧ ਨਾਲ ਪਿਆ ਸੁੱਤਾ।

2 ਇੱਧਰ ਖਾਈ ਉੱਧਰ ਖਾਈ,
ਵਿਚਾਲੇ ਭਾਈ।

3 ਲੰਮੀਆਂ ਲੰਮੀਆਂ ਤਾਰਾਂ,
ਵਿਚ ਫਿਰਨ ਮਾਰੂਤੀ ਕਾਰਾਂ।

4 ਨਿੱਕੀ ਜਿਹੀ ਕੁੜੀ
ਉਹਦੇ ਢਿੱਡ 'ਚ ਲਕੀਰ।

5 ਜਾਦੂਗਰ ਦਾ ਵੇਖ ਕਮਾਲ,
ਖਾਵੇ ਹਰਾ ਕੱਢੇ ਲਾਲ।

6 ਵੱਟ 'ਤੇ ਘੁਮਿਆਰੀ ਬੈਠੀ,
ਘੱਗਰਾ ਖਿਲਾਰੀ ਬੈਠੀ।

7 ਧੁੱਪ ਦੇਖ ਪੈਦਾ ਹੋਇਆ,
ਛਾਂ ਦੇਖ ਮੁਰਝਾ ਗਿਆ।

• **ਸ਼ੰਕਰ ਦਾਸ**, 96469-27646

ਉੱਤਰ : 1. ਸੜਕ 2. ਨੱਕ 3. ਕੀੜੀਆਂ 4. ਕਣਕ ਦਾ ਦਾਣਾ 5. ਪਾਨ 6. ਕੱਦੂ 7. ਪਸੀਨਾ

# ਹਾਥੀ ਮੇਰੇ ਸਾਥੀ

***ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਦੇਖਣ ਨੂੰ ਮਿਲਦਾ ਹੈ ਕਿ ਹਾਥੀ ਵੱਡੇ-ਵੱਡੇ ਰਾਜੇ-ਮਹਾਰਾਣੀਆਂ ਦੀ ਸਵਾਰੀ ਹੁੰਦੇ ਸਨ। ਵੱਖ-ਵੱਖ ਰੰਗਾਂ ਨਾਲ ਸਜੇ-ਧਜੇ ਤੇ ਪਿੱਠ 'ਤੇ ਆਲੀਸ਼ਾਨ ਹੌਦੇ ਲਗਾਏ ਹਾਥੀ ਰਾਜਿਆਂ ਦੀ ਸ਼ਾਹੀ ਠਾਠ ਦਾ ਪ੍ਰਤੀਕ ਹੁੰਦੇ ਸਨ...***

ਭਾਰੇ ਸਰੀਰ ਵਾਲਾ ਹਾਥੀ ਕਿਸੇ ਤੋਂ ਘੱਟ ਨਹੀਂ ਹੁੰਦਾ, ਤਾਹੀਂ ਤਾਂ ਜੰਗਲ ਦਾ ਰਾਜਾ ਸ਼ੇਰ ਵੀ ਇਸ ਨਾਲ ਪੰਗਾ ਨਹੀਂ ਲੈਂਦਾ। ਇਹ ਗੱਲ ਵੱਖ ਹੈ ਕਿ ਸਾਡੇ 'ਚੋਂ ਕੁਝ ਇਨਸਾਨਾਂ ਨੇ ਗੁੱਸੇ ਨਾਲ ਜਾਂ ਪਿਆਰ ਨਾਲ ਤੇਜ਼ ਦਿਮਾਗ਼ ਵਾਲੇ ਹਾਥੀ 'ਤੇ ਕਾਬੂ ਪਾ ਲਿਆ ਹੈ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇ ਕੇ ਅੱਜ ਤੋਂ ਨਹੀਂ ਸਦੀਆਂ ਤੋਂ ਆਪਣਾ ਦੋਸਤ ਬਣਾਇਆ ਹੋਇਆ ਹੈ। ਮਨੁੱਖ ਕਈ ਤਰ੍ਹਾਂ ਦੇ ਕੰਮਾਂ 'ਚ ਅੱਜ ਵੀ ਹਾਥੀ ਦੀ ਮਦਦ ਲੈ ਰਿਹਾ ਹੈ।

ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਦੇਖਾਂਗੇ ਕਿ ਹਾਥੀ ਵੱਡੇ-ਵੱਡੇ ਰਾਜੇ-ਮਹਾਰਾਣੀਆਂ ਦੀ ਸਵਾਰੀ ਹੁੰਦੇ ਸਨ। ਵੱਖ-ਵੱਖ ਰੰਗਾਂ ਨਾਲ ਸਜੇ-ਧਜੇ ਅਤੇ ਪਿੱਠ 'ਤੇ ਆਲੀਸ਼ਾਨ ਹੌਦੇ (ਸੀਟ) ਲਗਾਏ ਹਾਥੀ ਰਾਜਿਆਂ ਦੀ ਰਾਜਸ਼ਾਹੀ ਠਾਠ ਦਾ ਪ੍ਰਤੀਕ ਹੁੰਦੇ ਸਨ। ਇਸ ਦੀ ਸਵਾਰੀ ਕਰਨਾ ਅੱਜ ਵੀ ਰੋਮਾਂਚ ਨਾਲ ਭਰਿਆ ਅਨੁਭਵ ਹੁੰਦਾ ਹੈ। ਤੁਸੀਂ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਜੰਗਲ ਦੇ ਇਸ ਤਾਕਤਵਰ ਜਾਨਵਰ ਦੀਆਂ ਕਿੰਨੀਆਂ ਖ਼ੂਬੀਆਂ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਇਹ ਸਾਡੇ ਅਨੁਸਾਰ ਢਲ਼ ਜਾਂਦੇ ਹਨ। ਪਾਲਤੂ ਜਾਨਵਰ ਵਾਂਗ ਇਨ੍ਹਾਂ ਨੂੰ ਸਾਡੇ ਸਮਾਜ 'ਚ ਇਕ ਅਹਿਮ ਸਥਾਨ ਹਾਸਲ ਹੈ। ਤੁਸੀਂ ਇਨ੍ਹਾਂ ਨੂੰ ਚਿੜੀਆਘਰਾਂ ਆਦਿ 'ਚ ਦੇਖ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਸਰਕਸ 'ਚ ਵੀ ਰਿੰਗ ਮਾਸਟਰ ਦੇ ਇਸ਼ਾਰੇ 'ਤੇ ਨੱਚਦੇ ਤੇ ਕਰਤੱਬ ਦਿਖਾਉਂਦੇ ਹਾਥੀਆਂ ਨੂੰ ਵੀ ਦੇਖਿਆ ਹੋਵੇਗਾ ਜੋ ਤੁਹਾਡਾ ਮਨੋਰੰਜਨ ਵੀ ਕਰਦੇ ਹਨ।

ਦੁਨੀਆ 'ਚ ਹਾਥੀਆਂ ਦੇ ਲੋਪ ਹੋਣ ਦੇ ਹਲਾਤ ਨੂੰ ਦੇਖਦੇ ਹੋਏ ਲੋਕਾਂ 'ਚ ਜਾਗਰੂਕਤਾ ਵਧਾਉਣ ਲਈ ਕਦਮ ਉਠਾਏ ਜਾ ਰਹੇ ਹਨ। ਇਸ ਲਈ ਕਈ ਸੰਸਥਾਵਾਂ ਵੀ ਅੱਗੇ ਆਈਆਂ ਹਨ। ਉਨ੍ਹਾਂ ਦੀ ਰੱਖਿਆ ਨੂੰ ਧਿਆਨ 'ਚ ਰੱਖਦਿਆਂ ਹਰ ਸਾਲ ਹਾਥੀਆਂ ਦੀ ਰੱਖਿਆ ਲਈ 'ਸੇਵ ਦ ਐਲੀਫੈਂਟ ਡੇਅ' ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਥਾਈਲੈਂਡ ਦੀ ਐਲੀਫੈਂਟ ਰੀਇੰਟ੍ਰੋਡਕਸ਼ਨ ਫਾਊਂਡੇਸ਼ਨ ਨੇ ਕੈਨੇਡਾ ਦੇ ਫਿਲਮ ਮੇਕਰ ਪੈਰੀਸਿਆ ਸਿਮਸ ਨਾਲ ਮਿਲ ਕੇ 2012 'ਚ ਸ਼ੁਰੂ ਕੀਤਾ। ਹਾਥੀਆਂ ਨੂੰ ਬਚਾਉਣ ਲਈ ਉਨ੍ਹਾਂ ਦੀ ਇਹ ਪਹਿਲ ਅੰਤਰਰਾਸ਼ਟਰੀ ਪੱਧਰ ਦੀ ਸੀ। ਇਸ ਮੌਕੇ 'ਤੇ ਉਨ੍ਹਾਂ ਨੇ ਇਕ ਸਟਾਰ ਟ੍ਰੈਕ ਸੀਰੀਜ਼ ਦੇ ਨਿਰਮਾਤਾ ਵਿਲੀਅਮ ਸ਼ੇਟਨਰ ਦੁਆਰਾ ਬਣਾਈ ਗਈ ਡਾਕੂਮੈਂਟਰੀ ਫਿਲਮ 'ਰਿਟਰਨ ਟੂ ਦਿ ਫਾਰੈਸਟ' ਵੀ ਰਿਲੀਜ਼ ਕੀਤੀ। ਸੇਵ ਦਿ ਐਲੀਫੈਂਟ ਡੇਅ ਦਾ ਉਦੇਸ਼ ਏਸ਼ੀਆ ਅਤੇ ਅਫਰੀਕਾ 'ਚ ਮੌਜੂਦ ਹਾਥੀਆਂ ਨੂੰ ਬਚਾਉਣਾ ਹੈ।

ਬੱਚਿਓ! ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਤੇਜ਼ ਦਿਮਾਗ਼ ਵਾਲੇ ਇਹ ਹਾਥੀ ਇੰਨੇ ਉਸਤਾਦ ਹੁੰਦੇ ਹਨ ਕਿ ਆਪਣੀ ਸੁੰਡ ਨਾਲ ਕੈਮਰੇ ਦੇ ਟ੍ਰਿਗਰ ਨੂੰ ਦਬਾ ਕੇ ਸੈਲਫ਼ੀ ਖਿੱਚ ਲੈਂਦੇ ਹਨ। ਆਪਣੀ ਸੁੰਡ ਨਾਲ ਪੇਂਟ-ਬੁਰਸ਼ ਫੜ ਕੇ ਕੈਨਵਸ 'ਤੇ ਪੇਂਟਿੰਗ ਬਣਾ ਸਕਦੇ ਹਨ। ਥਾਈਲੈਂਡ ਦੇ ਨੈਸ਼ਨਲ ਐਲੀਫੈਂਟ ਇੰਸਟੀਟਿਊਟ 'ਚ ਰਹਿਣ ਵਾਲਾ ਸੁਦਾ ਹਾਥੀ ਉਨ੍ਹਾਂ 'ਚੋਂ ਇਕ ਹੈ, ਜੋ ਦੁਨੀਆ ਭਰ 'ਚ ਮਿਲਣ ਵਾਲੇ ਐਨੀਮਲ ਆਰਟਿਸਟ 'ਚ ਸਭ ਤੋਂ ਕਾਮਯਾਬ ਰਿਹਾ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਦੁਆਰਾ ਬਣਾਈਆਂ ਗਈਆਂ ਪੇਂਟਿੰਗ ਗਿਨੀਜ਼ ਬੁਕ ਆਫ਼ ਵਰਲਡ ਰਿਕਾਰਡ 'ਚ ਵੀ ਸ਼ਾਮਲ ਕੀਤੀਆਂ ਗਈਆਂ ਹਨ। ਸਾਲ 2005 'ਚ ਸੁਦਾ ਹਾਥੀ ਦੀ ਬਣਾਈ ਪੇਂਟਿੰਗ 39,000 ਡਾਲਰ 'ਚ ਵਿਕੀ ਸੀ।

### ਰੋਚਕ ਜਾਣਕਾਰੀ

ਹਾਥੀ ਧਰਤੀ 'ਤੇ ਰਹਿਣ ਵਾਲਾ ਸਭ ਤੋਂ ਵੱਡਾ ਜਾਨਵਰ ਹੈ। ਇਹ ਸਭ ਤੋਂ ਵੱਡਾ ਜਾਨਵਰ ਹੀ ਨਹੀਂ ਬਲਕਿ ਇਸ ਬਾਰੇ ਕਈ ਹੋਰ ਮਜ਼ੇਦਾਰ ਗੱਲਾਂ ਹਨ, ਜੋ ਤੁਹਾਨੂੰ ਪਤਾ ਹੋਣੀਆਂ ਚਾਹੀਦੀਆਂ ਹਨ...

- ਹਾਥੀ ਲੰਮਾ ਪੈ ਕੇ ਨਹੀਂ ਬਲਕਿ ਖੜ੍ਹੇ ਹੋ ਕੇ ਸੌਂਦੇ ਹਨ। ਇਹ ਦਿਨ 'ਚ ਬਹੁਤ ਘੱਟ ਸੌਂਦੇ ਹਨ। ਹਾਥੀ ਦੀ ਗਰਜ਼ ਵੀ ਮਨੁੱਖਾਂ ਦੀ ਆਵਾਜ਼ ਵਾਂਗ ਵੱਖ ਹੁੰਦੀ ਹੈ। ਜੇ ਕਿਸੇ ਹਾਥੀ ਨੂੰ ਸੱਟ ਲਗਦੀ ਹੈ ਤਾਂ ਦੂਜਾ ਹਾਥੀ ਉਸ ਦੀ ਸਹਾਇਤਾ ਜ਼ਰੂਰ ਕਰਦਾ ਹੈ। ਜੇ ਕਿਸੇ ਇਕ ਝੁੰਡ ਦਾ ਹਾਥੀ ਮਰ ਜਾਵੇ ਤਾਂ ਸਾਰਾ ਝੁੰਡ ਅਜੀਬ-ਅਜੀਬ ਤਰ੍ਹਾਂ ਨਾਲ ਗਰਜ਼ ਕੇ ਸ਼ੋਕ ਮਨਾਉਂਦਾ ਹੈ।
- ਹਾਥੀ ਸਾਫ਼-ਸੁਥਰਾ ਰਹਿਣਾ ਪਸੰਦ ਕਰਦੇ ਹਨ ਅਤੇ ਹਰ ਰੋਜ਼ ਨਹਾਉਂਦੇ ਹਨ। ਵੱਡੇ ਕੰਨ ਹੋਣ ਦੇ ਬਾਵਜੂਦ ਹਾਥੀ ਦੀ ਸੁਣਨ ਸਮਰੱਥਾ ਬਹੁਤ ਘੱਟ ਹੁੰਦੀ ਹੈ।
- ਜਾਨਵਰਾਂ 'ਚੋਂ ਹਾਥੀਆਂ ਦਾ ਦਿਮਾਗ਼ ਸਭ ਤੋਂ ਵੱਡਾ ਹੁੰਦਾ ਹੈ। ਇਕ ਹਾਥੀ ਦੀ ਚਮੜੀ ਲਗਪਗ ਇਕ ਇੰਚ ਤਕ ਮੋਟੀ ਹੁੰਦੀ ਹੈ। ਹਾਥੀ ਦੇ ਦੰਦ ਉਸ ਦੇ ਜੀਵਨ ਕਾਲ ਦੌਰਾਨ ਵੱਧਦੇ ਰਹਿੰਦੇ ਹਨ।
- ਹਾਥੀ ਆਪਣੇ ਪੈਰਾਂ ਦੀ ਵਰਤੋਂ ਸੁਣਨ ਲਈ ਵੀ ਕਰਦੇ ਹਨ। ਜਦੋਂ ਹਾਥੀ ਚੱਲਦੇ ਹਨ ਤਾਂ ਜ਼ਮੀਨ 'ਚ ਇਕ ਵਿਸ਼ੇਸ਼ ਤਰੀਕੇ ਦੀ ਕੰਬਣੀ ਪੈਦਾ ਹੁੰਦੀ ਹੈ। ਇਸ ਕੰਬਣੀ ਨਾਲ ਹਾਥੀ ਦੂਜੇ ਹਾਥੀਆਂ ਬਾਰੇ ਜਾਣ ਲੈਂਦੇ ਹਨ। ਇਨ੍ਹਾਂ ਦੀ ਉਪਰਲੀ ਚਮੜੀ ਧੁੱਪ 'ਚ ਝੁਲਸ ਜਾਂਦੀ ਹੈ ਇਸ 'ਤੇ ਇਹ ਆਪਣੇ ਸਰੀਰ 'ਤੇ ਮਿੱਟੀ ਲਗਾ ਲੈਂਦਾ ਹੈ।
- ਹਾਥੀਆਂ ਨੂੰ ਸ਼ਹਿਦ ਦੀਆਂ ਮੱਖੀਆਂ ਤੋਂ ਬਹੁਤ ਡਰ ਲਗਦਾ ਹੈ। ਅੱਜ ਦੇ ਸਮੇਂ 'ਚ ਹਾਥੀ ਦੀਆਂ ਸਿਰਫ਼ ਦੋ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ ਇਕ ਹੈ ਅਫਰੀਕਨ ਹਾਥੀ ਅਤੇ ਦੂਜਾ ਹੈ ਏਸ਼ਿਆਈ ਹਾਥੀ।
- ਹਾਥੀ ਡੂੰਘੇ ਪਾਣੀ 'ਚ ਤੈਰ ਸਕਦੇ ਹਨ। ਇਹ ਆਪਣੀ ਸੁੰਡ ਦੀ ਸਹਾਇਤਾ ਨਾਲ ਸਾਹ ਲੈਂਦੇ ਹਨ। •

### ਵਰਲਡ ਰਿਕਾਰਡ

*ਵਾਈਲਡ ਲਾਈਫ ਕੰਜ਼ਰਵੇਸ਼ਨ ਸੁਸਾਇਟੀ ਨੇ ਜੂਨ ਤੋਂ ਸਤੰਬਰ 2016 'ਚ ਹਾਥੀਆਂ ਦੀ ਹੋਂਦ ਲਈ ਮੁਹਿੰਮ ਚਲਾਈ ਸੀ। ਇਸ ਮੁਹਿੰਮ 'ਚ ਸੁਸਾਇਟੀ ਨੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਰੀਗੈਮੀ ਦੇ ਹਾਥੀ ਬਣਾ ਕੇ ਭੇਜਣ ਦੀ ਅਪੀਲ ਕੀਤੀ। ਸੁਸਾਇਟੀ ਕੋਲ ਅਨੁਮਾਨ ਤੋਂ ਕਿਤੇ ਜ਼ਿਆਦਾ ਆਰਗੇਮੀ ਹਾਥੀ ਪਹੁੰਚੇ, ਜਿਨ੍ਹਾਂ ਨੂੰ ਅਮਰੀਕਾ ਦੇ ਮੈਨਹਟਨ ਸ਼ਹਿਰ 'ਚ ਬ੍ਰੋਂਕਸ ਚਿੜੀਆਘਰ 'ਚ ਪੇਸ਼ ਕੀਤਾ ਗਿਆ। ਇੱਥੇ ਦੁਨੀਆ ਭਰ ਦੇ 40 ਦੇਸ਼ਾਂ ਤੋਂ ਰੰਗ-ਬਿਰੰਗੇ 78,564 ਆਰਗੇਮੀ ਹਾਥੀ ਪੇਸ਼ ਕੀਤੇ ਗਏ ਸਨ, ਜੋ ਵਰਲਡ ਰਿਕਾਰਡ ਹੈ।*

### ਪਛਾਣ

*ਕੀ ਤੁਹਾਨੂੰ ਪਤਾ ਹੈ ਕਿ ਇਨ੍ਹਾਂ ਹਾਥੀਆਂ ਦੇ ਦੰਦ ਬਹੁਤ ਕੀਮਤੀ ਹੁੰਦੇ ਹਨ, ਇਹੀ ਵਜ੍ਹਾ ਹੈ ਕਿ ਜੰਗਲੀ ਪ੍ਰਦੇਸ਼ਾਂ 'ਚ ਇਨ੍ਹਾਂ ਦਾ ਵੱਡੇ ਪੱਧਰ 'ਤੇ ਸ਼ਿਕਾਰ ਕੀਤਾ ਜਾਂਦਾ ਹੈ। ਅੰਕੜਿਆਂ ਮੁਤਾਬਕ ਹਾਥੀ ਦੇ ਦੰਦਾਂ ਲਈ ਹਰ ਸਾਲ ਦੁਨੀਆ 'ਚ ਕਰੀਬ 35 ਹਜ਼ਾਰ ਹਾਥੀਆਂ ਨੂੰ ਮਾਰ ਦਿੱਤਾ ਜਾਂਦਾ ਹੈ। ਹਾਥੀ ਦੇ ਦੰਦ ਗਹਿਣੇ, ਫਰਨੀਚਰ, ਡੈਕੋਰੇਟਿਵ ਆਈਟਮਜ਼ ਆਦਿ ਬਣਾਈਆਂ ਜਾਂਦੀਆਂ ਹਨ ਤੇ ਨਾਲ ਹੀ ਵੱਧਦੇ ਸ਼ਹਿਰੀਕਰਨ ਦੇ ਦੌਰ 'ਚ ਜੰਗਲਾਂ ਦੀ ਕਟਾਈ ਵੀ ਤੇਜ਼ੀ ਨਾਲ ਹੋ ਰਹੀ ਹੈ। ਜਿਸ ਨਾਲ ਇਨ੍ਹਾਂ ਦੇ ਰਹਿਣ ਦੀ ਸਮੱਸਿਆ ਗੰਭੀਰ ਹੋ ਰਹੀ ਹੈ।*

*ਹਾਥੀ ਆਮਤੌਰ 'ਤੇ 6 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੇ ਹਨ। ਇਹ ਦਿਨ 'ਚ 16 ਘੰਟੇ ਖਾਣ-ਪੀਣ 'ਚ ਹੀ ਬਿਤਾ ਦਿੰਦੇ ਹਨ...*

### ਸੇਵ ਦ ਐਲੀਫੈਂਟ



- ਹੁਣ ਤਕ ਸਭ ਤੋਂ ਵੱਡੇ ਹਾਥੀ ਦਾ ਭਾਰ **10,886** ਕਿਲੋਗ੍ਰਾਮ ਅਤੇ ਉਚਾਈ 3.96 ਮਾਪੀ ਗਈ ਹੈ...
- ਇਕ ਹਾਥੀ ਪਾਣੀ ਦੀ ਖ਼ੁਸ਼ਬੂ ਨੂੰ **4.5** ਕਿਲੋਮੀਟਰ ਦੀ ਦੂਰੀ ਤੋਂ ਸੁੰਘ ਸਕਦਾ ਹੈ...
- ਅੱਜ ਤੋਂ 5 ਕਰੋੜ ਸਾਲ ਪਹਿਲਾਂ ਹਾਥੀਆਂ ਦੀਆਂ ਕਰੀਬ **170** ਪ੍ਰਜਾਤੀਆਂ ਸਨ...
- ਹਰ ਰੋਜ਼ **100** ਹਾਥੀ ਮਾਰੇ ਜਾਂਦੇ ਹਨ ਤਾਂ ਕਿ ਹਾਥੀ ਦੇ ਦੰਦ ਕੱਢ ਕੇ ਗਹਿਣੇ ਬਣਾਏ ਜਾ ਸਕਣ...

## ਅਨੋਖੀ ਪ੍ਰਜਾਤੀ

*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਬਾਂਦਰ ਦੀ ਇਕ ਅਨੋਖੀ ਪ੍ਰਜਾਤੀ ਬਾਰੇ ਦੱਸ ਰਹੇ ਹਾਂ। ਇਸ ਦਾ ਨਾਂ ਹੈ ਨਾਈਟ ਮੰਕੀ। ਇਹ ਬਾਂਦਰ ਦਿਨ 'ਚ ਸੌਂਦੇ ਹਨ ਅਤੇ ਰਾਤ ਨੂੰ ਭੋਜਨ ਦੀ ਤਲਾਸ਼ 'ਚ ਨਿਕਲਦੇ ਹਨ। ਆਓ, ਜਾਣੀਏ ਨਾਈਟ ਮੰਕੀ ਦੀਆਂ ਵਿਸ਼ੇਸ਼ਤਾਵਾਂ ਬਾਰੇ...*



# ਨਾਈਟ ਮੰਕੀ

- ਨਾਈਟ ਮੰਕੀ ਦਾ ਵਿਗਿਆਨਕ ਨਾਂ ਆਓਟਸ ਹੈ। ਇਹ ਮੱਧ ਅਤੇ ਦੱਖਣੀ ਅਮਰੀਕਾ 'ਚ ਪਾਏ ਜਾਂਦੇ ਹਨ। ਇਨ੍ਹਾਂ ਦੀਆਂ ਕੁਲ 10 ਪ੍ਰਜਾਤੀਆਂ ਹਨ। ਇਸ ਨੂੰ ਆਊਲ ਮੰਕੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।
- ਇਸ ਦੇ ਸਰੀਰ ਦੀ ਕੁਲ ਲੰਬਾਈ 12 ਤੋਂ 16.5 ਇੰਚ ਤਕ ਹੁੰਦੀ ਹੈ। ਸਰੀਰ ਦਾ ਭਾਰ ਲਗਪਗ ਇਕ ਕਿਲੋਗ੍ਰਾਮ ਹੁੰਦਾ ਹੈ। ਨਰ ਅਤੇ ਮਾਦਾ ਦਾ ਭਾਰ ਲਗਪਗ ਬਰਾਬਰ ਹੁੰਦਾ ਹੈ।
- ਨਾਈਟ ਮੰਕੀ ਅਜਿਹੇ ਬਾਂਦਰ ਹਨ, ਜੋ ਰਾਤ ਸਮੇਂ ਸੁਚੇਤ ਰਹਿੰਦੇ ਹਨ ਅਤੇ ਦਿਨ ਸਮੇਂ ਦਰੱਖ਼ਤਾਂ 'ਤੇ ਇਕੱਠੇ ਹੋ ਕੇ ਆਰਾਮ ਕਰਦੇ ਹਨ। ਇਹ ਹਮੇਸ਼ਾ ਝੁੰਡਾਂ 'ਚ ਹੀ ਸੌਂਦੇ ਹਨ।
- ਇਨ੍ਹਾਂ ਦੇ ਸਰੀਰ ਦੇ ਪਿੱਛੇ ਭੂਰੇ ਫਰ ਹੁੰਦੇ ਹਨ। ਅੱਖਾਂ ਆਕਾਰ 'ਚ ਵੱਡੀਆਂ ਅਤੇ ਭੂਰੇ ਰੰਗ ਦੀਆਂ ਹੁੰਦੀਆਂ ਹਨ।
- ਇਨ੍ਹਾਂ ਦੀ ਲੰਬੀ ਅਤੇ ਸੰਘਣੇ ਵਾਲ਼ਾਂ ਵਾਲੀ ਪੂਛ ਹੁੰਦੀ ਹੈ। ਪੂਛ ਦੇ ਵਾਲ਼ਾਂ ਦਾ ਰੰਗ ਕਾਲਾ ਹੁੰਦਾ ਹੈ। ਪੂਛ ਦੀ ਮਦਦ ਨਾਲ ਇਹ ਆਸਾਨੀ ਨਾਲ ਦਰੱਖ਼ਤ 'ਤੇ ਸੰਤੁਲਨ ਬਣਾਉਂਦਾ ਹੈ। •

# ਪਾਣੀ 'ਚ ਖ਼ਜ਼ਾਨਾ

***ਸਮੁੰਦਰ ਅੰਦਰ ਬਹੁਤ ਖ਼ਜ਼ਾਨਾ ਭਰਿਆ ਹੈ। ਜਿੰਨਾ ਸਮੁੰਦਰ ਨੂੰ ਖੰਗਾਲਿਆ ਜਾਵੇਗਾ, ਉਨੇ ਹੀ ਖ਼ਜ਼ਾਨੇ ਬਾਹਰ ਆਉਂਦੇ ਹਨ। ਕੁਦਰਤ ਨੇ ਸਮੁੰਦਰ ਨੂੰ ਕੀਮਤੀ ਰਤਨਾਂ ਦੀ ਖਾਨ ਬਣਾਇਆ ਹੈ। ਆਓ, ਅੱਜ ਅਸੀਂ ਸਾਰੇ ਸਮੁੰਦਰ ਦੀ ਸੈਰ ਕਰੀਏ ਤੇ ਲੱਭੀਏ ਅਨੋਖੇ ਖ਼ਜ਼ਾਨੇ...***




### ਸੀ ਗਲਾਸ

ਇਹ ਖ਼ਾਰੇ ਪਾਣੀ 'ਚ ਪਾਇਆ ਜਾਂਦਾ ਹੈ, ਇਸ ਦੀ ਵਰਤੋਂ ਗਹਿਣੇ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਲਈ 50 ਸਾਲ ਲੱਗ ਜਾਂਦੇ ਹਨ। ਇੰਨੇ ਸਾਲਾਂ ਤਕ ਪਾਣੀ 'ਚ ਰਹਿਣ ਤੋਂ ਬਾਅਦ ਇਹ ਆਪਣਾ ਚਿਕਨਾ ਆਕਾਰ ਪ੍ਰਾਪਤ ਕਰਦਾ ਹੈ। ਇਹ ਟੁੱਟੀਆਂ ਹੋਈਆਂ ਬੋਤਲਾਂ ਜਾਂ ਡੁੱਬੇ ਹੋਏ ਜਹਾਜ਼ਾਂ ਤੋਂ ਨਿਕਲੇ ਸ਼ੀਸ਼ਿਆਂ ਤੋਂ ਤਿਆਰ ਹੁੰਦਾ ਹੈ। ਕਈ ਸਾਲ ਤਕ ਪਾਣੀ 'ਚ ਰਹਿਣ ਕਾਰਨ ਇਨ੍ਹਾਂ ਦੇ ਕੋਨੇ ਘਿਸ ਜਾਂਦੇ ਹਨ ਅਤੇ ਇਹ ਚਮਕੀਲੇ ਪੱਥਰ ਦਾ ਰੂਪ ਲੈਣ ਲਗਦੇ ਹਨ। ਇਨ੍ਹਾਂ ਦਾ ਰੰਗ ਟੁੱਟੇ ਹੋਏ ਸ਼ੀਸ਼ੇ ਦੇ ਰੰਗ 'ਤੇ ਨਿਰਭਰ ਕਰਦਾ ਹੈ।

ਮੋਤੀ ਨੂੰ ਅੰਗਰੇਜ਼ੀ ਭਾਸ਼ਾ 'ਚ 'ਪਰਲ' ਕਹਿੰਦੇ ਹਨ। ਕੁਦਰਤੀ ਮੋਤੀ, ਹੀਰਿਆਂ ਦੀ ਸ਼੍ਰੇਣੀ 'ਚ ਆਉਂਦੇ ਹਨ। ਇਨ੍ਹਾਂ ਦਾ ਨਿਰਮਾਣ ਸਮੁੰਦਰ 'ਚ ਸਿੱਪੀ ਅੰਦਰ ਹੁੰਦਾ ਹੈ। ਕੈਲਸ਼ੀਅਮ ਕਾਰਬੋਨੇਟ ਤੋਂ ਬਣਨ ਵਾਲੇ ਮੋਤੀ ਦੇ ਰੂਪ ਅਤੇ ਆਕਾਰ ਉਸ ਦੀ ਸਿੱਪੀ 'ਤੇ ਨਿਰਭਰ ਕਰਦਾ ਹੈ, ਜੋ ਇਕ ਕੱਵਚਧਾਰੀ ਜੀਵ ਹੁੰਦਾ ਹੈ। ਬਿਲਕੁਲ ਗੋਲ ਅਤੇ ਚਿਕਨਾ ਮੋਤੀ ਬਹੁਤ ਮਹਿੰਗਾ ਹੁੰਦਾ ਹੈ। ਇਹ ਸਖ਼ਤ ਹੀਰਾ ਨਹੀਂ ਹੈ। ਇਸ ਦਾ ਰੰਗ ਅਸਲ 'ਚ ਸਫ਼ੈਦ ਹੁੰਦਾ ਹੈ। ਦੂਜੇ ਰੰਗਾਂ 'ਚ ਮੋਤੀ ਤਿਆਰ ਕਰਨ ਲਈ ਸਿੱਪੀ ਨੂੰ ਖ਼ਾਸ ਤਰੀਕੇ ਨਾਲ ਪਾਲਿਆ ਜਾਂਦਾ ਹੈ।

### ਏਰਾਗੋਨਾਈਟ

ਇਹ ਪੀਲੇ, ਨੀਲੇ ਜਾਂ ਕਦੇ-ਕਦੇ ਗੁਲਾਬੀ ਰੰਗ ਦਾ ਵੀ ਹੁੰਦਾ ਹੈ। ਇਹ ਕੈਲਸ਼ੀਅਮ ਕਾਰਬੋਨੇਟ ਨਾਲ ਬਣਦਾ ਹੈ। ਇਹ ਸਮੁੰਦਰ 'ਚ ਡੁੱਬੇ ਪਹਾੜ ਦੇ ਹਿੱਸਿਆਂ ਦੇ ਟੁੱਟਣ ਨਾਲ ਬਣਦਾ ਹੈ। ਪਾਣੀ ਨਾਲ ਰਹਿੰਦੇ ਹੋਏ ਇਸ ਦਾ ਰੂਪ ਬਦਲ ਜਾਂਦਾ ਹੈ ਅਤੇ ਇਹ ਚਿਕਨਾ ਹੋ ਜਾਂਦਾ ਹੈ। ਆਮਤੌਰ 'ਤੇ ਇਹ ਟਰਕੀ, ਫਰਾਂਸ, ਅਮਰੀਕਾ ਅਤੇ ਬਹਾਮਾਸ ਦੇ ਸਮੁੰਦਰੀ ਇਲਾਕਿਆਂ 'ਚ ਮਿਲਦਾ ਹੈ।

### ਲੈਰੀਮਰ

ਇਹ ਅਨੋਖਾ ਪੱਥਰ ਕੈਰੇਬੀਆਈ ਖੇਤਰ ਦੇ ਡਿਮਿਨੀਸ਼ਿਅਨ ਰੀਪਬਲਿਕ ਦੇ ਸਮੁੰਦਰ 'ਚ ਹੀ ਮਿਲਦਾ ਹੈ। 1974 'ਚ ਪਹਿਲੀ ਵਾਰ ਇਹ ਮਿਲਿਆ ਸੀ। ਇੱਥੋਂ ਦੇ ਦੱਖਣੀ ਕਿਨਾਰੇ 'ਤੇ ਜਵਾਲਮੁਖੀ ਦੇ ਫਟਣ ਕਾਰਨ ਜੋ ਲਾਵਾ ਨਿਕਲਦਾ ਹੈ, ਉਸ 'ਚ ਹੋਰ ਖਣਿਜ ਮਿਲਣ ਦੇ ਨਾਲ ਇਹ ਪੱਥਰ ਬਣਦਾ ਹੈ। ਨਦੀ ਦੁਆਰਾ ਇਹ ਪੱਥਰ ਵਹਿ ਕੇ ਸਮੁੰਦਰ 'ਚ ਪਹੁੰਚ ਜਾਂਦੇ ਹਨ ਅਤੇ ਇਸ ਤਰ੍ਹਾਂ ਇਸ ਅਦਭੁੱਤ ਨੀਲੇ ਰੰਗ ਦੇ ਲੈਰੀਮਰ ਦਾ ਨਿਰਮਾਣ ਹੁੰਦਾ ਹੈ।

### ਮੂੰਗਾ

ਇਸ ਲਈ ਅੰਗਰੇਜ਼ੀ ਸ਼ਬਦ 'ਕੋਰਲ' ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਇਹ ਆਮਤੌਰ 'ਤੇ ਲਾਲ ਰੰਗ ਦਾ ਹੁੰਦਾ ਹੈ ਪਰ ਕਈ ਜਗ੍ਹਾ ਇਹ ਗੁਲਾਬੀ, ਸਫ਼ੈਦ ਜਾਂ ਨੀਲੇ ਰੰਗ ਦਾ ਵੀ ਮਿਲਦਾ ਹੈ। ਇਹ ਇਕ ਤਰ੍ਹਾਂ ਦਾ ਸਮੁੰਦਰੀ ਜੀਵ ਹੈ। ਇਹ ਲੱਖਾਂ-ਕਰੋੜਾਂ ਦੀ ਸੰਖਿਆ 'ਚ ਨਾਲ ਨਾਲ ਰਹਿੰਦੇ ਹਨ। ਇਹ ਆਪਣੇ ਆਲੇ-ਦੁਆਲੇ ਇਕ ਸਖ਼ਤ ਖੋਲ ਬਣਾ ਲੈਂਦੇ ਹਨ, ਜਿਸ ਅੰਦਰ ਉਹ ਰਹਿੰਦੇ ਹਨ। ਅਜਿਹੇ ਸ਼ੰਖ਼ ਆਪਸ 'ਚ ਜੁੜਦੇ-ਜੁੜਦੇ ਸਖ਼ਤ ਪੱਥਰ ਵਾਂਗ ਹੋ ਜਾਂਦੇ ਹਨ। ਸਮੁੰਦਰ 'ਚ ਕਈ ਜਗ੍ਹਾ ਮੂੰਗੇ ਦੀ ਪੂਰੀ ਸ਼੍ਰੇਣੀ ਤਿਆਰ ਹੋ ਜਾਂਦੀ ਹੈ। ਮੂੰਗੇ ਗਰਮ ਪਾਣੀ ਦੇ ਸਮੁੰਦਰ 'ਚ ਹੀ ਮਿਲਦੇ ਹਨ। •

## ਕੀ ਤੁਸੀਂ ਜਾਣਦੇ ਹੋ?



- ਐਲਫਰੈਡ ਨੋਬਲ ਨੇ ਡਾਈਨਾਮਾਈਟ ਦੀ ਖੋਜ ਕੀਤੀ ਸੀ।
- ਇਕ ਟਨ ਕਾਗ਼ਜ਼ ਨੂੰ ਰੀਸਾਈਕਲ ਕਰਨ ਨਾਲ ਕਰੀਬ 17 ਦਰੱਖ਼ਤਾਂ ਦੀ ਬੱਚਤ ਹੁੰਦੀ ਹੈ।
- ਜਿਸ ਨੂੰ ਉੱਡਣ ਤੋਂ ਡਰ ਲਗਦਾ ਹੈ, ਉਹ aviophobia ਤੋਂ ਪੀੜਤ ਹੁੰਦਾ ਹੈ।
- ਇਕ ਬਲੱਡ ਸੈੱਲ ਨੂੰ ਪੂਰੇ ਸਰੀਰ 'ਚ ਚੱਕਰ ਲਗਾਉਣ ਨਾਲ ਕਰੀਬ 60 ਸੈਕਿੰਡ ਲਗਦੇ ਹਨ।
- ਪੂਰੇ ਬ੍ਰਹਿਮੰਡ 'ਚ ਕਰੀਬ 100 ਬਿਲੀਅਨ ਗੇਲੈਕਸੀਜ਼ ਹਨ।
- ਛਿੱਕ ਮਾਰਦੇ ਸਮੇਂ ਦਿਲ ਦੀ ਧੜਕਨ 1 ਮਿਲੀ ਸੈਕਿੰਡ ਲਈ ਰੁਕ ਜਾਂਦੀ ਹੈ।



- ਦੁਨੀਆ ਦਾ ਸਭ ਤੋਂ ਉਚਾ ਦਰੱਖ਼ਤ ਆਸਟ੍ਰੇਲੀਅਨ ਯੂਕਲਿਪਟਸ ਹੈ ਅਤੇ 1872 'ਚ ਇਸ ਦੀ ਉਚਾਈ 435 ਫ਼ੁੱਟ ਸੀ।

## ਬਾਲ ਕਹਾਣੀ

# ਸਮਝਦਾਰ ਘੁੱਗੀ

***ਬੱਚਿਓ! ਤੁਸੀਂ ਚਿੜੀ ਤੇ ਕਾਂ ਦੀਆਂ ਕਹਾਣੀਆਂ ਤਾਂ ਬਹੁਤ ਪੜ੍ਹੀਆਂ ਹੋਣਗੀਆਂ। ਤੁਹਾਨੂੰ ਇਹ ਵੀ ਪਤਾ ਚੱਲ ਹੀ ਗਿਆ ਹੋਵੇਗਾ ਕਿ ਕਾਂ ਇਕ ਬਹੁਤ ਹੀ ਚਲਾਕ ਪੰਛੀ ਹੈ, ਜੋ ਹਰ ਵਾਰ ਚਿੜੀ ਨਾਲ ਧੋਖਾ ਕਰਦਾ ਹੈ ਪਰ ਇਸ ਕਹਾਣੀ ਵਿਚ ਕਾਂ ਚਿੜੀ ਨਾਲ ਨਹੀਂ ਬਲਕਿ ਘੁੱਗੀ ਨਾਲ ਧੋਖਾ ਕਰਦਾ ਦੱਸਿਆ ਗਿਆ ਹੈ...***

**ਪਰਮ ਪਿਆਰ**
99148-33670

ਗੱਲ ਕੁਝ ਸਾਲ ਪੁਰਾਣੀ ਹੈ। ਪਿੰਡੋਂ ਬਾਹਰ ਖੇਤਾਂ ਵਿਚ ਟਾਹਲੀ ਦੇ ਰੁੱਖ ਉੱਤੇ ਘੁੱਗੀ ਆਪਣਾ ਆਲ੍ਹਣਾ ਪਾ ਕੇ ਰਹਿ ਰਹੀ ਸੀ। ਆਲ੍ਹਣੇ ਵਿਚ ਉਸ ਨੇ ਚਾਰ ਆਂਡੇ ਵੀ ਦਿੱਤੇ ਹੋਏ ਸਨ। ਉਸ ਦੇ ਆਲ੍ਹਣੇ ਦੇ ਸਾਹਮਣੇ ਵਾਲੀ ਟਾਹਣੀ 'ਤੇ ਇਕ ਕਾਂ ਵੀ ਰਾਤ ਕੱਟਣ ਆ ਠਹਿਰਦਾ ਸੀ।

ਆਲਸੀ ਤੇ ਵਿਹਲਾ ਰਹਿਣ ਦੀ ਮਾੜੀ ਆਦਤ ਕਾਰਨ ਆਪਣਾ ਆਲ੍ਹਣਾ ਵੀ ਨਹੀਂ ਬਣਾ ਸਕਿਆ ਸੀ। ਹੁਣ ਅੱਗੇ ਆ ਰਹੀ ਠੰਢ ਤੋਂ ਬਚਣ ਲਈ ਮਨ ਹੀ ਮਨ ਘੁੱਗੀ ਦਾ ਆਲ੍ਹਣਾ ਹੜੱਪਣ ਦੀਆਂ ਸਕੀਮਾਂ ਘੜਨ ਲੱਗਾ ਪਰ ਉਸਨੂੰ ਕੋਈ ਮੌਕਾ ਨਹੀਂ ਮਿਲਦਾ ਸੀ।

ਫਿਰ ਇਕ ਦਿਨ ਜਦ ਘੁੱਗੀ ਬਾਹਰ ਚੋਗਾ ਚੁਗਣ ਗਈ ਹੋਈ ਸੀ ਤਾਂ ਕਾਂ ਦੇ ਮਨ 'ਚ ਸ਼ੈਤਾਨੀ ਜਾਗ ਗਈ। ਉਸ ਨੇ ਸੋਚਿਆ ਜੇ ਘੁੱਗੀ ਦੇ ਆਂਡੇ ਪੀ ਗਿਆ ਤਾਂ ਉਹ ਇਕੱਲੀ ਹੀ ਰਹਿ ਜਾਏਗੀ ਤੇ ਆਪਣਾ ਆਲ੍ਹਣਾ ਛੱਡ ਕੇ ਡਰਦੀ ਮਾਰੀ ਕਿਤੇ ਹੋਰ ਉੱਡ ਜਾਏਗੀ।

ਬਸ ਫਿਰ ਕੀ ਸੀ, ਉਹ ਝੱਟ ਉਡਾਰੀ ਮਾਰ ਘੁੱਗੀ ਦੇ ਆਲ੍ਹਣੇ ਕੋਲ ਜਾ ਪੁੱਜਾ। ਇਕ -ਇਕ ਕਰ ਕੇ ਸਾਰੇ ਹੀ ਆਂਡੇ ਪੀ ਗਿਆ। ਸ਼ਾਮ ਨੂੰ ਘੁੱਗੀ ਆਪਣਾ ਖਾਲੀ ਆਲ੍ਹਣਾ ਵੇਖ ਬਹੁਤ ਹੀ ਰੋਈ। ਫਿਰ ਜਦ ਇਕ ਸਾਥੀ ਚਿੜੀ ਨੇ ਕਾਂ ਦੀ ਕਾਲੀ ਕਰਤੂਤ ਦੀ ਗੱਲ ਦੱਸੀ ਤਾਂ ਉਹ ਮਨ ਹੀ ਮਨ ਕਾਂ ਕੋਸਦੀ।

ਇਕ ਦਿਨ ਕਾਂ ਕੋਲ ਜਾ ਤਰਲਾ ਕਰਦੀ ਬੋਲੀ, 'ਕਾਂ ਵੀਰਾ, ਜੇ ਤੈਨੂੰ ਆਲ੍ਹਣੇ ਦੀ ਹੀ ਲੋੜ ਸੀ ਤਾਂ ਤੂੰ ਮੈਨੂੰ ਦਸ ਦਿੰਦਾ, ਮੈਂ ਤੈਨੂੰ ਆਪਣਾ ਆਲ੍ਹਣਾ ਦੇ ਦਿੰਦੀ।'

ਕਾਂ ਝੱਟ ਬੋਲਿਆ, 'ਲੈ ਤੂੰ ਹੁਣ ਮੈਨੂੰ ਆਪਣਾ ਆਲ੍ਹਣਾ ਦੇ ਦੇ! ਹੁਣ ਤਾਂ ਤੂੰ ਹੈ ਵੀ ਇੱਕਲੀ ਆਂ, ਜਿੱਥੇ ਮਰਜ਼ੀ ਜਾ ਕੇ ਰਹਿ।' ਘੁੱਗੀ ਆਲ੍ਹਣਾ ਕਾਂ ਨੂੰ ਦੇ ਕੇ ਮਨ ਹੀ ਮਨ ਦੁੱਖੀ ਵੀ ਹੋਈ ਪਰ ਉਸ ਨੇ ਕੁੱਝ ਹੀ ਦਿਨਾਂ ਵਿਚ ਨੇੜਲੀ ਟਾਹਣੀ 'ਤੇ ਹੋਰ ਆਲ੍ਹਣਾ ਬਣਾ ਲਿਆ।

ਸਮਾਂ ਪਾ ਕੇ ਕਾਂ ਆਪਣੇ ਆਲ੍ਹਣੇ ਵਿਚ ਬੋਟਾਂ ਨਾਲ ਰਹਿ ਰਿਹਾ ਸੀ। ਇਕ ਦਿਨ ਕਾਂ ਜਦ ਆਪਣੇ ਬੱਚਿਆਂ ਲਈ ਚੋਗਾ ਲੈਣ ਗਿਆ ਤਾਂ ਘੁੱਗੀ ਨੇ ਆਪਣੇ ਆਲ੍ਹਣੇ 'ਚ ਬੈਠੇ ਦੇਖਿਆ ਕਿ ਇਕ ਵੱਡਾ ਸੱਪ ਟਾਹਲੀ 'ਤੇ ਚੜ੍ਹ ਕੇ ਕਾਂ ਦੇ ਬੱਚੇ ਖਾਣ ਨੂੰ ਤੇਜ਼ੀ ਨਾਲ ਵੱਧ ਰਿਹਾ ਹੈ। ਫਿਰ ਕੀ ਸੀ, ਘੁੱਗੀ ਨੇ ਸ਼ੋਰ ਪਾ-ਪਾ ਕੇ ਸਾਰੇ ਪੰਛੀ ਇਕੱਠੇ ਕਰ ਲਏ।

ਸਾਰੇ ਪੰਛੀਆਂ ਨੇ ਮਿਲ ਕੇ ਸੱਪ ਨੂੰ ਮਾਰ ਦਿੱਤਾ। ਵਾਪਸ ਆਉਣ 'ਤੇ ਕਾਂ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਾ ਕਿ ਘੁੱਗੀ ਨੇ ਮੇਰੇ ਬੱਚਿਆਂ ਦੀ ਜਾਨ ਬਚਾਈ ਹੈ ਤਾਂ ਉਹ ਬਹੁਤ ਹੀ ਸ਼ਰਮਿੰਦਾ ਹੋਇਆ। ਹੁਣ ਉਹ ਘੁੱਗੀ ਅੱਗੇ ਬੈਠਾ ਆਪਣੇ ਕੀਤੇ ਮਾੜੇ ਕੰਮ ਦੀ ਮਾਫ਼ੀ ਮੰਗ ਰਿਹਾ ਸੀ। •



# ਨਵਾਂ ਅਧਿਆਪਕ ਰੋਬੋਟ ਏਲੀਅਨ

***ਤੁਹਾਨੂੰ ਜਾਣ ਕੇ ਅਜੀਬ ਲੱਗ ਰਿਹਾ ਹੋਵੇਗਾ ਕਿ ਇਕ ਰੋਬੋਟ ਅਧਿਆਪਕ ਕਿਵੇਂ ਹੋ ਸਕਦਾ ਹੈ। ਕੀ ਪਤਾ ਤੁਹਾਨੂੰ ਵੀ ਇਕ ਦਿਨ ਰੋਬੋਟ ਅਧਿਆਪਕ ਤੋਂ ਪੜ੍ਹਨ ਦਾ ਮੌਕਾ ਮਿਲ ਜਾਵੇ। ਦਰਅਸਲ ਇਸ 'ਤੇ ਵੀ ਕਈ ਪ੍ਰਾਜੈਕਟ ਚੱਲ ਰਹੇ ਹਨ...***



ਏਲੀਅਨਜ਼ ਨਾਂ ਦਾ ਇਕ ਉਹ ਰੋਬੋਟ ਅਧਿਆਪਕ ਦੇ ਰੂਪ 'ਚ ਬੱਚਿਆਂ ਨੂੰ ਪੜ੍ਹਾਵੇਗਾ। ਉਹ ਬੱਚਿਆਂ ਦੇ ਸਵਾਲਾਂ ਦੇ ਜਵਾਬ ਵੀ ਦੇਵੇਗਾ।

### 23 ਭਾਸ਼ਾਵਾਂ ਦਾ ਗਿਆਨ

ਇਸ ਰੋਬੋਟ ਨੂੰ 23 ਭਾਸ਼ਾਵਾਂ ਦਾ ਗਿਆਨ ਅਤੇ ਸਮਝ ਹੋ ਸਕਦੀ ਹੈ ਤੇ ਇਸ ਦੇ ਨਾਲ ਹੀ ਇਸ ਅੰਦਰ ਲੱਗਿਆ ਸਾਫਟਵੇਅਰ ਬੱਚਿਆਂ ਦੀਆਂ ਜ਼ਰੂਰਤਾਂ ਬਾਰੇ ਦੱਸ ਸਕੇਗਾ। ਬੱਚਿਆਂ ਨੂੰ ਪੜ੍ਹਾਈ ਪ੍ਰਤੀ ਉਤਸ਼ਾਹਿਤ ਕਰਨ ਵੀ ਇਸ ਰੋਬੋਟ ਅਧਿਆਪਕ ਦਾ ਅਹਿਮ ਕੰਮ ਹੋਵੇਗਾ। ਸ਼ੁਰੂਆਤੀ ਸਮੇਂ 'ਚ ਇਹ ਅੰਗਰੇਜ਼ੀ, ਜਰਮਨ ਅਤੇ ਸਪੈਨਿਸ਼ ਭਾਸ਼ਾ 'ਚ ਬੋਲ ਸਕਦਾ ਹੈ।

### ਰਿਪੋਰਟ ਕਾਰਡ

ਇਸ ਰੋਬੋਟ ਦੀ ਖ਼ਾਸ ਗੱਲ ਇਹ ਹੈ ਕਿ ਇਹ ਬੱਚਿਆਂ ਦੀ ਪ੍ਰਤਿਭਾ ਅਤੇ ਹੁਨਰ ਨੂੰ ਪਛਾਣ ਕੇ ਸਵਾਲ ਪੁੱਛ ਸਕਦਾ ਹੈ ਤੇ ਨਾਲ ਹੀ ਅਧਿਆਪਕਾਂ ਨੂੰ ਬੱਚਿਆਂ ਦੀ ਪਰਫਾਰਮੈਂਸ ਦੀ ਫੀਡਬੈਕ ਵੀ ਦੇ ਸਕਦਾ ਹੈ।

ਰੋਬੋਟ ਦੁਆਰਾ ਤਿਆਰ ਕੀਤਾ ਰਿਪੋਰਟ ਕਾਰਡ ਬੱਚਿਆਂ ਦੀ ਮਾਨਸਿਕ ਤੇ ਸਰੀਰਿਕ ਸਮਰੱਥਾ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਜਾਵੇਗਾ। ਇਹੀ ਨਹੀਂ ਬਲਕਿ ਇਸ ਤੋਂ ਇਲਾਵਾ ਬੱਚਿਆਂ ਦੇ ਦੋਸਤ ਦੇ ਰੂਪ 'ਚ ਵੀ ਇਹ ਰੋਬੋਟ ਤਿਆਰ ਹੋਵੇਗਾ।

ਹਾਲਾਂਕਿ ਇਸ ਦੇ ਨਾਂ ਅਤੇ ਕੰਮ ਬਾਰੇ ਖੋਜ ਕਾਰਜ ਹੋ ਰਹੇ ਹਨ। ਮਾਹਿਰਾਂ ਅਨੁਸਾਰ ਇਸ ਦੀ ਵਰਤੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾਵੇਗੀ। •


## ਬਾਲ ਕੈਨਵਸ



**ਗੁੰਜਨ**
ਜਮਾਤ : ਪੰਜਵੀ, ਸੰਸਕ੍ਰਿਤੀ ਕੇ.ਐੱਮ.ਵੀ ਸਕੂਲ, ਜਲੰਧਰ।




**ਜਸਮੀਤ**
ਜਮਾਤ : ਦੱਸਵੀ
ਗੁਰੂ ਨਾਨਕ ਡੀ.ਏ.ਵੀ ਪਬਲਿਕ ਸਕੂਲ, ਬਠਿੰਡਾ।



**ਜਸ਼ਨਪ੍ਰੀਤ**
ਜਮਾਤ : ਅੱਠਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਤਮੰਨਾ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



**ਸੰਤੋਸ਼**
ਜਮਾਤ : ਛੇਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।

## ਸੰਪਾਦਕੀ

# ਭਾਰਤ-ਇਰਾਨ ਸੰਧੀ

ਅਮਰੀਕਾ ਦੀ ਤਰਫ਼ੋਂ ਪਾਬੰਦੀਆਂ ਲੱਗਣ ਦਾ ਡਰ ਭਾਰਤ ਨੂੰ ਇਰਾਨ ਨਾਲ ਦਸ ਸਾਲਾਂ ਦੀ ਸੰਧੀ ’ਤੇ ਸਹੀ ਪਾਉਣ ਤੋਂ ਰੋਕ ਨਹੀਂ ਸਕਿਆ। ਇਸ ਸੰਧੀ ਤਹਿਤ ਭਾਰਤ ਵੱਲੋਂ ਇਰਾਨ ਦੀ ਚਾਬਹਾਰ ਬੰਦਰਗਾਹ ਨੂੰ ਵਿਕਸਤ ਕਰ ਕੇ ਇਸ ਦੀ ਦੇਖ-ਰੇਖ ਕਰਨ ਦਾ ਜ਼ਿੰਮਾ ਵੀ ਓਟਿਆ ਗਿਆ ਹੈ। ਇਹ ਤਵੱਕੋ ਕੀਤੀ ਜਾ ਰਹੀ ਹੈ ਕਿ ਇਸ ਸੰਧੀ ਨਾਲ ਆਪਸੀ ਖੇਤਰੀ ਸੰਪਰਕ ਵਧੇਗਾ ਅਤੇ ਭਾਰਤ, ਇਰਾਨ, ਅਫ਼ਗਾਨਿਸਤਾਨ ਅਤੇ ਖ਼ਿੱਤੇ ਦੇ ਹੋਰਨਾਂ ਦੇਸ਼ਾਂ ਦਰਮਿਆਨ ਵਪਾਰ ਨੂੰ ਹੁਲਾਰਾ ਮਿਲੇਗਾ। ਭਾਰਤ ਵੱਲੋਂ ਇੰਡੀਅਨ ਪੋਰਟਸ ਗਲੋਬਲ ਲਿਮਟਿਡ ਅਤੇ ਇਰਾਨ ਵੱਲੋਂ ਪੋਰਟ ਐਂਡ ਮੈਰੀਟਾਈਮ ਆਰਗੇਨਾਈਜ਼ੇਸ਼ਨ ਆਫ ਇਰਾਨ ਨੇ ਇਸ ਸੰਧੀ ’ਤੇ ਦਸਤਖ਼ਤ ਕੀਤੇ ਹਨ। ਚਾਬਹਾਰ ਬੰਦਰਗਾਹ ਇਰਾਨ ਦੇ ਸਿਸਤਾਨ ਬਲੋਚਿਸਤਾਨ ਸੂਬੇ ਦੇ ਦੱਖਣੀ ਤੱਟ ’ਤੇ ਸਥਿਤ ਹੈ ਜਿੱਥੋਂ ਭਾਰਤੀ ਵਸਤਾਂ ਨੂੰ ਸੜਕ ਅਤੇ ਰੇਲ ਪ੍ਰਾਜੈਕਟ ਰਾਹੀਂ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਤੱਕ ਪਹੁੰਚਾਉਣ ਦੀ ਸਹੂਲਤ ਮਿਲ ਜਾਵੇਗੀ। ਇਸ ਸੜਕੀ ਤੇ ਰੇਲ ਪ੍ਰਾਜੈਕਟ ਨੂੰ ਨੌਰਥ-ਸਾਊਥ ਟ੍ਰਾਂਸਪੋਰਟ ਕੌਰੀਡੋਰ ਕਿਹਾ ਜਾਂਦਾ ਹੈ। ਅਹਿਮ ਗੱਲ ਇਹ ਹੈ ਕਿ ਇਹ ਰੂਟ ਪਾਕਿਸਤਾਨ ਤੋਂ ਲਾਂਭੇ ਹੋ ਕੇ ਗੁਜ਼ਰੇਗਾ ਕਿਉਂਕਿ ਪਿਛਲੇ ਕੁਝ ਮਹੀਨਿਆਂ ਤੋਂ ਉਸ ਦੇ ਇਰਾਨ ਨਾਲ ਸਬੰਧਾਂ ਵਿੱਚ ਨਿਘਾਰ ਆ ਗਿਆ ਸੀ ਅਤੇ ਭਾਰਤ ਨਾਲ ਸਬੰਧ ਪਿਛਲੇ ਤਕਰੀਬਨ ਡੇਢ ਦਹਾਕੇ ਤੋਂ ਬਰਫ਼ ਵਿੱਚ ਲੱਗੇ ਹੋਏ ਹਨ। ਇਰਾਨ ਦੇ ਪਰਮਾਣੂ ਪ੍ਰੋਗਰਾਮ ਕਰ ਕੇ ਅਮਰੀਕਾ ਵੱਲੋਂ ਲਾਈਆਂ ਪਾਬੰਦੀਆਂ ਕਾਰਨ ਚਾਬਹਾਰ ਬੰਦਰਗਾਹ ਦੇ ਨਿਰਮਾਣ ਕਾਰਜਾਂ ’ਤੇ ਕਾਫ਼ੀ ਅਸਰ ਪਿਆ ਸੀ ਹਾਲਾਂਕਿ ਨਵੀਂ ਦਿੱਲੀ ਨੇ 2003 ’ਚ ਇਸ ਬੰਦਰਗਾਹ ਨੂੰ ਵਿਕਸਤ ਕਰਨ ਦੀ ਤਜਵੀਜ਼ ਦਿੱਤੀ ਸੀ।

ਚਾਬਹਾਰ ਬੰਦਰਗਾਹ ਸੰਧੀ ਮੁਤੱਲਕ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਡਿਪਟੀ ਤਰਜਮਾਨ ਵੇਦਾਂਤ ਪਟੇਲ ਨੇ ਆਖਿਆ ਕਿ “ਇਰਾਨ ’ਤੇ ਅਮਰੀਕੀ ਪਾਬੰਦੀਆਂ ਜਾਰੀ ਰਹਿਣਗੀਆਂ ਅਤੇ ਅਸੀਂ ਇਸ ਨੂੰ ਅਮਲ ਵਿੱਚ ਲਿਆਉਂਦੇ ਰਹਾਂਗੇ।” ਇਸ ਦੇ ਨਾਲ ਹੀ ਤਰਜਮਾਨ ਨੇ ਭਾਰਤ ਨੂੰ ਖ਼ਬਰਦਾਰ ਕਰਦਿਆਂ ਆਖਿਆ ਕਿ ਇਰਾਨ ਨਾਲ ਕਾਰੋਬਾਰੀ ਸੰਧੀਆਂ ਕਰਨ ਦੇ ਚਾਹਵਾਨ ਕਿਸੇ ਵੀ ਦੇਸ਼ ਨੂੰ ਇਸ ਸੰਭਾਵੀ ਖ਼ਤਰੇ ਪ੍ਰਤੀ ਖ਼ਬਰਦਾਰ ਰਹਿਣ ਦੀ ਲੋੜ ਹੈ, ਖ਼ਾਸਕਰ ਪਾਬੰਦੀਆਂ ਦੇ ਲਿਹਾਜ਼ ਤੋਂ।

ਉਂਝ, ਰੂਸ ਤੋਂ ਰਿਆਇਤੀ ਭਾਅ ’ਤੇ ਤੇਲ ਖਰੀਦਣ ਦੇ ਮਾਮਲੇ ਦੀ ਤਰ੍ਹਾਂ ਹੀ ਭਾਰਤ ਨੇ ਇਰਾਨ ਨਾਲ ਕਾਰੋਬਾਰੀ ਸੰਧੀ ਦੇ ਮਾਮਲੇ ਵਿੱਚ ਵੀ ਆਪਣੇ ਹਿਤਾਂ ਨੂੰ ਤਰਜੀਹ ਦੇਣ ਦਾ ਫ਼ੈਸਲਾ ਕੀਤਾ ਹੈ ਅਤੇ ਇਹ ਵੀ ਦ੍ਰਿੜਾਇਆ ਹੈ ਕਿ ਮੌਜੂਦਾ ਭੂ-ਰਾਜਸੀ ਸਫ਼ਬੰਦੀਆਂ ਇਸ ਦੇ ਰਾਹ ਦਾ ਰੋੜਾ ਨਾ ਬਣਨ ਦਿੱਤੀਆਂ ਜਾਣ। ਪਿਛਲੇ ਸਾਲ ਭਾਰਤ ਨੇ ਚਾਬਹਾਰ ਬੰਦਰਗਾਹ ਦੀ ਵਰਤੋਂ ਕਰਦਿਆਂ 20 ਹਜ਼ਾਰ ਟਨ ਕਣਕ ਦੀ ਇਮਦਾਦ ਅਫ਼ਗਾਨਿਸਤਾਨ ਨੂੰ ਭਿਜਵਾਈ ਸੀ। ਇਸ ਤੋਂ ਸਾਫ਼ ਹੋ ਗਿਆ ਹੈ ਕਿ ਨਵੀਂ ਦਿੱਲੀ ਆਪਣੇ ਆਂਢ-ਗੁਆਂਢ ਵਿੱਚ ਆਪਣੀ ਮੌਜੂਦਗੀ ਦਰਸਾਉਣ ਲਈ ਪੂਰੀ ਵਾਹ ਲਾ ਸਕਦੀ ਹੈ ਭਾਵੇਂ ਇਸ ਨਾਲ ਕਿਸੇ ਨੂੰ ਮਾੜੀ ਮੋਟੀ ਔਖ ਮਹਿਸੂਸ ਕਿਉਂ ਨਾ ਹੋਵੇ। ਆਖ਼ਰਕਾਰ, ਅਮਰੀਕਾ ਕੋਲ ਕੌੜਾ ਘੁੱਟ ਭਰਨ ਤੋਂ ਬਿਨਾਂ ਕੋਈ ਰਾਹ ਨਹੀਂ ਹੋਣਾ ਅਤੇ ਭਾਰਤ ਆਪਣੀ ਪੇਸ਼ਕਦਮੀ ਜਾਰੀ ਰੱਖ ਸਕਦਾ ਹੈ।

# ਕਸ਼ਮੀਰ ਵਿਚ ਮਤਦਾਨ

ਜੰਮੂ ਕਸ਼ਮੀਰ ਖ਼ਾਸਕਰ ਕਸ਼ਮੀਰ ਵਾਦੀ ਵਿੱਚ ਲੋਕ ਸਭਾ ਚੋਣਾਂ ਲਈ ਸ਼ਾਂਤੀਪੂਰਵਕ ਮਤਦਾਨ ਹੋਣ ਅਤੇ ਮਤਦਾਨ ਦੀ ਦਰ ਵੀ ਕਾਫ਼ੀ ਉੱਚੀ ਰਹਿਣ ਨੂੰ ਇਸ ਖੇਤਰ ਵਿੱਚ ਲੋਕਰਾਜੀ ਅਮਲ ਦੀ ਬਹਾਲੀ ਲਈ ਇੱਕ ਸ਼ੁਭ ਸ਼ਗਨ ਵਜੋਂ ਦੇਖਿਆ ਜਾ ਰਿਹਾ ਹੈ। 2019 ਵਿੱਚ ਧਾਰਾ 370 ਰੱਦ ਕਰਨ ਅਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਵਾਪਸ ਲੈ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰਨ ਦੇ ਅਮਲ ਤੋਂ ਬਾਅਦ ਇਹ ਇੱਕ ਅਹਿਮ ਘਟਨਾਕ੍ਰਮ ਹੈ। ਸ੍ਰੀਨਗਰ ਵਿੱਚ ਵੋਟਾਂ ਦੀ ਪ੍ਰਤੀਸ਼ਤਤਾ 38 ਫ਼ੀਸਦੀ ਰਹੀ ਹੈ ਜੋ ਕਿ 2019 ਦੀਆਂ ਲੋਕ ਸਭਾ ਚੋਣਾਂ ਵਿਚ ਰਹੀ 14.43 ਦੀ ਪ੍ਰਤੀਸ਼ਤਤਾ ਤੋਂ ਕਾਫ਼ੀ ਜ਼ਿਆਦਾ ਹੈ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਇਸ ਖੇਤਰ ਦੇ ਜਟਿਲ ਸਮਾਜਿਕ ਸਿਆਸੀ ਧਰਾਤਲ ਦੇ ਬਾਵਜੂਦ ਚੁਣਾਵੀ ਪ੍ਰਕਿਰਿਆ ਵਿੱਚ ਲੋਕਾਂ ਦਾ ਵਿਸ਼ਵਾਸ ਹੌਲੀ ਹੌਲੀ ਬਹਾਲ ਹੋਣਾ ਸ਼ੁਰੂ ਹੋ ਸਕਦਾ ਹੈ। ਇਸ ਵਾਰ ਕਿਸੇ ਵੀ ਧਿਰ ਨੇ ਚੋਣਾਂ ਦੇ ਬਾਈਕਾਟ ਦਾ ਸੱਦਾ ਨਹੀਂ ਦਿੱਤਾ ਜਿਸ ਸਦਕਾ ਕਸ਼ਮੀਰ ਦੇ ਲੋਕਾਂ ਅੰਦਰ ਆਪਣੇ ਜਮਹੂਰੀ ਹੱਕ ਦੇ ਇਸਤੇਮਾਲ ਦੀ ਸੱਧਰ ਨੂੰ ਬੂਰ ਪਿਆ ਹੈ।

ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕਰੈਟਿਕ ਪਾਰਟੀ ਰਵਾਇਤੀ ਤੌਰ ’ਤੇ ਕਸ਼ਮੀਰ ਦੀਆਂ ਪ੍ਰਮੁੱਖ ਧਿਰਾਂ ਬਣੀਆਂ ਹੋਈਆਂ ਹਨ ਪਰ ਇਸ ਵਾਰ ਕਈ ਨਵੀਆਂ ਸਿਆਸੀ ਇਕਾਈਆਂ ਨੇ ਵੀ ਚੋਣ ਮੈਦਾਨ ਵਿੱਚ ਹਿੱਸਾ ਲਿਆ ਹੈ। ਉਂਝ ਕਸ਼ਮੀਰ ਦੇ ਰਾਜਕੀ ਢਾਂਚੇ ਅਤੇ ਕੇਂਦਰ ਸਰਕਾਰ ਵਿਚਕਾਰ ਭਰੋਸੇ ਦੀ ਭਰਪਾਈ ਦੇ ਮਾਮਲੇ ਵਿੱਚ ਅਜੇ ਵੀ ਕਈ ਚੁਣੌਤੀਆਂ ਬਣੀਆਂ ਹੋਈਆਂ ਹਨ। ਇਹ ਵੀ ਅਹਿਮ ਗੱਲ ਹੈ ਕਿ ਇਸ ਵਾਰ ਭਾਜਪਾ ਨੇ ਕਸ਼ਮੀਰ ਵਿੱਚ ਆਪਣਾ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਅਤੇ ਸਿਰਫ਼ ਲੱਦਾਖ ਅਤੇ ਜੰਮੂ ਦੇ ਹਲਕਿਆਂ ਤੋਂ ਹੀ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਸੱਤਾਧਾਰੀ ਪਾਰਟੀ ਵੱਲੋਂ ਕਸ਼ਮੀਰ ਨੂੰ ਲੈ ਕੇ ਜੋ ਬਿਰਤਾਂਤ ਵਿੱਢਿਆ ਗਿਆ ਸੀ, ਉਹ ਜ਼ਮੀਨੀ ਹਕੀਕਤਾਂ ਤੋਂ ਕਾਫ਼ੀ ਦੂਰ ਦਿਖਾਈ ਦੇ ਰਿਹਾ ਹੈ। ਭਾਜਪਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਧਾਰਾ 370 ਖ਼ਤਮ ਕਰਨ ਤੋਂ ਬਾਅਦ ਵਿਕਾਸ ਅਤੇ ਅਮਨ ਦਾ ਇੱਕ ਨਵਾਂ ਯੁੱਗ ਸ਼ੁਰੂ ਹੋ ਗਿਆ ਹੈ ਪਰ ਉੱਥੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ, ਮੀਡੀਆ ਸੈਂਸਰਸ਼ਿਪ ਅਤੇ ਆਰਥਿਕ ਬੇਰੁਖ਼ੀ ਨੂੰ ਲੈ ਕੇ ਲੋਕਾਂ ਅੰਦਰ ਪਾਏ ਜਾ ਰਹੇ ਰੋਹ ਦਾ ਸਾਹਮਣਾ ਕਰਨ ਦੀ ਹਿੰਮਤ ਦਾ ਮੁਜ਼ਾਹਰਾ ਨਹੀਂ ਕੀਤਾ ਜਾ ਸਕਿਆ।

ਸ਼ਾਂਤੀਪੂਰਵਕ ਚੋਣਾਂ ਕਰਾਉਣ ਨਾਲ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਦਾ ਆਧਾਰ ਬਣ ਸਕਦਾ ਹੈ ਜਿਵੇਂ ਕਿ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਊਧਮਪੁਰ ਵਿੱਚ ਇੱਕ ਚੋਣ ਰੈਲੀ ਦੌਰਾਨ ਵਾਅਦਾ ਵੀ ਕੀਤਾ ਸੀ। ਸੁਪਰੀਮ ਕੋਰਟ ਨੇ ਆਪਣੇ ਇੱਕ ਫ਼ੈਸਲੇ ਵਿੱਚ ਇਹ ਗੱਲ ਸਪੱਸ਼ਟ ਤੌਰ ’ਤੇ ਆਖੀ ਸੀ ਕਿ ਸਤੰਬਰ ਮਹੀਨੇ ਤੱਕ ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਜਾਣ।

ਸਾਰੀਆਂ ਸਬੰਧਿਤ ਧਿਰਾਂ ਨੂੰ ਇਸ ਮੌਕੇ ਦਾ ਲਾਭ ਉਠਾ ਕੇ ਇੱਕ ਲੋਕਰਾਜੀ ਤੇ ਪ੍ਰਤੀਨਿਧ ਸ਼ਾਸਨ ਦਾ ਢਾਂਚਾ ਬਹਾਲ ਕਰਨ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਕਿ ਉੱਥੋਂ ਦੇ ਲੋਕਾਂ ਦੀਆਂ ਮੰਗਾਂ ਮਸਲਿਆਂ ਨੂੰ ਬਿਹਤਰ ਢੰਗ ਨਾਲ ਮੁਖਾਤਿਬ ਹੋਇਆ ਜਾ ਸਕੇ।

# ਕੀ ਸਮਾਜਵਾਦੀ ਪ੍ਰਭਾਵ ਘਟ ਰਿਹਾ ਹੈ ?

**ਡਾ. ਸ. ਸ. ਛੀਨਾ**



ਸਾਰੇ ਹੀ ਧਾਰਮਿਕ ਆਗੂਆਂ ਵੱਲੋਂ ਸਮਾਜਿਕ ਬਰਾਬਰੀ ’ਤੇ ਖਾਸ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਅਤੇ ਸਮਾਜਿਕ ਬਰਾਬਰੀ ਸਥਾਪਿਤ ਹੀ ਤਾਂ ਹੋ ਸਕਦੀ ?ਹੈ ਜੇ ਆਰਥਿਕ ਬਰਾਬਰੀ ਹੈ, ਨਹੀਂ ਤਾਂ ਸਮਾਜਿਕ ਬਰਾਬਰੀ ਨੂੰ ਪਰਿਭਾਸ਼ਤ ਵੀ ਨਹੀਂ ਕੀਤਾ ਜਾ ਸਕਦਾ। 1991 ਵਿਚ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਸਮਾਜਵਾਦ ਨੂੰ ਭਾਵੇਂ ਵੱਡੀ ਸੱਟ ਵੱਜੀ, ਇੱਥੋਂ ਤੱਕ ਕਿ ਉਹ 16 ਵੱਖ-ਵੱਖ ਦੇਸ਼ ਜਿਹੜੇ ਸੋਵੀਅਤ ਯੂਨੀਅਨ ਦਾ ਹਿੱਸਾ ਬਣੇ ਸਨ ਅਤੇ ਜਿਨ੍ਹਾਂ ਨੇ ਸਮਾਜਵਾਦ ਅਪਣਾਇਆ ਸੀ, ਉਨ੍ਹਾਂ ਵੀ ਸੋਵੀਅਤ ਯੂਨੀਅਨ ਤੋਂ ਵੱਖ ਹੋ ਕੇ ਆਪੋ-ਆਪਣੇ ਸੁਤੰਤਰ ਰਾਜ ਸਥਾਪਤ ਕਰ ਲਏ। ਇਨ੍ਹਾਂ ਵਿਚ ਯੂਕਰੇਨ, ਜਾਰਜੀਆ, ਉਜ਼ਬੇਕਿਸਤਾਨ, ਤਜ਼ਾਕਿਸਤਾਨ, ਕਜ਼ਾਖਸਤਾਨ ਆਦਿ ਆਉਂਦੇ ਹਨ ਪਰ ਉਨ੍ਹਾਂ ਸਾਰੇ ਸਮਾਜਵਾਦੀ ਤੋਂ ਬਦਲੇ ਦੇਸ਼ਾਂ ਨੇ ਸਮਾਜਵਾਦ ਦੀ ਮੁੱਢਲੀ ਗੱਲ ਸਮਾਜਿਕ ਬਰਾਬਰੀ ਨੂੰ ਤਰਜੀਹ ਦਿੱਤੀ ਅਤੇ ਲਗਾਤਾਰ ਸੁਧਾਰਾਂ ਨਾਲ ਸਮਾਜਿਕ ਸੁਰੱਖਿਆ ਵਿਚ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਨਾ ਤਾਂ ਸਮਾਜਵਾਦ ਫੇਲ੍ਹ ਹੋ ਸਕਦਾ ਅਤੇ ਨਾ ਹੀ ਸਮਾਜਵਾਦ ਖ਼ਤਮ ਹੋ ਸਕਦਾ ਹੈ ਭਾਵੇਂ ਇਸ ਦੀ ਸੂਰਤ ਵਿਚ ਤਬਦੀਲੀ ਆਉਂਦੀ ਰਹੇਗੀ।

ਮੱਧਕਾਲ ਤੋਂ ਬਾਅਦ ਜਦੋਂ ਇਤਿਹਾਸ ਦੇ ਆਧੁਨਿਕ ਭਾਗ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿਚ ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਵੱਡੇ ਵੱਡੇ ਸੰਘਰਸ਼ਾਂ ਦੀਆਂ ਦਾਸਤਾਨਾਂ ਨਜ਼ਰ ਆਉਂਦੀਆਂ ਹਨ ਪਰ ਮੈਂ ਸਿਰਫ਼ ਦੋ ਤਿੰਨ ਦਾ ਹੀ ਜ਼ਿਕਰ ਕਰਾਂਗਾ। 19ਵੀਂ ਸਦੀ ਤੋਂ ਪਹਿਲਾਂ ਦੁਨੀਆ ਭਰ ਵਿਚ ਖੇਤੀਬਾੜੀ ਹੀ ਮੁੱਖ ਪੇਸ਼ਾ ਸੀ ਅਤੇ ਖੇਤੀ ਵਿਚ ਹੋਈ ਇਨਕਲਾਬੀ ਉਨਤੀ ਦੇ ਆਧਾਰ ’ਤੇ 19ਵੀਂ ਸਦੀ ਦੇ ਸ਼ੁਰੂ ਵਿਚ ਪਹਿਲਾਂ ਇੰਗਲੈਂਡ ਅਤੇ ਫਿਰ ਹੋਰ ਦੇਸ਼ਾਂ ਵਿਚ ਸਨਅਤੀ ਇਨਕਲਾਬ ਆਇਆ। ਉਸ ਵਕਤ ਖੇਤੀ ਕਰਨ ਵਾਲੇ ਕਿਸਾਨਾਂ ਦੇ ਦੋ ਸੰਘਰਸ਼ ਇਤਿਹਾਸ ਦਾ ਹਿੱਸਾ ਬਣੇ। ਪਹਿਲਾ ਸੀ 1534 ਵਿਚ ਜਰਮਨੀ ਦੇ ਕਿਸਾਨਾਂ ਦਾ ਸੰਘਰਸ਼, ਜਿਸ ਵਿਚ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਨੂੰ ਮਜਬੂਰ ਕੀਤਾ ਕਿ ਉਹ ਉਨ੍ਹਾਂ ਦੇ ਹੱਕ ਦੀ ਨੀਤੀ ਲਾਗੂ ਕਰਨ ਅਤੇ ਉਸ ਤੋਂ ਬਾਅਦ 1789 ਵਿਚ ਫਰਾਂਸ ਦੀ ਕ੍ਰਾਂਤੀ ਦਾ ਜ਼ਿਕਰ ਆਉਂਦਾ ਹੈ ਜਿਸ ਵਿਚ ਕਿਸਾਨ ਖ਼ੂਨੀ ਇਨਕਲਾਬ ਕਰਕੇ ਉਸ ਵਕਤ ਦੇ ਵੱਡੇ ਜ਼ਿਮੀਂਦਾਰਾਂ ਅਤੇ ਰਜਵਾੜਿਆਂ ਕੋਲੋਂ ਜ਼ਮੀਨਾਂ ਖੋਹ ਕੇ ਉਨ੍ਹਾਂ ਦੇ ਮਾਲਕ ਬਣੇ। ਮਾਰਕਸ ਅਤੇ ਏਂਜਲਸ ਨੇ ਸਮਾਜਵਾਦ ਦਾ ਜਿਹੜਾ ਸਿਧਾਂਤ ਦਿੱਤਾ ਸੀ ਜਿਸ ਦੀ ਮੁੱਖ ਮਦ ਸਮਾਜਿਕ ਅਤੇ ਆਰਥਿਕ ਬਰਾਬਰੀ ਸੀ, ਉਸ ਵਿਚ ਉਨ੍ਹਾਂ ਦੀ ਕਿਆਸਰਾਈ ਸੀ ਕਿ ਜਿਨ੍ਹਾਂ ਦੇਸ਼ਾਂ ਵਿਚ ਉਦਯੋਗਿਕ ਵਿਕਾਸ ਹੋ ਰਿਹਾ ਹੈ ਉਨ੍ਹਾਂ ਦੇ ਉਦਯੋਗਿਕ ਕਿਰਤੀਆਂ ਵੱਲੋਂ ਸਮਾਜਵਾਦ ਸਥਾਪਤ ਕੀਤਾ ਜਾਵੇਗਾ ਅਤੇ ਰਜਵਾੜਾ ਪ੍ਰਣਾਲੀ ਖ਼ਤਮ ਕੀਤੀ ਜਾਵੇਗੀ।

ਰੂਸ ਵਿਚ ਜਦੋਂ 1917 ’ਚ ਸਮਾਜਵਾਦ ਸਥਾਪਤ ਕੀਤਾ ਗਿਆ ਤਾਂ ਉਸ ਸਮਾਜਵਾਦ ਦੀ ਅਗਵਾਈ ਉਦਯੋਗਿਕ ਕਿਰਤੀਆਂ ਨੇ ਨਹੀਂ ਸਗੋਂ ਕਿਸਾਨਾਂ ਨੇ ਕੀਤੀ, ਫਿਰ ਰੂਸ ਉਸ ਵਕਤ ਤੱਕ ਉਦਯੋਗਿਕ ਦੇਸ਼ ਬਣਿਆ ਹੀ ਨਹੀਂ ਸੀ ਅਤੇ ਉੱਥੋਂ ਦੀ ਜ਼ਿਆਦਾਤਰ ਵਸੋਂ ਖੇਤੀ ’ਤੇ ਨਿਰਭਰ ਕਰਦੀ ਸੀ। ਉਦੋਂ ਕਿਸਾਨਾਂ ਨੇ ਕਿਰਤੀਆਂ ਨਾਲ ਮਿਲ ਕੇ ਉੱਥੋਂ ਦੇ ਹੁਕਮਰਾਨ ਜਾਰ ਨੂੰ ਲਾਹ ਕੇ ਕਿਸਾਨਾਂ ਅਤੇ ਕਿਰਤੀਆਂ ਦਾ ਰਾਜ ਸਥਾਪਤ ਕਰ ਦਿੱਤਾ। 2016 ਵਿਚ ਜਾਂ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਅਧਿਕਾਰਤ ਤੌਰ ’ਤੇ ਸਮਾਜਵਾਦ ਛੱਡਣ ਦੇ ਤਕਰੀਬਨ 24 ਸਾਲ ਬਾਅਦ ਮੈਂ ਇਕ ਵਾਰ ਰੁਮਾਨੀਆ ਜਾ ਰਿਹਾ ਸਾਂ ਅਤੇ ਮੈਨੂੰ ਕੋਈ 4 ਘੰਟੇ ਮਾਸਕੋ ਦੇ ਹਵਾਈ ਅੱਡੇ ’ਤੇ ਬੁਖਾਰੈਸਟ ਵਾਲੇ ਜਹਾਜ਼ ਦੀ ਉਡੀਕ ਕਰਨੀ ਪਈ। ਉਥੇ ਮੈਂ ਹਰ ਕਰਮਚਾਰੀ ਦੀ ਬਾਂਹ ’ਤੇ ਲੱਗੇ ਦਾਤਰੀ ਅਤੇ ਹਥੌੜੇ ਦੇ ਬਣੇ ਨਿਸ਼ਾਨ ਤੋਂ ਬਹੁਤ ਹੈਰਾਨ ਹੋਇਆ। ਮੈਂ ਇਕ ਕਰਮਚਾਰੀ ਨੂੰ ਪੁੱਛਿਆ ਕਿ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਸਮਾਜਵਾਦ ਨੂੰ ਨਕਾਰਨ ਤੋਂ ਬਾਅਦ ਵੀ “ਦਾਤਰੀ ਅਤੇ ਹਥੌੜੇ” ਦੇ ਨਿਸ਼ਾਨ ਨੂੰ ਕਿਉਂ ਅਪਣਾਇਆ ਜਾ ਰਿਹਾ ਹੈ ਤਾਂ ਉਸ ਨੇ ਬਹੁਤ ਢੁਕਵਾਂ ਜਵਾਬ ਦਿੱਤਾ ਕਿ ਉਸ ਸਮੇਂ ਆਈਆਂ ਆਰਥਿਕ ਮੁਸ਼ਕਲਾਂ ਦਾ ਮੁੱਖ ਕਾਰਨ ਪ੍ਰਬੰਧਕੀ ਅਯੋਗਤਾ ਸੀ ਪਰ ਉਸ ਤੋਂ ਬਾਅਦ ‘ਸਮਾਜਿਕ ਬਰਾਬਰੀ’ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਨਾਇਆ ਗਿਆ ਹੈ ਅਤੇ ਸਮਾਜਿਕ ਬਰਾਬਰੀ ਵੀ ਬਣਾ ਕੇ ਰੱਖੀ ਹੋਈ ਹੈ। ਸਮਾਜਵਾਦ ਨੂੰ ਕਦੇ ਵੀ ਅਸਲੀਅਤ ਵਿਚ ਨਹੀਂ ਨਕਾਰਿਆ ਭਾਵੇਂ ਆਰਥਿਕ ਪ੍ਰਬੰਧ ਵਿਚ ਕੁਝ ਖੁੱਲ੍ਹਾਂ ਜ਼ਰੂਰ ਦਿੱਤੀਆਂ ਗਈਆਂ ਹਨ। ਉਨ੍ਹਾਂ ਆਰਥਿਕ ਖੁੱਲ੍ਹਾਂ ਬਾਰੇ ਮੈਨੂੰ ਕੁਝ ਸਮੇਂ ਬਾਅਦ ਹੀ ਗਿਆਨ ਹੋ ਗਿਆ। ਉਹ ਇਸ ਤਰ੍ਹਾਂ ਹੋਇਆ ਕਿ ਮੈਂ ਅਤੇ ਮੇਰੇ ਨਾਲ ਦੇ ਦੋ ਹੋਰ ਸਾਥੀਆਂ ਨੇ ਸਮਾਂ ਬਿਤਾਉਣ ਲਈ ਚਾਹ ਦਾ ਆਰਡਰ ਦਿੱਤਾ ਪਰ ਉਸ ਲੜਕੀ ਨੇ ਸਾਨੂੰ ਪੁੱਛਿਆ: ਕੀ ਆਪ ਦੇ ਕੋਲ ਅਮਰੀਕਨ ਡਾਲਰ ਜਾਂ ਰੂਬਲ (ਰੂਸ ਦੀ ਕਰੰਸੀ) ਹੈ, ਭਾਵੇਂ ਸਾਡੇ ਕੋਲ ਡਾਲਰ ਤਾਂ ਸਨ ਪਰ ਅਸੀਂ ਇਸ ਗੱਲੋਂ ਬਹੁਤ ਹੈਰਾਨ ਹੋਏ ਕਿ ਅਮਰੀਕਾ ਜਿਸ ਨਾਲ ਰੂਸ ਦੀ ਲਗਾਤਾਰ ਕੋਈ 70 ਸਾਲ ਸਰਦ ਜੰਗ ਜਾਰੀ ਰਹੀ, ਉੱਥੇ ਹੁਣ ਰੂਬਲ ਤੋਂ ਇਲਾਵਾ ਜੇ ਕਿਸੇ ਕਰੰਸੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਹ ਅਮਰੀਕਾ ਦਾ ਡਾਲਰ ਹੀ ਹੈ। ਇਸ ਗੱਲ ਨੇ ਸਾਡੇ ਮਨ ਵਿਚ ਕਈ ਹੋਰ ਸੁਆਲ ਪੈਦਾ ਕੀਤੇ ਪਰ ਅਸੀਂ ਗੱਲਬਾਤ ਨਾਲ ਬਿਲਕੁਲ ਸੰਤੁਸ਼ਟ ਹੋ ਗਏ ਕਿ ਵਪਾਰਕ ਅਤੇ ਆਰਥਿਕ ਲੋੜਾਂ ਅਨੁਸਾਰ ਲੋਕਹਿੱਤ ਲਈ ਜੇ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ ਤਾਂ ਇਸ ਦਾ ਇਹ ਅਰਥ ਨਹੀਂ ਕੱਢਿਆ ਜਾ ਸਕਦਾ ਕਿ ਹੁਣ ਉੱਥੇ ਉਹ ਅਗਾਂਹਵਧੂ ਨੀਤੀਆਂ ਦਾ ਖ਼ਾਤਮਾ ਹੋ ਗਿਆ ਹੈ।

ਜਦੋਂ 1917 ’ਚ ਰੂਸ ਵਿਚ ਇਨਕਲਾਬ ਹੋਇਆ ਸੀ ਤਾਂ ਉਸ ਵਕਤ ਰੂਸ ਬਹੁਤ ਵਿਸ਼ਾਲ ਦੇਸ਼ ਅਤੇ ਕੁਦਰਤੀ ਤੇ ਆਰਥਿਕ ਸਾਧਨਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਆਪਣੀਆਂ ਖੁਰਾਕ ਲੋੜਾਂ ਵੀ ਪੂਰੀਆਂ ਕਰਨ ਯੋਗ ਨਹੀਂ ਸੀ। ਉੱਥੋਂ ਦਾ ਹੁਕਮਰਾਨ ਜਾਰ ਅਤੇ ਪ੍ਰਾਂਤਾਂ ਦੇ ਪ੍ਰਬੰਧਕਾਂ ਨੂੰ ਆਮ ਵਿਅਕਤੀਆਂ ਦੀਆਂ ਮੁਸ਼ਕਲਾਂ ਦਾ ਕੋਈ ਗਿਆਨ ਨਹੀਂ ਸੀ ਪਰ ਇਨਕਲਾਬ ਤੋਂ ਬਾਅਦ ਕੁਝ ਹੀ ਸਾਲਾਂ ਵਿਚ ਰੂਸ ਦੁਨੀਆ ਦੀ ਨਾ ਸਿਰਫ਼ ਵੱਡੀ ਆਰਥਿਕ ਸ਼ਕਤੀ ਬਣਿਆ ਸਗੋਂ ਸਭ ਤੋਂ ਮਹੱਤਵਪੂਰਨ ਫੌਜੀ ਤਾਕਤ ਵੀ ਬਣ ਗਿਆ ਸੀ। ਸਿਰਫ਼ 40 ਸਾਲਾਂ ਵਿਚ 1957 ਤੱਕ ਉਸ ਦੇਸ਼ ਦੇ ਵਿਗਿਆਨਕ ਅਤੇ ਉਦਯੋਗਿਕ ਖੇਤਰ ਵਿਚ ਓਨੀਆਂ ਪ੍ਰਾਪਤੀਆਂ ਕੀਤੀਆਂ ਸਨ ਕਿ ਪੁਲਾੜ ਵਿਚ ਹੋਰ ਗ੍ਰਹਿਆਂ ਦੀ ਖੋਜ ਕਰਨ ਲਈ ਸਭ ਤੋਂ ਪਹਿਲਾ ਵਿਅਕਤੀ ਯੂਰੀ ਗਾਗਰਿਨ ਸੋਵੀਅਤ ਯੂਨੀਅਨ ਨੇ ਹੀ ਭੇਜਿਆ ਸੀ। ਦੂਸਰੀ ਵੱਡੀ ਜੰਗ ਵਿਚ ਸੋਵੀਅਤ ਯੂਨੀਅਨ ਨਹੀਂ ਸੀ ਪੈਣਾ ਚਾਹੁੰਦਾ ਅਤੇ ਜੰਗ ਦੇ ਹੱਕ ਵਿਚ ਵੀ ਨਹੀਂ ਸੀ ਪਰ ਜਦੋਂ ਜਰਮਨੀ ਵੱਲੋਂ ਉਸ ’ਤੇ ਹਮਲਾ ਕਰਕੇ ਉਸ ਨੂੰ ਜੰਗ ਵਿਚ ਕੁੱਦਣ ਲਈ ਮਜਬੂਰ ਕਰ ਦਿੱਤਾ ਸੀ ਤਾਂ ਨਾਜ਼ੀ ਅਤੇ ਫਾਸ਼ੀ ਸ਼ਕਤੀਆਂ ਦੀ ਹਾਰ ਦਾ ਵੱਡਾ ਕਾਰਨ ਵੀ ਰੂਸ ਹੀ ਸੀ। ਭਾਵੇਂ ਇਸ ਜੰਗ ਵਿਚ ਰੂਸੀਆਂ ਨੂੰ ਬਹੁਤ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਵੀ ਉਠਾਉਣਾ ਪਿਆ ਸੀ।

ਸੋਵੀਅਤ ਯੂਨੀਅਨ ਦੀ ਪ੍ਰਣਾਲੀ ਦੀ ਸਫ਼ਲਤਾ ਦੀਆਂ ਕਈ ਗੱਲਾਂ ਹਨ ਪਰ ਕੁਝ ਦੱਸਣੀਆਂ ਜ਼ਰੂਰੀ ਹਨ ਜਿਨ੍ਹਾਂ ਦਾ ਅਜੇ ਵੀ ਦੁਨੀਆ ਭਰ ਵਿਚ ਮਹੱਤਵ ਹੈ। 1927 ਵਿਚ ਦੁਨੀਆ ਭਰ ਵਿਚ ਮੰਦੀ ਫੈਲੀ ਸੀ ਜਿਸ ਵਿਚ ਵਸਤੂਆਂ ਦੀਆਂ ਕੀਮਤਾਂ ਘਟ ਰਹੀਆਂ ਸਨ ਪਰ ਘੱਟ ਹੋਣ ਦੇ ਬਾਵਜੂਦ ਵੀ ਵਿਕ ਨਹੀਂ ਸਨ ਰਹੀਆਂ ਇਸ ਲਈ ਹੋਰ ਬਣਾਉਣ ਦੀ ਲੋੜ ਨਹੀਂ ਸੀ। ਕਾਰਖਾਨੇ ਅਤੇ ਉਤਪਾਦਕ ਅਦਾਰੇ ਬੰਦ ਹੋ ਰਹੇ ਸਨ ਅਤੇ ਦੁਨੀਆ ਭਰ ਵਿਚ ਬੇਰੁਜ਼ਗਾਰੀ ਫੈਲ ਰਹੀ ਸੀ ਪਰ ਰੂਸ ਹੀ ਇਕੱਲਾ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟੀਆਂ ਅਤੇ ਨਾ ਬੇਰੁਜ਼ਗਾਰੀ ਹੋਈ। 1939 ਵਿਚ ਜਦੋਂ ਦੂਸਰੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਇਕ ਦਮ ਸਾਰੀ ਹੀ ਦੁਨੀਆ ਵਿਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧ ਰਹੀਆਂ ਸਨ ਅਤੇ ਆਮ ਆਦਮੀ ਦੁਖੀ ਸੀ ਪਰ ਸੋਵੀਅਤ ਯੂਨੀਅਨ ਇਕੱਲਾ ਹੀ ਦੇਸ਼ ਸੀ ਜਿੱਥੇ ਕੀਮਤਾਂ ਸਥਿਰ ਸਨ। ਜੰਗ ਦੇ ਖ਼ਾਤਮੇ ਤੋਂ ਬਾਅਦ ਬਹੁਤ ਸਾਰੇ ਦੇਸ਼ ਜਿਵੇਂ ਪੋਲੈਂਡ, ਰੁਮਾਨੀਆ, ਆਸਟਰੀਆ, ਯੂਗੋਸਲਾਵੀਆ, ਚੈਕੋਸਲੋਵਾਕੀਆ ਆਦਿ ਸੋਵੀਅਤ ਯੂਨੀਅਨ ਦੀ ਹੋਈ ਉਨਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਮਾਜਵਾਦ ਅਪਣਾਇਆ ਸੀ ਅਤੇ 1949 ਵਿਚ ਚੀਨ ਨੇ ਇਕਦਮ ਸਮਾਜਵਾਦ ਅਪਣਾ ਕੇ ਪਿਛਲੀ ਪ੍ਰਣਾਲੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ। ਉਸ ਵਕਤ ਚੀਨ ਦੁਨੀਆ ਵਿਚ ਵਸੋਂ ਦੇ ਹਿਸਾਬ ਸਭ ਤੋਂ ਵੱਡਾ ਦੇਸ਼ ਸੀ। 1975 ਤੱਕ ਕੋਈ 69 ਫ਼ੀਸਦੀ ਵਸੋਂ ਨੇ ਦੁਨੀਆ ਵਿਚ ਸਮਾਜਵਾਦ ਅਪਣਾ ਲਿਆ ਸੀ। ਜਿਨ੍ਹਾਂ ਦੇਸ਼ਾਂ ਨੇ ਸਮਾਜਵਾਦ ਨਹੀਂ ਸੀ ਅਪਣਾਇਆ ਉਨ੍ਹਾਂ ਨੂੰ ਵੀ ਸਮਾਜਵਾਦ ਨੇ ਪ੍ਰਭਾਵਿਤ ਕੀਤਾ। 1947 ਤੋਂ ਪਹਿਲਾਂ ਇਕੱਲਾ ਭਾਰਤ ਹੀ ਨਹੀਂ ਸਗੋਂ ਕਈ ਹੋਰ ਦੇਸ਼ ਇੰਗਲੈਂਡ, ਫਰਾਂਸ, ਹਾਲੈਂਡ ਦੇ ਅਧੀਨ ਸਨ ਅਤੇ ਉਨ੍ਹਾਂ ਦੇਸ਼ਾਂ ਵਿਚ ਆਪਣੀ ਸੁਤੰਤਰਤਾ ਲਈ ਸੰਘਰਸ਼ ਚੱਲ ਰਹੇ ਸਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਪ੍ਰਭਾਵਿਤ ਕਰਕੇ ਉਨ੍ਹਾਂ ਦੇਸ਼ਾਂ ਦੀ ਸੁਤੰਤਰਤਾ ਨੂੰ ਅਸਲੀ ਸ਼ਕਲ ਦਿੱਤੀ ਅਤੇ ਇਕ ਤੋਂ ਬਾਅਦ ਇਕ ਦੇਸ਼ ਸੁਤੰਤਰ ਹੁੰਦਾ ਗਿਆ। ਦੁਨੀਆ ਭਰ ਦੇ ਦੇਸ਼ਾਂ ਵਿਚ ਨਾ ਸਿਰਫ਼ ਉਦਯੋਗਿਕ ਕਿਰਤੀਆਂ ਦੀਆਂ ਸਗੋਂ ਹੋਰ ਸੇਵਾਵਾਂ ਦੇਣ ਵਾਲਿਆਂ ਦੀਆਂ ਯੂਨੀਅਨਾਂ ਸਥਾਪਤ ਹੋਈਆਂ ਜਿਨ੍ਹਾਂ ਨੇ ਕੰਮ ਦਾ ਸਮਾਂ, ਸਮਾਜਿਕ ਸੁਰੱਖਿਆ, ਇਲਾਜ ਦੀ ਵਿਵਸਥਾ ਅਤੇ ਹੋਰ ਮਨੁੱਖੀ ਅਧਿਕਾਰਾਂ ਲਈ ਵੱਡੇ ਸੰਘਰਸ਼ ਕੀਤੇ ਜਿਨ੍ਹਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਉਤਸ਼ਾਹਿਤ ਕੀਤਾ।

1917 ਤੋਂ ਬਾਅਦ ਸਾਮਰਾਜਵਾਦੀ ਸ਼ਕਤੀਆਂ ਅਤੇ ਉਦਯੋਗਿਕ ਦੇਸ਼ਾਂ ਵਿਚ ਇਸ ਗੱਲ ਦੀ ਚੇਤਨਾ ਪੈਦਾ ਹੋ ਗਈ ਸੀ ਕਿ ਵੱਧ ਤੋਂ ਵੱਧ ਦੇਸ਼ ਸਮਾਜਵਾਦ ਅਪਣਾ ਰਹੇ ਹਨ ਅਤੇ ਉਨ੍ਹਾਂ ਦੇਸ਼ਾਂ ਨੇ ਸਮਾਜਵਾਦ ਦੇ ਵਾਧੇ ਨੂੰ ਰੋਕਣ ਲਈ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇਸ਼ਾਂ ਨੇ ਕਿਰਤੀਆਂ ਦੇ ਕੰਮ ਦੇ ਸਮੇਂ, ਉਨ੍ਹਾਂ ਨੂੰ ਕੰਮ ਕਰਨ ਵਾਲੀ ਜਗ੍ਹਾ ਤੇ ਸਹੂਲਤਾਂ, ਪੈਨਸ਼ਨ, ਪ੍ਰਾਵੀਡੈਂਟ ਫੰਡ, ਹਾਦਸੇ ਦੀ ਹਾਲਤ ਵਿਚ ਮੁਆਵਜ਼ਾ ਆਦਿ ਸਹੂਲਤਾਂ ਇਕ ਤੋਂ ਬਾਅਦ ਇਕ ਦੇਸ਼ ਵਿਚ ਸ਼ੁਰੂ ਹੋ ਗਈਆਂ। ਇੱਥੋਂ ਤੱਕ ਕਿ ਸਰਕਾਰ ਨੇ ਇਹ ਮਹਿਸੂਸ ਕਰ ਲਿਆ ਕਿ ਬੇਰੁਜ਼ਗਾਰੀ ਦਾ ਭੱਤਾ ਵੀ ਲਾਗੂ ਕਰਨਾ ਪੈਣਾ ਹੈ ਅਤੇ ਸਮਾਜਿਕ ਬਰਾਬਰੀ ਬਣਾਉਣ ਲਈ ਆਰਥਿਕ ਬਰਾਬਰੀ ਦੀ ਵਿਵਸਥਾ ਕਰਨੀ ਪਵੇਗੀ ਭਾਵੇਂ ਉਸ ਨੂੰ ਟੈਕਸ ਪ੍ਰਣਾਲੀ ਰਾਹੀਂ ਹੀ ਕੀਤਾ ਜਾਵੇ। ਇਹੋ ਵਜ੍ਹਾ ਹੈ ਕਿ ਅੱਜ ਕੱਲ੍ਹ ਦੁਨੀਆ ਦੇ ਹਰ ਵਿਕਸਤ ਦੇਸ਼ ਵਿਚ ਭਾਵੇਂ ਧਨ ਦੀ ਨਾ-ਬਰਾਬਰੀ ਤਾਂ ਹੈ ਪਰ ਆਮਦਨ ਦੀ ਨਾ-ਬਰਾਬਰੀ ਨਹੀਂ ਜਿਸ ਦੇ ਇਹ ਸਬੂਤ ਹਨ ਕਿ ਅਮੀਰ ਤੋਂ ਅਮੀਰ ਵਿਅਕਤੀ ਕੋਲ ਵੀ ਡਰਾਈਵਰ ਨਹੀਂ ਅਤੇ ਇਨ੍ਹਾਂ ਵਿਕਸਤ ਦੇਸ਼ਾਂ ਵਿਚ ਇਕ ਵੀ ਬਾਲ ਕਿਰਤੀ ਨਹੀਂ।

ਸਮਾਜਵਾਦ ਦਾ ਪ੍ਰਭਾਵ ਲਗਾਤਾਰ ਬਣਿਆ ਹੋਇਆ ਹੈ ਅਤੇ ਬਣਿਆ ਰਹੇਗਾ। 1991 ਵਿਚ ਸੋਵੀਅਤ ਯੂਨੀਅਨ ਵੱਲੋਂ ਪਹਿਲੇ ਰਸਤੇ ਨੂੰ ਛੱਡ ਕੇ ਨਵਾਂ ਰਸਤਾ ਅਪਣਾ ਲੈਣਾ ਓਨੀ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਸੀ ਜਿੰਨੀ 1917 ਵਿਚ ਸਮਾਜਵਾਦ ਅਪਣਾਉਣਾ ਸੀ ਪਰ 1917 ਤੋਂ ਲੈ ਕੇ ਲਗਾਤਾਰ ਦੁਨੀਆ ਭਰ ਵਿਚ ਸਮਾਜਿਕ ਬਰਾਬਰੀ ਜਿਹੜੀ ਆਰਥਿਕ ਬਰਾਬਰੀ ’ਤੇ ਆਧਾਰਤ ਹੈ, ਉਸ ਸਬੰਧੀ ਸੁਧਾਰ ਲਗਾਤਾਰ ਚੱਲਦੇ ਰਹਿਣਗੇ ਅਤੇ ਇਸ ਸਮਾਜਿਕ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਦੀ ਵਰਤੋਂ ਹਰ ਇਕ ਲਈ ਬਰਾਬਰ ਹੋਣੀ ਜਿਹੜੀ ਸਮਾਜਿਕ ਸੁਰੱਖਿਆ ’ਤੇ ਨਿਰਭਰ ਕਰਦੀ ਹੈ ਉਸ ਵਿਚ ਵਾਧਾ ਹੁੰਦਾ ਰਹੇਗਾ।

# ਲੋਕ ਸਭਾ ਚੋਣਾਂ-2024 ਲਈ ਪੰਜਾਬ ਦੇ ਕੁੱਲ ਵੋਟਰਾਂ ਦੀ ਅੰਤਮ ਸੂਚੀ ਜਾਰੀ: ਸਿਬਿਨ ਸੀ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਲਈ ਪੰਜਾਬ ਦੇ ਕੁੱਲ ਵੋਟਰਾਂ ਦੀ ਅੰਤਮ ਸੂਚੀ ਜਾਰੀ ਕਰ ਦਿੱਤੀ ਹੈ। 1 ਜੂਨ, 2024 ਨੂੰ ਪੰਜਾਬ ਵਿਚ ਪੈਣ ਵਾਲੀਆਂ ਵੋਟਾਂ ਲਈ ਕੁੱਲ 2 ਕਰੋੜ 14 ਲੱਖ 61 ਹਜ਼ਾਰ 739 (2,14,61,739) ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 4 ਮਈ ਪੰਜਾਬ ਵਿਚ ਨਵੀਆਂ ਵੋਟਾਂ ਬਣਾਉਣ ਦੀ ਅੰਤਿਮ ਤਾਰੀਖ ਸੀ ਅਤੇ 4 ਮਈ ਤੱਕ ਜਮ੍ਹਾਂ ਕਰਵਾਏ ਗਏ ਫਾਰਮਾਂ ਦਾ ਨਿਪਟਾਰਾ 17 ਮਈ ਤੱਕ ਕੀਤਾ ਜਾਣਾ ਸੀ। ਅੱਜ ਜਾਰੀ ਕੀਤੀ ਵੋਟਰ ਸੂਚੀ ਅਨੁਸਾਰ ਪੰਜਾਬ ਵਿਚ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 14 ਲੱਖ 61 ਹਜ਼ਾਰ 739 (2,14,61,739) ਹੈ। ਇਸ ਵਿਚ 1 ਕਰੋੜ 12 ਲੱਖ 86 ਹਜ਼ਾਰ 726 (1,12,86,726) ਮਰਦ ਵੋਟਰ, 1 ਕਰੋੜ 1 ਲੱਖ 74 ਹਜ਼ਾਰ 240 (1,01,74,240) ਮਹਿਲਾ ਵੋਟਰ ਅਤੇ 773 ਹੋਰ ਵੋਟਰ ਹਨ।

ਉਨ੍ਹਾਂ ਦੱਸਿਆ ਕਿ 5 ਲੱਖ 38 ਹਜ਼ਾਰ 715 ਵੋਟਰ 18-19 ਸਾਲ ਗਰੁੱਪ ਨਾਲ ਸਬੰਧ ਰੱਖਦੇ ਹਨ ਜੋ ਕਿ ਪਹਿਲੀ ਵਾਰ ਵੋਟ ਪਾਉਣਗੇ। ਇਸੇ ਤਰ੍ਹਾਂ 1 ਲੱਖ 89 ਹਜ਼ਾਰ 855 ਵੋਟਰ 85 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਦਿਵਿਆਂਗ ਵੋਟਰਾਂ ਦੀ ਗਿਣਤੀ 1 ਲੱਖ 58 ਹਜ਼ਾਰ 718 ਹੈ। ਸਿਬਿਨ ਸੀ ਨੇ ਦੱਸਿਆ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਹੋਣਗੇ, ਜਿਨ੍ਹਾਂ ਵਿਚੋਂ 16,517 ਪਿੰਡਾਂ ਵਿਚ ਅਤੇ 7,934 ਸ਼ਹਿਰਾਂ ਵਿਚ ਬਣਾਏ ਗਏ ਹਨ। ਪੰਜਾਬ ਵਿਚ 100 ਫੀਸਦੀ ਫੋਟੋ ਪਹਿਚਾਣ ਪੱਤਰ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਸਾਰੇ ਬੰਦੋਬਸਤ ਕਰਨ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਦੀ ਟੀਮ ਪੂਰੀ ਤਨਦੇਹੀ ਨਾਲ ਲੱਗੀ ਹੋਈ ਹੈ। ਉਨ੍ਹਾਂ ਅਪੀਲ ਕੀਤੀ ਕਿ ‘ਇਸ ਵਾਰ 70 ਪਾਰ’ ਦੇ ਟੀਚੇ ਦੀ ਪੂਰਤੀ ਲਈ ਵੋਟਰ ਵੱਧ-ਚੜ੍ਹ ਕੇ ਵੋਟਾਂ ਪਾਉਣ।



**ਕਿਸ ਲੋਕ ਸਭਾ ਹਲਕੇ ਵਿਚ ਕਿੰਨੇ ਵੋਟਰ:**

ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਕੁੱਲ 16 ਲੱਖ 5 ਹਜ਼ਾਰ 204 ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 48 ਹਜ਼ਾਰ 855 ਮਰਦ ਵੋਟਰ, 7 ਲੱਖ 56 ਹਜ਼ਾਰ 283 ਮਹਿਲਾ ਵੋਟਰ ਅਤੇ 36 ਟਰਾਂਸਜੈਂਡਰ ਵੋਟਰ ਹਨ। ਅੰਮ੍ਰਿਤਸਰ ਵਿੱਚ 16 ਲੱਖ 11 ਹਜ਼ਾਰ 263 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 45 ਹਜ਼ਾਰ 434 ਮਰਦ ਵੋਟਰ, 7 ਲੱਖ 65 ਹਜ਼ਾਰ 766 ਮਹਿਲਾ ਵੋਟਰ ਅਤੇ 63 ਟਰਾਂਸਜੈਂਡਰ ਵੋਟਰ ਹਨ।

ਖਡੂਰ ਸਾਹਿਬ ਵਿੱਚ 16 ਲੱਖ 67 ਹਜ਼ਾਰ 797 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 76 ਹਜ਼ਾਰ 281 ਮਰਦ ਵੋਟਰ, 7 ਲੱਖ 91 ਹਜ਼ਾਰ 449 ਮਹਿਲਾ ਵੋਟਰ ਅਤੇ 67 ਟਰਾਂਸਜੈਂਡਰ ਵੋਟਰ ਹਨ। ਜਲੰਧਰ ਵਿੱਚ 16 ਲੱਖ 54 ਹਜ਼ਾਰ 3 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 59 ਹਜ਼ਾਰ 687 ਮਰਦ ਵੋਟਰ, 7 ਲੱਖ 94 ਹਜ਼ਾਰ 272 ਮਹਿਲਾ ਵੋਟਰ ਅਤੇ 44 ਟਰਾਂਸਜੈਂਡਰ ਵੋਟਰ ਹਨ।

ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ 16 ਲੱਖ 1,826 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 30 ਹਜ਼ਾਰ 840 ਮਰਦ ਵੋਟਰ, 7 ਲੱਖ 70 ਹਜ਼ਾਰ 942 ਮਹਿਲਾ ਵੋਟਰ ਹਨ ਅਤੇ 44 ਟਰਾਂਸਜੈਂਡਰ ਵੋਟਰ ਹਨ। ਅਨੰਦਪੁਰ ਸਾਹਿਬ ਵਿਖੇ 17 ਲੱਖ 32 ਹਜ਼ਾਰ 211 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 9 ਲੱਖ 4 ਹਜ਼ਾਰ 50 ਮਰਦ ਵੋਟਰ, 8 ਲੱਖ 28 ਹਜ਼ਾਰ 97 ਮਹਿਲਾ ਵੋਟਰ ਅਤੇ 64 ਟਰਾਂਸਜੈਂਡਰ ਵੋਟਰ ਹਨ।

ਲੁਧਿਆਣਾ ਵਿਖੇ 17 ਲੱਖ 58 ਹਜ਼ਾਰ 614 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 9 ਲੱਖ 37 ਹਜ਼ਾਰ 94 ਮਰਦ ਵੋਟਰ, 8 ਲੱਖ 21 ਹਜ਼ਾਰ 386 ਮਹਿਲਾ ਵੋਟਰ ਹਨ ਅਤੇ 134 ਟਰਾਂਸਜੈਂਡਰ ਵੋਟਰ ਹਨ। ਫਤਿਹਗੜ੍ਹ ਸਾਹਿਬ ਵਿੱਚ 15 ਲੱਖ 52 ਹਜ਼ਾਰ 567 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 23 ਹਜ਼ਾਰ 339 ਮਰਦ ਵੋਟਰ, 7 ਲੱਖ 29 ਹਜ਼ਾਰ 196 ਮਹਿਲਾ ਵੋਟਰ ਅਤੇ 32 ਟਰਾਂਸਜੈਂਡਰ ਵੋਟਰ ਹਨ।

ਉੱਧਰ ਫਰੀਦਕੋਟ ਵਿੱਚ 15 ਲੱਖ 94 ਹਜ਼ਾਰ 33 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 42 ਹਜ਼ਾਰ 184 ਮਰਦ ਵੋਟਰ, 7 ਲੱਖ 51 ਹਜ਼ਾਰ 768 ਮਹਿਲਾ ਵੋਟਰ ਅਤੇ 81 ਟਰਾਂਸਜੈਂਡਰ ਵੋਟਰ ਹਨ। ਫਿਰੋਜ਼ਪੁਰ ਵਿੱਚ 16 ਲੱਖ 70 ਹਜ਼ਾਰ 8 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 80 ਹਜ਼ਾਰ 617 ਮਰਦ ਵੋਟਰ, 7 ਲੱਖ 89 ਹਜ਼ਾਰ 343 ਮਹਿਲਾ ਵੋਟਰ ਅਤੇ 48 ਟਰਾਂਸਜੈਂਡਰ ਵੋਟਰ ਹਨ।

ਬਠਿੰਡਾ ਵਿੱਚ 16 ਲੱਖ 51 ਹਜ਼ਾਰ 188 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 70 ਹਜ਼ਾਰ 14 ਮਰਦ ਵੋਟਰ, 7 ਲੱਖ 81 ਹਜ਼ਾਰ 140 ਮਹਿਲਾ ਵੋਟਰ ਅਤੇ 34 ਟਰਾਂਸਜੈਂਡਰ ਵੋਟਰ ਹਨ। ਸੰਗਰੂਰ ਵਿੱਚ 15 ਲੱਖ 56 ਹਜ਼ਾਰ 601 ਕੁੱਲ ਵੋਟਰ ਹਨ ਜਿਨ੍ਹਾਂ ਵਿੱਚ 8 ਲੱਖ 24 ਹਜ਼ਾਰ 1 ਮਰਦ ਵੋਟਰ, 7 ਲੱਖ 32 ਹਜ਼ਾਰ 554 ਮਹਿਲਾ ਵੋਟਰ ਅਤੇ 46 ਟਰਾਂਸਜੈਂਡਰ ਵੋਟਰ ਹਨ। ਪਟਿਆਲਾ ਵਿੱਚ ਕੁੱਲ 18 ਲੱਖ 6 ਹਜ਼ਾਰ 424 ਵੋਟਰ ਹਨ ਜਿਨ੍ਹਾਂ ਵਿੱਚ 9 ਲੱਖ 44 ਹਜ਼ਾਰ 300 ਮਰਦ ਵੋਟਰ, 8 ਲੱਖ 62 ਹਜ਼ਾਰ 44 ਮਹਿਲਾ ਵੋਟਰ ਅਤੇ 80 ਟਰਾਂਸਜੈਂਡਰ ਵੋਟਰ ਹਨ।

**ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ**

ਸਿਬਿਨ ਸੀ ਨੇ ਦੱਸਿਆ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਹੋਣਗੇ। ਗੁਰਦਾਸਪੁਰ ਵਿਚ 1895, ਅੰਮ੍ਰਿਤਸਰ 1684, ਖਡੂਰ ਸਾਹਿਬ 1974, ਜਲੰਧਰ 1951, ਹੁਸ਼ਿਆਰਪੁਰ 1963, ਆਨੰਦਪੁਰ ਸਾਹਿਬ 2068, ਲੁਧਿਆਣਾ 1843, ਫਤਹਿਗੜ੍ਹ ਸਾਹਿਬ 1821, ਫਰੀਦਕੋਟ 1688, ਫਿਰੋਜ਼ਪੁਰ 1903, ਬਠਿੰਡਾ 1814, ਸੰਗਰੂਰ 1765 ਅਤੇ ਪਟਿਆਲਾ ਵਿਚ 2082 ਪੋਲਿੰਗ ਸਟੇਸ਼ਨ ਬਣਾਏ ਜਾਣਗੇ।

# ਪੰਜਾਬ ਪੁਲਿਸ ਨੇ ਬਠਿੰਡਾ ਅਤੇ ਦਿੱਲੀ ਵਿਖੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਵਾਲੇ ਐਸਐਫਜੇ ਦੇ ਤਿੰਨ ਕਾਰਕੁੰਨਾਂ ਨੂੰ ਕੀਤਾ ਕਾਬੂ

## ਮੁਲਜ਼ਮ ਗੋਗੀ ਸਿੰਘ ਐਸਐਫਜੇ ਦਾ ਮੁੱਖ ਸੰਚਾਲਕ ਹੈ ਅਤੇ ਨਿਊਯਾਰਕ ਸਥਿਤ ਗੁਰਪਤਵੰਤ ਪੰਨੂ ਨਾਲ ਸਿੱਧਾ ਸੰਪਰਕ ਵਿੱਚ ਸੀ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਊਂਟਰ ਇੰਟੈਲੀਜੈਂਸ (ਸੀਆਈ) ਬਠਿੰਡਾ ਅਤੇ ਜ਼ਿਲ੍ਹਾ ਪੁਲਿਸ ਬਠਿੰਡਾ ਨੇ ਸਾਂਝੇ ਆਪ੍ਰੇਸ਼ਨ ਦੌਰਾਨ ਸਿੱਖਸ ਫਾਰ ਜਸਟਿਸ (ਐਸਐਫਜੇ) ਦੇ ਤਿੰਨ ਕਾਰਕੁਨਾਂ ਨੂੰ ਪੰਜਾਬ ਵਿੱਚ ਬਠਿੰਡਾ ਅਤੇ ਦਿੱਲੀ ਦੀਆਂ ਵੱਖ-ਵੱਖ ਜਨਤਕ ਥਾਵਾਂ ’ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਦੱਸਣਯੋਗ ਹੈ ਕਿ ਨਿਊਯਾਰਕ ਅਧਾਰਿਤ ਐਸਐਫਜੇ- ਜੋ ਮਾਸਟਰ ਮਾਈਂਡ ਗੁਰਪਤਵੰਤ ਸਿੰਘ ਪੰਨੂ ਦੀ ਹਮਾਇਤ ਪ੍ਰਾਪਤ ਹੈ- ਨੂੰ ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਸੰਗਠਨ ਵਜੋਂ ਮਨੋਨੀਤ ਕੀਤਾ ਗਿਆ ਹੈ। ਹਾਲ ਹੀ ’ਚ 24 ਅਪ੍ਰੈਲ ਨੂੰ ਬਠਿੰਡਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਕੋਰਟ ਕੰਪਲੈਕਸ ਦੀਆਂ ਕੰਧਾਂ ’ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਹੋਏ ਪਾਏ ਗਏ ਸਨ, ਜਿਸ ਤੋਂ ਕੁਝ ਦਿਨਾਂ ਬਾਅਦ 9 ਮਈ ਨੂੰ ਦਿੱਲੀ ਦੇ ਝੰਡੇਵਾਲ ਮੈਟਰੋ ਸਟੇਸ਼ਨ ਅਤੇ ਕਰੋਲ ਬਾਗ ਮੈਟਰੋ ਸਟੇਸ਼ਨ ’ਤੇ ਵੀ ਅਜਿਹੇ ਹੀ ਨਾਅਰੇ ਲਿਖੇ ਹੋਏ ਪਾਏ ਗਏ ਸਨ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੋਗੀ ਸਿੰਘ ਵਾਸੀ ਪਿੰਡ ਜੀਵਨ ਸਿੰਘ ਵਾਲਾ, ਬਠਿੰਡਾ ਅਤੇ ਜੌਨੀ ਵਾਸੀ ਪਿੰਡ ਜਿਓਣ ਸਿੰਘ ਵਾਲਾ, ਤਲਵੰਡੀ ਸਾਬੋ ਵਜੋਂ ਹੋਈ ਹੈ, ਜਦਕਿ ਤੀਜਾ ਮੁਲਜ਼ਮ ਜਿਸ ਦੀ ਪਛਾਣ ਪਛਾਣ ਪ੍ਰਿਤਪਾਲ ਸਿੰਘ ਵਾਸੀ ਪਿੰਡ ਡੋਡ, ਫਰੀਦਕੋਟ ਵਜੋਂ ਹੋਈ ਹੈ, ਨੂੰ ਬਠਿੰਡਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਲਿਆਂਦਾ ਗਿਆ ਹੈ। ਪ੍ਰਿਤਪਾਲ ਨੂੰ ਜੀ-20 ਦੌਰਾਨ ਦਿੱਲੀ ਮੈਟਰੋ ਅਤੇ ਬਠਿੰਡਾ ਥਰਮਲ ਪਲਾਂਟ ’ਤੇ ਗਰੈਫਿਟੀ ਲਿਖਣ ਦੇ ਦੋਸ਼ ’ਚ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗੋਗੀ ਸਿੰਘ, ਜੋ ਕਿ ਐਸਐਫਜੇ ਦਾ ਮੁੱਖ ਸੰਚਾਲਕ ਹੈ, ਗੁਰਪਤਵੰਤ ਸਿੰਘ ਪੰਨੂ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਉਸ ਨੇ ਪੰਨੂ ਦੇ ਨਿਰਦੇਸ਼ਾਂ ’ਤੇ ਪੈਸਿਆ ਬਦਲੇ ਇਸ ਕਾਰਵਾਈ ਨੂੰ ਅੰਜ਼ਾਮ ਦਿੱਤਾ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੇ ਕੰਧਾਂ ’ਤੇ ਲਿਖੇ ਨਾਅਰਿਆਂ ਦੀਆਂ ਫੋਟੋਆਂ/ਵੀਡੀਓ ਵੀ ਪੰਨੂੰ ਨਾਲ ਸਾਂਝੀਆਂ ਕੀਤੀਆਂ ਸਨ। ਉਨ੍ਹਾਂ ਅੱਗੇ ਦੱਸਿਆ ਕਿ ਪੁਲੀਸ ਟੀਮਾਂ ਨੇ ਉਸ ਕੋਲੋਂ ਤਿੰਨ ਮੋਬਾਈਲ ਫ਼ੋਨ, ਦੋ ਡੌਂਗਲ, ਆਧਾਰ ਕਾਰਡ ਅਤੇ ਏਟੀਐਮ ਕਾਰਡ ਵੀ ਬਰਾਮਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਨੂੰ ਸੁਲਝਾਉਣ ਲਈ ਕਾਊਂਟਰ ਇੰਟੈਲੀਜੈਂਸ ਬਠਿੰਡਾ ਅਤੇ ਬਠਿੰਡਾ ਪੁਲੀਸ ਨੇ ਸਾਂਝੇ ਤੌਰ ’ਤੇ ਪੇਸ਼ੇਵਰ ਅਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ। ਐਸਐਸਪੀ ਬਠਿੰਡਾ ਦੀਪਕ ਪਾਰੀਕ ਨੇ ਦੱਸਿਆ ਕਿ ਤਕਨੀਕੀ ਢੰਗ ਨਾਲ ਕਾਰਵਾਈ ਕਰਦਿਆਂ ਬਠਿੰਡਾ ਪੁਲੀਸ ਨੇ ਮੁਲਜ਼ਮ ਜੌਨੀ ਨੂੰ ਫੜਨ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਉਪਰੰਤ ਜੌਨੀ ਨੇ ਖੁਲਾਸਾ ਕੀਤਾ ਕਿ ਬਠਿੰਡਾ ਵਿੱਚ ਵੱਖ-ਵੱਖ ਥਾਵਾਂ ’ਤੇ ਨਾਅਰੇ ਲਿਖਣ ਦੀ ਕੋਸ਼ਿਸ਼ ਸਮੇਂ ਉਹ ਗੋਗੀ ਦੇ ਨਾਲ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਜੌਨੀ ਦੇ ਖੁਲਾਸੇ ਤੋਂ ਬਾਅਦ ਬਠਿੰਡਾ ਪੁਲੀਸ ਅਤੇ ਸੀਆਈ ਬਠਿੰਡਾ ਨੇ ਵਿਸ਼ੇਸ਼ ਮੁਹਿੰਮ ਚਲਾ ਕੇ ਗੋਗੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਏਆਈਜੀ ਸੀਆਈ ਬਠਿੰਡਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਆਬਕਾਰੀ ਐਕਟ ਤਹਿਤ ਬਠਿੰਡਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਮੁਲਜ਼ਮ ਗੋਗੀ ਦੀ ਬਠਿੰਡਾ ਜੇਲ੍ਹ ਵਿੱਚ ਪ੍ਰਿਤਪਾਲ ਸਿੰਘ ਨਾਲ ਮੁਲਾਕਾਤ ਹੋਈ ਸੀ ਅਤੇ ਜੇਲ੍ਹ ਤੋਂ ਬਾਹਰ ਆਉਣ ਉਪਰੰਤ ਉਹ ਉਸਦੇ ਸੰਪਰਕ ਵਿੱਚ ਰਿਹਾ। ਉਨ੍ਹਾਂ ਦੱਸਿਆ ਕਿ ਮੁਲਜ਼ਮ ਪ੍ਰਿਤਪਾਲ ਨੇ ਗੋਗੀ ਦੀ ਜਾਣ-ਪਛਾਣ ਗੁਰਪਤਵੰਤ ਸਿੰਘ ਪੰਨੂ ਨਾਲ ਕਰਵਾਈ, ਜਿਸ ਨੇ ਗੋਗੀ ਨੂੰ ਖਾਲਿਸਤਾਨ ਪੱਖੀ ਨਾਅਰੇ ਲਿਖਣ ਦਾ ਕੰਮ ਸੌਂਪਿਆ ਅਤੇ ਉਸਨੂੰ ਮੁਕਤਸਰ ਕੋਟਕਪੂਰਾ ਰੋਡ ’ਤੇ ਲੁਕਾਏ 50000 ਰੁਪਏ ਲੈਣ ਲਈ ਕਿਹਾ।

ਇਸ ਸਬੰਧੀ ਐਫਆਈਆਰ ਨੰ. 55 ਮਿਤੀ 27/4/24 ਨੂੰ ਥਾਣਾ ਸਿਵਲ ਲਾਈਨ ਬਠਿੰਡਾ ਵਿਖੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 153ਬੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ‘ਰਿੰਕਲਜ਼ ਅੱਛੇ ਹੈ’ CSIR ਦੀ ਇਸ ਮੁਹਿੰਮ ਨਾਲ ਜੁੜਿਆ ਸੀਟੀ ਗਰੁੱਪ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਗਰੁੱਪ ਨੇ ‘ਰਿੰਕਲਜ਼ ਅੱਛੇ ਹੈਂ’ ਮੁਹਿੰਮ ਰਾਹੀਂ ਊਰਜਾ-ਬਚਤ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ CSIR ਦੀ ਪਹਿਲਕਦਮੀ ਨੂੰ ਅਪਣਾਇਆ ਹੈ। ਸੋਮਵਾਰ ਨੂੰ ਬਿਨਾਂ ਪ੍ਰੈਸ ਕੀਤੇ ਕੱਪੜੇ ਪਹਿਨਣ ਲਈ CSIR ਦੇ ਸੱਦੇ ਤੋਂ ਪ੍ਰੇਰਿਤ, 3“ ਗਰੁੱਪ ਨੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਦੇ ਕਾਰਨ ਨੂੰ ਹੋਰ ਸਮਰਥਨ ਦੇਣ ਲਈ ‘ਰਿੰਕਲਡ ਮੰਗਲਵਾਰ’ ਲਾਂਚ ਕੀਤਾ ਹੈ।

ਮੁਹਿੰਮ ਦੇ ਸ਼ੁਰੂਆਤੀ ਮੰਗਲਵਾਰ ਨੂੰ ਸੀਟੀ ਗਰੁੱਪ ਦੇ ਕਰਮਚਾਰੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ, ਜਿਨ੍ਹਾਂ ਨੇ ਬਿਨਾਂ ਪ੍ਰੈਸ ਕੀਤੇ ਕਪੜੇ ਪਾ ਕੇ ਆਪਣੇ ਸਮਰਥਨ ਦਾ ਵਾਅਦਾ ਕੀਤਾ। CSIR ਦੀ ਸ਼ੁਰੂਆਤੀ ਮਹਿਲਾ ਡਾਇਰੈਕਟਰ ਜਨਰਲ, ਡਾ. ਐਨ. ਕਲਾਈਸੇਲਵੀ ਦੀ ਅਗਵਾਈ ਵਾਲੀ ਇਹ ਮੁਹਿੰਮ 1 ਤੋਂ 17 ਮਈ ਤੱਕ CSIR ਵੱਲੋਂ ਮਨਾਏ ਜਾ ਰਹੇ ਸਵੱਛਤਾ ਮੁਹਿੰਮ ਦਾ ਹਿੱਸਾ ਹੈ।




ਕੱਪੜੇ ਪ੍ਰੈਸ ਕਰਨ ਨਾਲ ਪ੍ਰਤੀ ਸੈੱਟ ਲਗਭਗ 200 ਗ੍ਰਾਮ ਕਾਰਬਨ ਡਾਈਆਕਸਾਈਡ ਪੈਦਾ ਹੁੰਦਾ ਹੈ। ਗੈਰ-ਪ੍ਰੈਸ ਵਾਲੇ ਪਹਿਰਾਵੇ ਦੀ ਚੋਣ ਕਰਕੇ, ਵਿਅਕਤੀ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ ਰੋਕ ਸਕਦੇ ਹਨ, ਇਸ ਤਰ੍ਹਾਂ ਵਾਤਾਵਰਨ ਦੀ ਸੰਭਾਲ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।

ਸੀਟੀ ਗਰੁੱਪ ਦੇ ਕਰਮਚਾਰੀਆਂ ਨੇ ਮੁਹਿੰਮ ਦੀਆਂ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਵਿੱਚ ਕਾਰਬਨ ਫੁੱਟਪ੍ਰਿੰਟਸ ਨੂੰ ਘਟਾਉਣ ਲਈ ਆਪਣੀ ਵਚਨਬੱਧਤਾ ਲਈ ਹਸਤਾਖਰ ਕੰਧ ’ਤੇ ਦਸਤਖਤ ਕਰਨਾ, ਜਾਗਰੂਕਤਾ ਫੈਲਾਉਣ ਲਈ ਪਲੇਕਾਰਡ ਫੜਨਾ, ਅਤੇ ਇੱਕ ਜਾਗਰੂਕਤਾ ਸੈਸ਼ਨ ਵਿੱਚ ਸ਼ਾਮਲ ਹੋਣਾ ਆਦਿ ਪਹਿਲਕਦਮੀ ਸ਼ਾਮਿਲ ਸੀ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ ਨੇ ਊਰਜਾ ਬਚਾਉਣ ਅਤੇ ਵਾਤਾਵਰਨ ਦੀ ਸੁਰੱਖਿਆ ਲਈ ਸਮੂਹਿਕ ਯਤਨਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਇਸ ਮੁਹਿੰਮ ਲਈ ਆਪਣਾ ਸਮਰਥਨ ਪ੍ਰਗਟ ਕੀਤਾ।

# ਮਾਂ ਪੁੱਤ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਹੇਠ ਔਰਤ ਸਮੇਤ ਪੰਜ ਵਿਅਕਤੀਆਂ ਖਿਲਾਫ ਮਾਮਲਾ ਦਰਜ

**ਡੇਰਾ ਬਸੀ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਅਧੀਨ ਪੈਂਦੇ ਪਿੰਡ ਈਸਾਪੁਰ ਰੌਣੀ ਵਿਖੇ ਮਾਂ ਪੁੱਤ ਦੀ ਛੇ ਜਣਿਆਂ ਵੱਲੋਂ ਮਾਰਕੁੱਟ ਕਰਕੇ ਜਾਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਛੇ ਜਣਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਵਤਾਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਈਸਾਪੁਰ ਰੌਣੀ ਡੇਰਾਬੱਸੀ ਨੇ ਦੱਸਿਆ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ। ਕਰੀਬ 08:30 ਵਜੇ ਸਵੇਰੇ ਉਸ ਦਾ ਬੇਟਾ ਦਵਿੰਦਰ ਸਿੰਘ ਉਰਵ ਗੌਨੀ ਆਪਣੇ ਬਾੜੇ ਵਿੱਚੋਂ ਵਾਪਿਸ ਆ ਰਿਹਾ ਸੀ ਜਦੋਂ ਉਹ ਗੁਰੂ ਨਾਨਕ ਆਟਾ ਚੱਕੀ ਪਾਸ ਪੁੱਜਿਆ ਤਾਂ ਕੁੱਝ ਵਿਅਕਤੀਆਂ ਨੇ ਉਸ ਦੇ ਬੇਟੇ ਨੂੰ ਘੇਰ ਲਿਆ ਅਤੇ ਸਾਰਿਆਂ ਨੇ ਹੱਥਾਂ ਵਿੱਚ ਡੰਡੇ, ਲਾਠੀਆਂ, ਗੰਡਾਸੀ ਨਾਲ ਉਸ ਦੇ ਬੇਟੇ ਤੇ ਹਮਲਾ ਕਰ ਦਿੱਤਾ।

ਬਲਬੀਰ ਸਿੰਘ ਅਤੇ ਭਗਵੰਤ ਸਿੰਘ ਨੇ ਉਸ ਦੇ ਬੇਟੇ ਨੂੰ ਵਾਲਾਂ ਤੋਂ ਫੜ ਕੇ ਹੇਠਾਂ ਸੁੱਟ ਲਿਆ ਅਤੇ ਕੁੱਟਮਾਰ ਕੀਤੀ। ਜਦੋਂ ਉਸ ਦੇ ਬੇਟੇ ਨੇ ਮਾਰਤਾ ਮਾਰਤਾ ਰੌਲਾ ਪਾਇਆ ਜਿਸ ਨੂੰ ਸੁਣ ਕੇ ਉਸ ਦੀ ਘਰਵਾਲੀ ਅਤੇ ਉਸ ਨੇ ਭੱਜ ਕੇ ਬੇਟੇ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਉਸ ਤੇ ਵੀ ਡੰਡਿਆਂ ਲਾਠੀਆਂ ਨਾਲ ਹਮਲਾ ਕਰ ਦਿੱਤਾ। ਜਦੋਂ ਉਹ ਜਾਨ ਬਚਾ ਕੇ ਭੱਜ ਕੇ ਘਰ ਅੰਦਰ ਵੜਨ ਲੱਗਾ ਤਾਂ ਉਕਤ ਦੋਸ਼ੀਆਂ ਨੇ ਗਾਲੇ ਗਲੋਚ ਕਰਦੇ ਹੋਏ ਉਨ੍ਹਾਂ ਦੇ ਘਰ ਅੰਦਰ ਇੱਟਾਂ ਰੋੜਿਆਂ ਨਾਲ ਹਮਲਾ ਕਰ ਦਿੱਤਾ।

ਇਸ ਮੌਕੇ ਤੇ ਲੋਕਾਂ ਦਾ ਇਕੱਠ ਹੋਣ ਕਾਰਨ ਉਕਤ ਦੋਸ਼ੀ ਹਥਿਆਰਾਂ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ। ਇਸ ਲੜਾਈ ਦੌਰਾਨ ਉਸ ਬੇਟੇ ਦੇ ਸਿਰ ਵਿੱਚ ਡਾਂਗਾਂ ਲੱਗਣ ਕਾਰਨ ਕਾਫੀ ਖ਼ੂਨ ਵਗ ਰਿਹਾ ਸੀ ਅਤੇ ਮੇਰੀ ਘਰਵਾਲੀ ਦੇ ਗੁੱਝੀਆਂ ਸੱਟਾਂ ਲੱਗੀਆਂ ਸਨ। ਜਿਨਾਂ ਨੂੰ ਉਸ ਨੇ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਦਾਖਲ ਕਰਵਾਇਆ। ਇਸ ਦੌਰਾਨ ਲੜਾਈ ਝਗੜੇ ਦੀ ਫੁਟੇਜ ਸੀਸੀਟੀਵੀ ਵਿੱਚ ਕੈਦ ਹੋ ਗਈ। ਪੁਲਿਸ ਨੇ ਅਵਤਾਰ ਸਿੰਘ ਦੇ ਬਿਆਨ ਤੇ ਸੁੱਚਾ ਸਿੰਘ ਪੁੱਤਰ ਮਹਿੰਦਰ ਸਿੰਘ, ਲਖਵੀਰ ਸਿੰਘ ਪੁੱਤਰ ਸੁੱਚਾ ਸਿੰਘ, ਭਗਵੰਤ ਸਿੰਘ ਪੁੱਤਰ ਸੁੱਚਾ ਸਿੰਘ, ਬਲਵੀਰ ਸਿੰਘ ਪੁੱਤਰ ਤਾਰਾ ਸਿੰਘ, ਹਰਪਾਲ ਸਿੰਘ ਪੁੱਤਰ ਬਲਵੀਰ ਸਿੰਘ, ਦਰਸ਼ਨਾ ਦੇਵੀ ਪਤਨੀ ਸੁੱਚਾ ਸਿੰਘ ਦੇ ਖਿਲਾਫ ਧਾਰਾ 323, 341, 427, 506,148,149 ਆਈਪੀਸੀ ਅਧੀਨ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਹਰਿਆਣਾ: ਸਾਬਕਾ ਸੰਸਦ ਮੈਂਬਰ ਕੈਲਾਸ਼ੋ ਸੈਣੀ ਕਾਂਗਰਸ 'ਚ ਸ਼ਾਮਲ

**ਰੋਹਤਕ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਤੋਂ ਦੋ ਵਾਰ ਸੰਸਦ ਮੈਂਬਰ ਰਹੇ ਓਬੀਸੀ ਆਗੂ ਕੈਲਾਸ਼ੋ ਸੈਣੀ ਅੱਜ ਕਾਂਗਰਸ ਵਿਚ ਸ਼ਾਮਲ ਹੋ ਗਏ। ਭਾਜਪਾ ਛੱਡਣ ਤੋਂ ਬਾਅਦ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਹੁੱਡਾ ਅਤੇ ਸੂਬਾ ਕਾਂਗਰਸ ਪ੍ਰਧਾਨ ਚੌਧਰੀ ਉਦੈਭਾਨ ਦੀ ਅਗਵਾਈ 'ਚ ਵਿਸ਼ਵਾਸ ਪ੍ਰਗਟਾਉਂਦੇ ਹੋਏ ਕਾਂਗਰਸ ਦੀ ਮੈਂਬਰਸ਼ਿਪ ਲੈ ਲਈ।

ਕੈਲਾਸ਼ੋ ਸੈਣੀ ਦੇ ਨਾਲ ਭਾਜਪਾ ਦੇ ਸੈਂਕੜੇ ਵਰਕਰ ਵੀ ਕਾਂਗਰਸ ਵਿੱਚ ਸ਼ਾਮਲ ਹੋ ਗਏ। ਬੇਰੀ ਤੋਂ ਸਾਬਕਾ ਵਿਧਾਇਕ ਅਜੀਤ ਸਿੰਘ ਕਾਦਿਆਨ ਵੀ ਭਾਜਪਾ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਹੁੱਡਾ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪੂਰਾ ਸਨਮਾਨ ਦੇਣ ਦਾ ਭਰੋਸਾ ਦਿੱਤਾ।

# ਵਧਦੀ ਗਰਮੀ 'ਚ ਆਸਰਾ ਫਾਊਂਡੇਸ਼ਨ ਦੀ ਨਿਵੇਕਲੀ ਪਹਿਲ, ਪੰਛੀਆਂ ਦੇ ਪਾਣੀ ਪੀਣ ਲਈ ਵੰਡੇ ਮਿੱਟੀ ਦੇ ਕਸੋਰੇ




**ਸ੍ਰੀ ਅਨੰਦਪੁਰ ਸਾਹਿਬ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰਮੀ ਦੇ ਮੌਸਮ ਵਿਚ ਮਨੁੱਖ ਦੇ ਨਾਲ-ਨਾਲ ਸਾਰੇ ਪ੍ਰਾਣੀਆਂ ਨੂੰ ਪਾਣੀ ਦੀ ਵੱਧ ਲੋੜ ਹੁੰਦੀ ਹੈ। ਮਨੁੱਖ ਤਾਂ ਪਾਣੀ ਦਾ ਪ੍ਰਬੰਧ ਕਰ ਲੈਂਦਾ ਹੈ ਪਰ ਬੇਜ਼ੁਬਾਨ ਪੰਛੀ ਅਤੇ ਪਸ਼ੂਆਂ ਨੂੰ ਤਪਦੀ ਗਰਮੀ ਵਿਚ ਪਾਣੀ ਲਈ ਭਟਕਣਾ ਪੈਂਦਾ ਹੈ। ਪਾਣੀ ਨਾ ਮਿਲੇ ਤਾਂ ਪੰਛੀ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ। ਇਸੇ ਦੇ ਚਲਦਿਆਂ ਸਮਾਜ ਸੇਵੀ ਅਤੇ ਵਾਤਾਵਰਣ ਨੂੰ ਸਮਰਪਿਤ ਸੰਸਥਾ ÷ਆਸਰਾ ਫਾਊਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਵੱਲੋ ਗੰਗੂਵਾਲ ਵਿਖੇ ਵਧਦੀ ਗਰਮੀ ਦੇ ਚੱਲਦਿਆਂ ਪੰਛੀਆਂ ਦੇ ਪਾਣੀ ਪੀਣ ਲਈ ਲੋਕਾਂ ਨੂੰ ਮਿੱਟੀ ਦੇ ਕਸੋਰੇ ਵੰਡੇ ਗਏ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਕਿ ਆਪਣੇ ਘਰਾਂ ਦੀਆਂ ਛੱਤਾਂ 'ਤੇ ਸਾਨੂੰ ਵੱਧ ਤੋਂ ਵੱਧ ਕਸੋਰੇ ਪਾਣੀ ਦੇ ਭਰਕੇ ਰਖਣੇ ਚਾਹੀਦੇ ਹਨ ਤਾਂ ਜੋ ਬੇਜ਼ੁਬਾਨ ਪੰਛੀਆਂ ਦੀ ਪਿਆਸ ਬੁਝਾਉਣ ਯੋਗਦਾਨ ਪਾਇਆ ਜਾ ਸਕੇ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ ਠਾਕੁਰ ਦੁਆਰ ਰਾਮਾਡਰਾਮਾਟ੍ਰਿਕ ਕਮੇਟੀ ਗੰਗੂਵਾਲ ਦੇ ਪ੍ਰਧਾਨ ਲੱਕੀ ਕਪਿਲਾ ਨੇ ਜਿਥੇ ਆਸਰਾ ਫਾਊਂਡੇਸ਼ਨ ਵਲੋਂ ਕੀਤੇ ਜਾ ਰਹੇ ਵਾਤਾਵਰਨ ਅਤੇ ਸਮਾਜ ਭਲਾਈ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਉਥੇ ਹੀ ਉਹਨਾਂ ਕਿਹਾ ਕਿ ਸਾਨੂੰ ਉਨ੍ਹਾਂ ਬੇਜ਼ੁਬਾਨ ਪੰਛੀਆਂ ਦੀ ਹਾਲਤ 'ਤੇ ਵੀ ਗੌਰ ਕਰਨਾ ਚਾਹੀਦਾ ਹੈ, ਜੋ ਪਾਣੀ ਲਈ ਦਰ-ਦਰ ਭਟਕਦੇ ਹਨ। ਮਨੁੱਖ ਨੂੰ ਪਿਆਸ ਲੱਗਦੀ ਹੈ ਤਾਂ ਉਹ ਕਿਤੇ ਵੀ ਮੰਗ ਕੇ ਪੀ ਲੈਂਦਾ ਹੈ, ਪਰ ਬੇਜ਼ੁਬਾਨ ਪਸ਼ੂ-ਪੰਛੀਆਂ ਨੂੰ ਪਿਆਸ ਵਿਚ ਤੜਫਣਾ ਪੈਂਦਾ ਹੈ। ਗਰਮੀ ਵਿਚ ਮਨੁੱਖ ਦੇ ਨਾਲ-ਨਾਲ ਸਾਰੇ ਪ੍ਰਾਣੀਆਂ ਨੂੰ ਪਾਣੀ ਦੀ ਲੋੜ ਹੁੰਦੀ ਹੈ। ਇਸ ਗਰਮੀ ਵਿਚ ਪਸ਼ੂ-ਪੰਛੀਆਂ ਦੀ ਪਿਆਸ ਬੁਝਾਉਣ ਲਈ ਲੋਕਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਮੌਕੇ ਪਵਨ ਕੁਮਾਰ ਚੀਟੂ, ਪਵਨ ਕੁਮਾਰ ਫੋਰਮੈਨ, ਸੰਜੀਵ ਪੁਰੀ, ਮੁੰਨਾ ਪ੍ਰਸਾਦ, ਰਜੇਸ਼ ਚੰਦਰ ਭੋਲਾ, ਬਬਲੂ ਕਾਲੀਆ, ਰਜੇਸ਼ ਨਟਿਆਲ, ਪ੍ਰਤਾਪ, ਸੁਮੀਰ ਕੁਮਾਰ, ਮਾਲਾ, ਸ਼ਾਲੂ, ਉਦੇਸ਼ ਪ੍ਰਤਾਪ, ਸੀਮਾ ਦੇਵੀ, ਪ੍ਰਿੰਸ ਕੁਮਾਰ, ਨਿਤਿਕਾ ਕੁਮਾਰ, ਰਿਧੀ, ਸਿੱਧੀ ਆਦਿ ਹਾਜਰ ਸਨ।

# ਸ੍ਰੀ ਦਸਮੇਸ ਅਕੈਡਮੀ ਦਾ 12ਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ

**ਸ੍ਰੀ ਅਨੰਦਪੁਰ ਸਾਹਿਬ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਬੀ ਐਸ ਈ ਨਵੀਂ ਦਿੱਲੀ ਸਬੰਧਤ ਇੱਕ ਰਿਹਾਇਸ਼ੀ ਵਿਦਿਅਕ ਅਦਾਰਾ ਸ੍ਰੀ ਦਸਮੇਸ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦਾ ਮੈਡੀਕਲ, ਨਾਨ ਮੈਡੀਕਲ ਅਤੇ। ASLEEN KAUR ਕਾਮਰਸ ਗਰੁੱਪ ਦਾ ਨਤੀਜਾ 100% ਰਿਹਾ। ਇਸ ਦੀ ਜਾਣਕਾਰੀ ਅਕੈਡਮੀ ਦੇ ਡਾਇਰੈਕਟਰ ਮੇਜਰ ਜਨਰਲ ਜੇ ਐਸ ਘੁੰਮਣ ਨੇ ਦਿੱਤੀ। ਉਹਨਾਂ ਦੱਸਿਆ ਪਾਸ ਪ੍ਰਤੀਸਤ ਦੇ ਅਨੁਸਾਰ ਸਾਇੰਸ ਗਰੁੱਪ ਵਿੱਚ ਜਸਲੀਨ ਕੌਰ ਨੇ 94.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਐਮਾ ਸਿੰਘ ਨੇ 92.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ (ਜਿਹਨਾਂ ਨੇ ਹੋਸਟਲ ਵਿੱਚ ਰਹਿ ਕੇ ਬਿਨਾਂ ਕਿਸੇ ਕੋਚਿੰਗ ਤੋਂ ਪਹਿਲੀ ਅਤੇ ਦੂਜੀ ਪੁਜੀਸਨ ਪ੍ਰਾਪਤ ਕੀਤੀ) ਅਤੇ ਮੇਘਾ ਹਰੀਸ ਨੇ 92.4% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਮਰਸ ਗਰੁੱਪ ਵਿੱਚ ਭਵਜੋਤ ਕੌਰ 84% ਅੰਕ ਪ੍ਰਾਪਤ ਕਰਕੇ ਪਹਿਲਾ, ਦਿਲਦੀਪ ਕੌਰ ਨੇ 82.2%
EMMA SINGH ਅੰਕ ਪ੍ਰਾਪਤ ਕਰਕੇ ਦੂਜਾ ਅਤੇ ਲਵਿਸ ਸੋਨੀ ਨੇ 74.8% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਅਕੈਡਮੀ ਦੇ ਬਾਹਰਵੀਂ ਜਮਾਤ ਦੇ ਨਤੀਜਿਆਂ ਵਿੱਚ 4 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 15 ਵਿਦਿਆਰਥੀਆਂ ਨੇ 75% ਤੋਂ ਵੱਧ ਅੰਕ ਪ੍ਰਾਪਤ ਕੀਤੇ । ਇਨ੍ਹਾਂ ਨਤੀਜਿਆਂ ਵਿੱਚ ਸਾਇੰਸ ਗਰੁੱਪ ਵਿੱਚ ਤਾਨੀਆ ਟੰਡਨ ਨੇ 91.4%, ਅਰਕਾਸ ਭਾਰਦਬਾਜ ਨੇ 89.8%, ਸਰਨਪ੍ਰੀਤ ਸਿੰਘ ਨੇ 89.2%, ਅਰਸਤ ਕੌਰ ਨੇ 88.2%, ਜ਼ਸਨਪ੍ਰੀਤ ਕੌਰ ਨੇ 86.6% ਮਹਿਕ ਕੁਮਾਰੀ ਨੇ 85.2%, ਆਸੂਤੋਸ ਬਾਡਰਾ ਨੇ 82.4%, ਵਿਸਵਪ੍ਰੀਤ ਕੌਰ 82.2 ਪ੍ਰਤੀਸ਼ਤ, ਨੇ MEGHALARIS ਕੰਵਲਦੀਪ ਸਿੰਘ ਨੇ 81.8%, ਅਭਿਸੇਖ ਬੇਦੀ ਨੇ 81.6%, ਵਰਿੰਦਾ ਸਰਮਾ ?? 81%, ਹਰਸਪ੍ਰੀਤ ਸਿੰਘ ਨੇ 80.6% ਅੰਕ ਪ੍ਰਾਪਤ ਕੀਤੇ। ਵਿਸ਼ੇਵਾਰ ਅੰਕਾਂ ਵਿੱਚ ਸਭ ਤੋਂ ਵੱਧ, ਅੰਗਰੇਜ਼ੀ ਵਿੱਚ 95 ਅੰਕ, ਹਿਸਾਬ ਵਿੱਚ 86 ਅੰਕ, ਫਿਜਿਕਸ ਵਿੱਚ 87 ਅੰਕ, ਬਾਇਓਲੋਜੀ ਵਿੱਚ 93 ਅੰਕ, ਕੈਮਿਸਟਰੀ ਵਿੱਚ 95, ਪੇਂਟਿੰਗ ਵਿੱਚ 99 ਅੰਕ, ਬਿਜਨਸ ਸਟੱਡੀ ਵਿੱਚ 87 ਅਤੇ ਫੀਜੀਕਲ ਐਜੂਕੇਸ਼ਨ ਵਿੱਚ 99 ਅੰਕ ਪ੍ਰਾਪਤ ਕੀਤੇ। ਇਸ ਮੌਕੇ ਤੇ ਅਕੈਡਮੀ ਦੇ ਡਾਇਰੈਕਟਰ ਮੇਜਰ ਜਨਰਲ ਜੇ ਐਸ ਘੁੰਮਣ (ਰਿਟਾਇਡ) ਅਤੇ ਪ੍ਰਿੰਸੀਪਲ ਕਰਨਲ ਰਮਾ ਕਾਂਤ ਪਾਂਡੇ (ਰਿਟਾ) ਨੇ ਵਿਦਿਆਰਥੀਆਂ ਨੂੰ, ਉਨਾਂ ਦੇ ਮਾਪਿਆਂ ਨੂੰ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।



# ਟਰੈਕਟਰ ਨਾਲ ਟਕਰਾ ਕੇ ਬੱਸ ਪਲਟੀ, ਦਰਜਨ ਸਵਾਰੀਆਂ ਜ਼ਖ਼ਮੀ

**ਸਿਰਸਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਡਿੰਗ ਮੋੜ ਅਤੇ ਦਰਿਆਪੁਰ ਵਿਚਾਲੇ ਕੌਮੀ ਸ਼ਾਹਰਾਹ 'ਤੇ ਹਰਿਆਣਾ ਰੋਡਵੇਜ਼ ਕਿਲੋਮੀਟਰ ਸਕੀਮ ਦੀ ਬੱਸ ਇਕ ਟਰੈਕਟਰ ਨਾਲ ਟਕਰਾ ਕੇ ਪਲਟ ਗਈ। ਇਸ ਦੌਰਾਨ ਬੱਸ ਵਿੱਚ ਸਵਾਰ ਦਰਜਨ ਸਵਾਰੀਆਂ ਜ਼ਖਮੀ ਹੋ ਗਈਆਂ।




ਮਿਲੀ ਜਾਣਕਾਰੀ ਮੁਤਾਬਕ ਝੱਜਰ ਡਿੱਪੂ ਦੀ ਬੱਸ ਸਿਰਸਾ ਤੋਂ ਗੁਰੂਗ੍ਰਾਮ ਲਈ ਚੱਲੀ ਸੀ। ਜਦੋਂ ਬੱਸ ਡਿੰਗ ਮੋੜ ਤੋਂ ਅੱਗੇ ਦਰੀਆਪੁਰ ਲਈ ਰਵਾਨਾ ਹੋਈ ਤਾਂ ਦਰੀਆਪੁਰ ਤੋਂ ਪਹਿਲਾਂ ਹੀ ਟਰੈਕਟਰ ਨੂੰ ਓਵਰਟੇਕ ਕਰਦੇ ਸਮੇਂ ਬੱਸ ਅਚਾਨਕ ਬੇਕਾਬੂ ਹੋ ਕੇ ਪਲਟ ਗਈ। ਹਾਦਸੇ ਵਿੱਚ ਬੱਸ ਡਰਾਈਵਰ ਤੇ ਕੰਡਕਟਰ ਸਣੇ 12 ਸਵਾਰੀਆਂ ਜ਼ਖ਼ਮੀਆਂ ਹੋ ਗਈਆਂ। ਮਗਰੋਂ ਐਂਬੂਲੈਂਸ ਰਾਹੀਂ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਦੱਸਿਆ ਗਿਆ ਹੈ ਕਿ ਜ਼ਖ਼ਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਸ ਹਾਦਸੇ ਵਿੱਚ ਬੱਸ ਅਤੇ ਟਰੈਕਟਰ ਬੁਰੀ ਤਰ੍ਹਾਂ ਨੁਕਸਾਨੇ ਗਏ।

# ਅਮਿਤ ਸ਼ਾਹ ਦੀਆਂ 16 ਨੂੰ ਗੁਰੂਗ੍ਰਾਮ ਅਤੇ 17 ਨੂੰ ਕਰਨਾਲ ਤੇ ਰੋਹਤਕ 'ਚ ਰੈਲੀਆਂ

**ਪੰਚਕੂਲਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਲੋਕ ਸਭਾ ਚੋਣ ਪ੍ਰਬੰਧਨ ਕਮੇਟੀ ਦੇ ਕਨਵੀਨਰ ਸੁਭਾਸ਼ ਬਰਾਲਾ ਨੇ ਕਿਹਾ ਕਿ ਉੱਤਰਾਖੰਡ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਹਰਿਆਣਾ ਵਿੱਚ ਜਨਤਕ ਮੀਟਿੰਗਾਂ ਕਰਨਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਰਿਆਣਾ ਵਿੱਚ ਤਿੰਨ ਤੋਂ ਚਾਰ ਰੈਲੀਆਂ ਕਰਨਗੇ।

ਉਨ੍ਹਾਂ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 17 ਮਈ ਨੂੰ ਗੁਰੂਗ੍ਰਾਮ, 17 ਮਈ ਨੂੰ ਕਰਨਾਲ ਅਤੇ ਰੋਹਤਕ ਲੋਕ ਸਭਾ ਹਲਕਿਆਂ ਵਿੱਚ ਜਨ ਸਭਾਵਾਂ ਨੂੰ ਸੰਬੋਧਨ ਕਰਨਗੇ।



# ਸਿਆਸੀ ਆਗੂਆਂ ਦੀ ਦਲ-ਬਦਲੀ ਖ਼ਤਰਨਾਕ ਵਰਤਾਰਾ: ਉਗਰਾਹਾਂ

**ਡੱਬਵਾਲੀ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਕਿਯੂ (ਏਕਤਾ) ਉਗਰਾਹਾਂ ਦੇ ਕੌਮੀ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਮੌਜੂਦਾ ਲੋਕ ਸਭਾ ਚੋਣਾਂ 'ਚ ਦਲ-ਬਦਲਣ ਨੂੰ ਦੇਸ਼ ਤੇ ਸਮਾਜ ਲਈ ਖਤਰਨਾਕ ਵਰਤਾਰਾ ਦੱਸਿਆ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਦੇਸ਼ ਚਲਾਉਣ ਵਾਲੇ ਵੱਡੇ ਆਗੂਆਂ ਦੀਆਂ ਤਕਰੀਰਾਂ ਵਿੱਚੋਂ ਵਿਕਾਸ ਦਾ ਮੁੱਦਾ ਗਾਇਬ ਹੈ। ਸ੍ਰੀ ਉਗਰਾਹਾਂ ਨੇ ਪਿੰਡ ਸਕਤਾਖੇੜਾ ਵਿੱਚ ਜਥੇਬੰਦੀ ਦੀ ਜ਼ਿਲ੍ਹਾ ਕਨਵੈਨਸ਼ਨ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਇਸ ਵਰਤਾਰੇ ਨੂੰ ਵਿਸ਼ਵ ਭਰ ਦੇ ਸਿਆਸੀ, ਆਰਥਿਕ ਤੇ ਸਮਾਜਿਕ ਸੰਕਟ ਦਾ ਹਿੱਸਾ ਦੱਸਿਆ। ਕਿਸਾਨ ਆਗੂ ਨੇ ਕਿਹਾ ਕਿ ਸਿਆਸੀ ਆਗੂ ਤਿੰਨ-ਤਿੰਨ ਪਾਰਟੀਆਂ ਬਦਲ ਕੇ ਪਲਾਂ ਵਿੱਚ ਘਰ ਵਾਪਸੀ ਵੀ ਕਰ ਜਾਂਦੇ ਹਨ ਜੋ ਕਿ ਗਲਤ ਹੈ। ਸ੍ਰੀ ਉਗਰਾਹਾਂ ਨੇ ਕਿਹਾ ਕਿ ਦਿੱਲੀ ਅੰਦੋਲਨ ਮਗਰੋਂ ਕਿਸਾਨਾਂ ਦੇ ਸਵਾਲਾਂ ਤੋਂ ਸਿਆਸੀ ਪਾਰਟੀਆਂ ਘਬਰਾਹਟ ਵਿੱਚ ਹਨ। ਸਿਆਸੀ ਆਗੂ ਲੋਕ ਸੱਥਾਂ 'ਚ ਆਉਣ ਤੋਂ ਝਿਜਕਣ ਲੱਗੇ ਹਨ। ਉਨ੍ਹਾਂ ਕਿਸਾਨਾਂ ਨੂੰ ਸਿਆਸੀ ਲੋਕਾਂ ਨੂੰ ਲਗਾਤਾਰ ਸਵਾਲ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਜਥੇਬੰਦੀ ਦਾ ਸੰਘਰਸ਼ ਹਰਿਆਣਾ 'ਚ ਹਾਲੇ ਮੁੱਢਲੇ ਪੜਾਅ 'ਤੇ ਹੈ।



ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੱਕ ਸਿਰਫ਼ ਏਕੇ ਅਤੇ ਸੰਘਰਸ਼ ਨਾਲ ਹੀ ਲਏ ਜਾ ਸਕਦੇ ਹਨ।

ਇਸ ਮੌਕੇ ਹਰਿਆਣਾ ਇਕਾਈ ਦੇ ਸੂਬਾ ਪ੍ਰਧਾਨ ਮਾਸਟਰ ਕੰਵਰਜੀਤ ਸਿੰਘ ਤੇ ਹਰਿਆਣਾ ਇਕਾਈ (ਮਹਿਲਾ) ਦੀ ਸੂਬਾ ਪ੍ਰਧਾਨ ਚਰਨਜੀਤ ਕੌਰ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਸੂਬਾ ਜਨਰਲ ਸਕੱਤਰ ਬਲਜੀਤ ਸਿੰਘ ਸਿੰਘਪੁਰਾ, ਜ਼ਿਲ੍ਹਾ ਪ੍ਰਧਾਨ ਰਘਬੀਰ ਸਿੰਘ ਨਕੌੜਾ, ਜ਼ਿਲ੍ਹਾ ਜਨਰਲ ਸਕੱਤਰ ਭੁਪਿੰਦਰ ਸਿੰਘ ਡੱਬਵਾਲੀ, ਜਸਵੰਤ ਸਿੰਘ, ਸੁੰਦਰਪਾਲ, ਮਨਦੀਪ ਸਿੰਘ ਵੀ ਮੌਜੂਦ ਸਨ। ਸ੍ਰੀ ਉਗਰਾਹਾਂ ਨੇ ਲੋਕਾਂ ਨੂੰ ਸਿਹਤ ਸੰਭਾਲ ਤੇ ਮਾਰੂ ਬਿਮਾਰੀ ਕੈਂਸਰ ਤੋਂ ਬਚਾਅ ਲਈ ਫਰਿੱਜ ਤੇ ਮੋਬਾਈਲ ਦੀ ਸੰਜਮ ਨਾਲ ਵਰਤੋਂ ਕਰਨ ਲਈ ਕਿਹਾ।

# ਖਾਪਾਂ ਵੱਲੋਂ ਨੈਨਾ ਚੌਟਾਲਾ ਦੇ ਕਾਫ਼ਲੇ 'ਤੇ ਹਮਲੇ ਦੀ ਨਿਖੇਧੀ

**ਜੀਂਦ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੀਆਂ ਖਾਪ ਪੰਚਾਇਤਾਂ ਅਤੇ ਬੁੱਧੀਜੀਵੀਆਂ ਨੇ ਪਿਛਲੇ ਦਿਨੀਂ ਜਜਪਾ ਉਮੀਦਵਾਰ ਨੈਨਾ ਚੌਟਾਲਾ ਦੇ ਕਾਫ਼ਲੇ 'ਤੇ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ।

ਦਾੜਨ ਖਾਪ ਬ੍ਰਾਹਮਣ ਦੇ ਚੌਵੀਸੀ ਦੇ ਪ੍ਰਧਾਨ ਅਨਿਲ ਸ਼ਰਮਾ, ਬੂਆ ਤਪਾ ਖਾਪ ਦੇ ਸੋਮਦੱਤ ਸ਼ਰਮਾ, ਸੀਨੀਅਰ ਸਿਟੀਜ਼ਨ ਸੱਤਾ ਜੋਗੀ ਅਤੇ ਲੋਹਾਨ ਖਾਪ ਉਚਾਨਾ ਦੇ ਪ੍ਰਧਾਨ ਮਹੀਪਾਲ ਸਿੰਘ ਲੋਹਾਨ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਮਹਿਲਾਵਾਂ 'ਤੇ ਹਮਲੇ ਦੀ ਅਜਿਹੀ ਘਟਨਾ ਪਹਿਲਾ ਕਦੇ ਨਹੀਂ ਵਾਪਰੀ। ਦਰਅਸਲ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਾ ਕਰਨ ਕਾਰਨ ਵੋਟਰਾਂ ਵਿੱਚ ਭਾਜਪਾ ਅਤੇ ਉਮੀਦਵਾਰਾਂ ਖ਼ਿਲਾਫ਼ ਰੋਸ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਦੇ ਪਿੰਡ ਰੋਜਖੇੜਾ ਵਿੱਚ ਸ਼ਨਿੱਚਰਵਾਰ ਨੂੰ ਚੋਣ ਪ੍ਰਚਾਰ ਕਰਨ ਪੁੱਜੀ ਸੋਨੀਪਤ ਲੋਕ ਸਭਾ ਹਲਕੇ ਤੋਂ ਜਜਪਾ ਉਮੀਦਵਾਰ ਨੈਨਾ ਚੌਟਾਲਾ ਦਾ ਵਿਰੋਧ ਕਰ ਰਹੇ ਲੋਕਾਂ ਨੇ ਉਸ ਦੀ ਗੱਡੀ 'ਤੇ ਇੱਟਾਂ-ਰੋੜਿਆਂ ਨਾਲ ਹਮਲਾ ਕਰ ਦਿੱਤਾ।



ਜਜਪਾ ਆਗੂ ਦਾ ਕਾਫ਼ਲਾ ਰੋਕਣ 'ਤੇ ਉਨ੍ਹਾਂ ਦੇ ਸਮਰਥਕ ਲੋਕਾਂ ਨਾਲ ਖਹਿਬੜ ਪਏ। ਇਸ ਦੌਰਾਨ ਜਜਪਾ ਦੀਆਂ ਪੰਜ ਮਹਿਲਾ ਕਾਰਕੁਨ ਸਣੇ ਅੱਧਾ ਦਰਜਨ ਸਮਰਥਕ ਜ਼ਖ਼ਮੀ ਹੋ ਗਏ ਅਤੇ ਨੈਨਾ ਚੌਟਾਲਾ ਦੀ ਗੱਡੀ ਦੇ ਸ਼ੀਸ਼ੇ ਟੁੱਟ ਗਏ। ਇਸ ਮਗਰੋਂ ਨੈਨਾ ਚੌਟਾਲਾ ਨੂੰ ਆਪਣੇ ਸਾਰੇ ਪ੍ਰੋਗਰਾਮ ਮੁਲਤਵੀ ਕਰਕੇ ਬਿਨਾਂ ਚੋਣ ਪ੍ਰਚਾਰ ਕੀਤਿਆਂ ਹੀ ਪਰਤਣਾ ਪਿਆ।

ਇਸ ਤੋਂ ਪਹਿਲਾਂ ਉਚਾਨਾ ਦੇ ਪਿੰਡ ਘੋਗੜੀਆਂ ਵਿੱਚ ਵੀ ਜਜਪਾ ਉਮੀਦਵਾਰ ਨੈਨਾ ਚੌਟਾਲਾ ਦਾ ਭਾਰੀ ਵਿਰੋਧ ਹੋਇਆ ਸੀ ਅਤੇ ਉਨ੍ਹਾਂ ਨੂੰ ਉੱਥੋਂ ਵੀ ਲੋਕਾਂ ?ਦੇ ਰੋਸ ਕਾਰਨ ?ਬਿਨਾਂ ਚੋਣ ਪ੍ਰਚਾਰ ਕੀਤਿਆਂ ਪ੍ਰੋਗਰਾਮ ਵਿਚਾਲੇ ਛੱਡ ਕੇ ਪਰਤਣਾ ਪਿਆ ਸੀ।

# ਪੰਜਾਬ ਤੇ ਹਰਿਆਣਾ ਦੇ ਆੜ੍ਹਤੀਆਂ ਵੱਲੋਂ ਕੇਂਦਰੀ ਖ਼ੁਰਾਕ ਸਕੱਤਰ ਨਾਲ ਮੁਲਾਕਾਤ

**ਬਨੂੜ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਦੀਆਂ ਆੜ੍ਹਤੀ ਐਸੋਸੀਏਸ਼ਨਾਂ ਨੇ ਅੱਜ ਸਾਂਝੇ ਤੌਰ 'ਤੇ ਦਿੱਲੀ ਵਿੱਚ ਕੇਂਦਰੀ ਖੁਰਾਕ ਸਕੱਤਰ ਸੰਜੀਵ ਚੋਪੜਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਆੜ੍ਹਤੀਆਂ ਦੇ ਮਾਮਲੇ ਵਿਚਾਰੇ ਗਏ।

ਵਫ਼ਦ ਵਿੱਚ ਸ਼ਾਮਲ ਆੜ੍ਹਤੀ ਐਸੋਸੀਏਸ਼ਨ ਜ਼ਿਲ੍ਹਾ ਮੁਹਾਲੀ ਅਤੇ ਬਨੂੜ ਮੰਡੀ ਦੇ ਪ੍ਰਧਾਨ ਪੁਨੀਤ ਜੈਨ ਨੇ ਦੱਸਿਆ ਕਿ ਕੇਂਦਰ ਵੱਲੋਂ ਆੜ੍ਹਤ ਤੇ ਮਜ਼ਦੂਰੀ 'ਤੇ ਲਾਏ ਕੱਟ ਹਟਾਉਣ ਲਈ ਕੀਤੇ ਜਾ ਰਹੇ ਯਤਨਾਂ ਸਬੰਧੀ ਅੱਜ ਕੇਂਦਰੀ ਖੁਰਾਕ ਸਕੱਤਰ ਨਾਲ ਪੰਜਾਬ ਤੇ ਹਰਿਆਣਾ ਦੀਆਂ ਸਾਰੀਆਂ ਆੜ੍ਹਤੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਆੜ੍ਹਤ ਮਜ਼ਦੂਰੀ ਮੰਡੀ ਬੋਰਡ ਨਿਯਮਾਂ ਮੁਤਾਬਕ ਦੇਣ, ਸਾਈਲੋ ਅਤੇ ਐੱਮਐੱਸਪੀ 'ਤੇ ਵਿਕਦੀਆਂ ਜਿਣਸਾਂ ਤੇ ਆੜ੍ਹਤ ਦੇਣ ਸਬੰਧੀ ਏਜੰਡਿਆਂ 'ਤੇ ਵਿਚਾਰ ਕੀਤਾ ਗਿਆ। ਕੇਂਦਰੀ ਖੁਰਾਕ ਸਕੱਤਰ ਨੇ ਮੰਗਾਂ ਸਬੰਧੀ ਵਿਚਾਰ ਕਰਨ ਦਾ ਭਰੋਸਾ ਦਿਵਾਇਆ। ਆੜ੍ਹਤੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਆੜ੍ਹਤ ਫਿਕਸ ਕਰਨਾ ਵਾਜ਼ਿਬ ਨਹੀਂ ਹੈ ਤੇ ਇਸ ਨੂੰ ਹਰੇਕ ਸਾਲ ਵਧਣ ਲਈ ਇੱਕ ਫਾਰਮੂਲਾ ਬਣਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਕਿਸਾਨ ਵਿੰਗ ਭਾਜਪਾ ਦੇ ਮੀਤ ਪ੍ਰਧਾਨ ਰਣਧੀਰ ਸਿੰਘ ਕਲੇਰ, ਆੜ੍ਹਤੀ ਐਸੋਸੀਏਸ਼ਨ ਹਰਿਆਣਾ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਮੀਤ ਪ੍ਰਧਾਨ ਰਾਮ ਅਵਤਾਰ ਤਾਇਲ ਆਦਿ ਸ਼ਾਮਲ ਸਨ।

# ਮੰਦਰ ਦਾ ਛੱਜਾ ਡਿੱਗਿਆ, ਦੋ ਕੁੜੀਆਂ ਦੀ ਮੌਤ

**ਅੰਬਾਲਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਨਨਿਓਲਾ ਵਿੱਚ ਅੱਜ ਮੰਦਰ ਦਾ ਛੱਜਾ ਡਿੱਗਣ ਕਾਰਨ ਉਸ ਦੇ ਥੱਲੇ ਖੜ੍ਹੀਆਂ ਤਿੰਨ ਕੁੜੀਆਂ ਵਿੱਚੋਂ ਦੋ ਦੀ ਮੌਕੇ 'ਤੇ ਮੌਤ ਹੋ ਗਈ ਜਦੋਂਕਿ ਤੀਜੀ ਲੜਕੀ ਸਿਵਲ ਹਸਪਤਾਲ ਅੰਬਾਲਾ ਸ਼ਹਿਰ ਵਿੱਚ ਦਾਖਲ ਹੈ। ਨਨਿਓਲਾ ਪੁਲੀਸ ਚੌਕੀ ਤੋਂ ਮੁਲਾਜ਼ਮ ਮੌਕੇ 'ਤੇ ਪਹੁੰਚੇ ਅਤੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ। ਜ਼ਿਕਰਯੋਗ ਹੈ ਕਿ ਨਨਿਓਲਾ ਹਰਿਆਣਾ ਦੇ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਦਾ ਜੱਦੀ ਪਿੰਡ ਹੈ। ਦੋ ਮਹੀਨੇ ਪਹਿਲਾਂ ਹੀ ਦੇਵੀ ਮੰਦਰ ਕੈਂਪਸ ਵਿੱਚ ਲੈਂਟਰ ਪਾਇਆ ਗਿਆ ਸੀ।

ਨੱਗਲ ਥਾਣੇ ਦੇ ਐੱਸਐੱਚਓ ਰਿਸ਼ੀਪਾਲ ਨੇ ਦੱਸਿਆ ਕਿ ਅੰਬਾਲਾ ਨਾਲ ਲੱਗਦੇ ਪੰਜਾਬ ਦੇ ਤਾਸਲਪੁਰ ਪਿੰਡ ਦੀਆਂ ਤਿੰਨ ਕੁੜੀਆਂ ਮਨੀਸ਼ਾ ਦੇਵੀ, ਪਰਵਿੰਦਰ ਕੌਰ ਅਤੇ ਸਿਮਰਨ ਕੌਰ ਨਨਿਓਲਾ ਦੇ ਕਮਿਊਨਿਟੀ ਸੈਂਟਰ ਵਿੱਚ ਬਿਊਟੀ ਪਾਰਲਰ ਦੇ ਕੋਰਸ ਦਾ ਫਾਰਮ ਭਰਨ ਲਈ ਆਈਆਂ ਸਨ। ਫਾਰਮ ਭਰਨ ਦਾ ਕੰਮ ਨਿਬੇੜ ਕੇ ਉਹ ਆਪਣੇ ਪਿੰਡ ਜਾਣ ਲਈ ਨਨਿਓਲਾ ਦੇ ਮੰਦਰ ਦੇ ਛੱਜੇ ਥੱਲੇ ਛਾਂ ਵਿੱਚ ਖੜ੍ਹੀਆਂ ਬੱਸ ਦਾ ਇੰਤਜ਼ਾਰ ਕਰ ਰਹੀਆਂ ਸਨ। ਇਸ ਦੌਰਾਨ ਕਰੀਬ 12.30 ਵਜੇ ਅਚਾਨਕ ਮੰਦਰ ਦਾ ਛੱਜਾ ਡਿੱਗ ਪਿਆ। ਇਸ ਦੇ ਥੱਲੇ ਆਉਣ ਕਾਰਨ ਮਨੀਸ਼ਾ ਤੇ ਪਰਵਿੰਦਰ ਕੌਰ ਦੀ ਮੌਤ ਹੋ ਗਈ ਜਦੋਂ ਕਿ ਸਿਮਰਨ ਕੌਰ ਨੂੰ ਸਿਵਲ ਹਸਪਤਾਲ ਅੰਬਾਲਾ ਸ਼ਹਿਰ ਰੈਫਰ ਕੀਤਾ ਗਿਆ। ਤਿੰਨੋਂ ਲੜਕੀਆਂ 18 ਤੋਂ 20 ਸਾਲ ਦੀਆਂ ਸਨ।

ਚ ੌ ੜ ਮ ਸ ਤ ਪ੍ ਰ ਸੀਐੱਚਸੀ ਦੇ ਡਾਕਟਰ ਨੇ ਦੱਸਿਆ ਕਿ ਸਿਮਰਨ ਦੇ ਮੂੰਹ ਅਤੇ ਸ਼ਰੀਰ 'ਤੇ ਕਾਫ਼ੀ ਸੱਟਾਂ ਲੱਗੀਆਂ ਹਨ। ਮੁੱਢਲੇ ਇਲਾਜ ਮਗਰੋਂ ਉਸ ਨੂੰ ਸਿਵਲ ਹਸਪਤਾਲ ਅੰਬਾਲਾ ਸ਼ਹਿਰ ਰੈਫਰ ਕੀਤਾ ਗਿਆ ਹੈ। ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ ਪਰ ਉਹ ਸਦਮੇ ਵਿਚ ਹੈ।

# 48 ਕਿੱਲੋ ਹੈਰੋਇਨ ਬਰਾਮਦਗੀ ਮਾਮਲੇ ਵਿੱਚ ਹੋਰ ਖੇਪ ਬਰਾਮਦ

**ਜਲੰਧਰ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਹੈਰੋਇਨ ਬਰਾਮਦਗੀ ਦੇ ਵੱਡੇ ਮਾਮਲੇ ਵਿੱਚ ਹੋਰ ਸਫ਼ਲਤਾ ਹਾਸਲ ਕਰਦੇ ਹੋਏ ਜਲੰਧਰ ਕਮਿਸ਼ਨਰੇਟ ਪੁਲੀਸ ਨੇ ਪਹਿਲਾਂ ਬਰਾਮਦ ਕੀਤੀ ਗਈ 48 ਕਿੱਲੋਗ੍ਰਾਮ ਤੋਂ ਇਲਾਵਾ 500 ਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ ਹੈ ਅਤੇ ਇਸ ਰੈਕੇਟ ਨੂੰ ਚਲਾਉਣ ਵਾਲੇ 10 ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।



ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪਿਛਲੇ ਹਫ਼ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋਂ 48 ਕਿੱਲੋ ਹੈਰੋਇਨ ਬਰਾਮਦ ਕਰ ਕੇ ਇਸ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਗਰੋਹ ਨੂੰ 10 ਜਣਿਆਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਸੀ। ਪੁਲੀਸ ਨੇ ਉਨ੍ਹਾਂ ਨੂੰ ਹੁਣ ਗ੍ਰਿਫਤਾਰ ਕਰ ਲਿਆ ਹੈ। ਸ੍ਰੀ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦੀ ਪਛਾਣ ਪਰਮਿੰਦਰ ਕੌਰ ਉਰਫ਼ ਰਾਣੀ ਵਾਸੀ ਲਗੇਰੀ, ਰੋਹਿਤ ਕੁਮਾਰ ਵਾਸੀ ਪਿੰਡ ਕਟੜਾ ਚੜ੍ਹਤ ਸਿੰਘ, ਦਲਜੀਤ ਸਿੰਘ ਵਾਸੀ ਪਿੰਡ ਵਿਰਕਾ, ਅਮਰਜੀਤ ਸ਼ਰਮਾ ਉਰਫ਼ ਸੋਨੂੰ ਸ਼ਰਮਾ ਵਾਸੀ ਗੜ੍ਹਸ਼ੰਕਰ, ਅਨਿਲ ਕੁਮਾਰ ਵਾਸੀ ਗੜ੍ਹਸ਼ੰਕਰ, ਸੁਰਜੀਤ ਕੁਮਾਰ ਵਾਸੀ ਗੜ੍ਹਸ਼ੰਕਰ, ਗੁਰਵਿੰਦਰ ਸਿੰਘ ਵਾਸੀ ਪਿੰਡ ਪੰਡੋਰੀ, ਮਨਜੀਤ ਸਿੰਘ ਉਰਫ ਸੋਨੀ ਵਾਸੀ ਪਿੰਡ ਮੁਹਾਵਾ, ਖੁਸ਼ਹਾਲ ਉਰਫ ਗੋਪਾਲ ਸੈਣੀ ਵਾਸੀ ਹੈਬੋਵਾਲ ਤੇ ਮਲਕੀਤ ਸਿੰਘ ਵਾਸੀ ਪਿੰਡ ਭੂਸੇ ਵਜੋਂ ਹੋਈ ਹੈ। ਰੋਹਿਤ ਸਿੰਘ, ਹਰਦੀਪ ਸਿੰਘ ਰਾਹੀਂ ਹਵਾਲਾ ਚੈਨਲਾਂ ਦੀ ਵਰਤੋਂ ਕਰ ਕੇ ਨਾਜਾਇਜ਼ ਤਸਕਰੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਹੁਣ 500 ਗ੍ਰਾਮ ਹੈਰੋਇਨ, 84.78 ਲੱਖ ਰੁਪਏ ਦੀ ਡਰੱਗ ਮਨੀ, ਦੋ ਕਾਰਾਂ ਅਤੇ ਟਰੱਕ ਬਰਾਮਦ ਕੀਤੇ ਹਨ।

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਪੁਲੀਸ ਨੇ ਅੱਜ ਇੱਥੇ ਸਰਹੱਦੀ ਪੱਟੀ 'ਤੇ ਪੈਂਦੇ ਚਾਰ ਜ਼ਿਲ੍ਹਿਆਂ ਵਿੱਚ ਲਾਏ ਨਾਕਿਆਂ ਦੌਰਾਨ ਵੱਡੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਅਤੇ ਲਾਹਣ ਜ਼ਬਤ ਕੀਤੀ ਗਈ ਹੈ। ਇਸ ਸਬੰਧੀ 17 ਐੱਫਆਈਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ 13 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀਆਈਜੀ ਬਾਰਡਰ ਰੇਂਜ ਰਾਕੇਸ਼ ਕੌਸ਼ਲ ਨੇ ਦੱਸਿਆ ਕਿ ਪੁਲੀਸ ਨੇ ਅੱਜ ਅੰਮ੍ਰਿਤਸਰ ਦਿਹਾਤੀ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਤਲਾਸ਼ੀ ਮੁਹਿੰਮ ਦੌਰਾਨ 16,850 ਕਿੱਲੋ ਲਾਹਣ ਸਣੇ ਕੁੱਲ 287 ਲਿਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ 212 ਲਿਟਰ ਨਾਜਾਇਜ਼ ਸ਼ਰਾਬ ਜ਼ਬਤ ਕੀਤੀ ਗਈ, ਜਦਕਿ ਬਟਾਲਾ ਵਿੱਚੋਂ 12,200 ਕਿੱਲੋ ਲਾਹਣ ਅਤੇ 45 ਲਿਟਰ ਨਾਜਾਇਜ਼ ਸ਼ਰਾਬ, ਅੰਮ੍ਰਿਤਸਰ ਦਿਹਾਤੀ ਅਤੇ ਪਠਾਨਕੋਟ ਜ਼ਿਲ੍ਹੇ ਵਿੱਚੋਂ 15-15 ਲਿਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ।

# ਡੀਏਵੀ ਸਕੂਲ ਦਾ ਨਤੀਜਾ ਸ਼ਾਨਦਾਰ

**ਨਰਾਇਣਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਏਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਸੀਬੀਐੱਸਈ ਵੱਲੋਂ ਐਲਾਨਿਆ ਗਿਆ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਡਾ. ਆਰਪੀ ਰਾਠੀ ਨੇ ਦੱਸਿਆ ਕਿ ਦੇਵਾਂਸ਼ (ਮੈਡੀਕਲ) ਨੇ 96.4 ਫੀਸਦੀ ਅੰਕਾਂ ਨਾਲ ਪਹਿਲੇ, ਵਾਰਿਸ ਅਗਰਵਾਲ (ਮੈਡੀਕਲ) 95.6 ਫੀਸਦੀ ਨਾਲ ਦੂਜੇ, ਸਵਾਸਤਿਕ ਅਗਰਵਾਲ (ਨਾਨ ਮੈਡੀਕਲ) 94.6 ਫੀਸਦੀ ਨਾਲ ਤੀਜੇ, ਬਨਪ੍ਰੀਤ ਸਿੰਘ (ਆਰਟਸ) 93.6 ਫੀਸਦੀ ਨਾਲ ਚੌਥੇ, ਤਾਨਿਆ (ਕਾਮਰਸ) 92.4 ਫੀਸਦੀ ਨਾਲ ਪੰਜਵੇਂ ਸਥਾਨ 'ਤੇ ਰਹੇ। ਪ੍ਰਿੰਸੀਪਲ ਨੇ ਕੁੱਲ 239 ਵਿੱਚੋਂ ਅੱਠ ਵਿਦਿਆਰਥੀਆਂ ਨੇ 90 ਫ਼ੀਸਦੀ ਤੋਂ ਵੱਧ, 28 ਵਿਦਿਆਰਥੀਆਂ ਨੇ 85 ਫ਼ੀਸਦੀ ਤੋਂ ਉੱਪਰ, 76 ਵਿਦਿਆਰਥੀਆਂ ਨੇ 75 ਫ਼ੀਸਦੀ ਤੋਂ ਉੱਪਰ ਅਤੇ 190 ਵਿਦਿਆਰਥੀਆਂ ਨੇ 60 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਸਖ਼ਤ ਮਿਹਨਤ ਅਤੇ ਅਧਿਆਪਕਾਂ ਦੀ ਅਗਵਾਈ ਸਦਕਾ ਹੀ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਸਕੂਲ ਚੇਅਰਮੈਨ ਜਸਟਿਸ ਪ੍ਰੀਤਮ ਪਾਲ, ਮੈਨੇਜਰ ਵਿਵੇਕ ਕੋਹਲੀ, ਡਾ. ਵਿਕਾਸ ਕੋਹਲੀ (ਏਆਰਓ) ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।



ਸੀਬੀਐੱਸਈ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚ ਮਾਤਾ ਰੁਕਮਣੀ ਰਾਇ ਸਕੂਲ ਦੀ 12ਵੀਂ ਆਰਟਸ ਦੀ ਇਹਾ 96 ਫ਼ੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਮੋਹਰੀ ਰਹੀ। ਸਾਇੰਸ ਵਿਚ ਮਹੁੰਮਦ ਆਰਿਫ਼ ਨੇ 95.5 ਫ਼ੀਸਦੀ ਅੰਕ ਲਏ। ਕਾਮਰਸ ਵਿਚ ਕੋਮਲ ਕੌਰ ਨੇ 92 ਫ਼ੀਸਦੀ ਅੰਕ ਪ੍ਰਾਪਤ ਕੀਤੇ। ਸਕੂਲ ਪ੍ਰਿੰਸੀਪਲ ਡਾ. ਦਿਵਿਆ ਕੌਸ਼ਿਕ ਨੇ ਵਿਦਿਆਰਥੀਆਂ ਦੇ ਮਾਂਪਿਆਂ ਤੇ ਸਕੂਲ ਦੀਆਂ ਅਧਿਆਪਕਾਵਾਂ ਨੂੰ ਚੰਗੇ ਨਤੀਜੇ ਲਈ ਵਧਾਈ ਦਿੱਤੀ।

# ਸਵਰਣ ਸਲਾਰੀਆ 'ਆਪ' ਵਿੱਚ ਸ਼ਾਮਲ

**ਗੁਰਦਾਸਪੁਰ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਭਾਜਪਾ ਨੂੰ ਝਟਕਾ ਦਿੰਦਿਆਂ ਹਲਕੇ ਨਾਲ ਸਬੰਧਤ ਸਵਰਨ ਸਲਾਰੀਆ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ ਗਿਆ। ਗੌਰਤਲਬ ਹੈ ਕਿ ਸਵਰਨ ਸਲਾਰੀਆ ਸਿਆਸਤ ਵਿੱਚ ਸਰਗਰਮ ਹੋਣ ਦੇ ਨਾਲ-ਨਾਲ ਉੱਘੇ ਉਦਯੋਗਪਤੀ ਹਨ। ਸਾਲ 2017 ਵਿੱਚ ਉਨ੍ਹਾਂ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜ਼ਿਮਨੀ ਚੋਣ ਭਾਜਪਾ ਦੀ ਟਿਕਟ 'ਤੇ ਲੜੀ ਸੀ, ਪਰ ਹਾਰ ਗਏ ਸਨ। ਸਵਰਣ ਸਲਾਰੀਆ ਆਜ਼ਾਦੀ ਘੁਲਾਟੀਏ ਨਿਧਾਨ ਸਿੰਘ ਸਲਾਰੀਆ ਦੇ ਲੜਕੇ ਹਨ ਅਤੇ ਇਲਾਕੇ ਅੰਦਰ ਲਗਾਤਾਰ ਸਰਗਰਮ ਹਨ। ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ ਦੇ ਆਉਣ ਨਾਲ ਪਾਰਟੀ ਦੀ ਮਜ਼ਬੂਤੀ ਦਾ ਦਾਅਵਾ ਕੀਤਾ ਜਾ ਰਿਹਾ ਹੈ।ਆਦਮਪੁਰ ਵਿੱਚ ਕਾਂਗਰਸ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਯੂਥ ਕਾਂਗਰਸੀ ਆਗੂ ਦੀਪਾ ਸੰਸੋਆ ਅਤੇ ਰਾਕੇਸ਼ ਅਗਰਵਾਲ ਆਪਣੇ ਸਾਥੀਆਂ 'ਆਪ' 'ਚ ਸ਼ਾਮਲ ਹੋ ਗਏ। ਆਪ' ਉਮੀਦਵਾਰ ਪਵਨ ਕੁਮਾਰ ਟੀਨੂੰ ਨੇ ਯੂਥ ਕਾਂਗਰਸੀ ਆਗੂ ਦੀਪਾ ਕਾਂਗਰਸੀ ਆਗੂਆਂ ਦੇ 'ਆਪ' ਵਿੱਚ ਸ਼ਾਮਲ ਹੋਣ ਨਾਲ ਪਾਰਟੀ ਦੀ ਸਥਿਤੀ ਪਹਿਲਾ ਨਾਲੋਂ ਹੋਰ ਮਜ਼ਬੂਤ ਹੋ ਗਈ ਹੈ।



# ਫਲੈਟ ਦਿਵਾਉਣ ਦੇ ਨਾਂ 'ਤੇ ਲੱਖਾਂ ਰੁਪਏ ਠੱਗੇ

**ਜਲੰਧਰ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਸਭ ਤੋਂ ਆਲੀਸ਼ਾਨ ਇਮਾਰਤ ਵਿੱਚ ਫਲੈਟ ਦਿਵਾਉਣ ਦੇ ਬਹਾਨੇ ਤਿੰਨ ਜਣਿਆਂ ਨਾਲ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਜਲੰਧਰ ਸ਼ਹਿਰ ਦੇ ਸਦਰ ਥਾਣੇ ਦੀ ਪੁਲੀਸ ਨੇ ਮੁਲਜ਼ਮ ਰੋਹਿਤ ਵਾਸੀ ਰਾਮ ਨਗਰ ਖ਼ਿਲਾਫ਼, ਰੋਹਿਤ ਦੀ ਪਤਨੀ ਵਨੀਤਾ ਵਿਸ਼ਾਲ ਅਤੇ ਰੂਬੀਨਾ ਉਰਫ਼ ਰੂਬੀਆ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਲਦੀ ਹੀ ਉਹ 120-ਬੀ ਤਹਿਤ ਮਾਮਲੇ 'ਚ ਹੋਰ ਮੁਲਜ਼ਮਾਂ ਨੂੰ ਵੀ ਨਾਮਜ਼ਦ ਕਰ ਸਕਦੀ ਹੈ। ਗੜ੍ਹਾ ਰੋਡ 'ਤੇ ਸਥਿਤ ਡਿਫੈਂਸ ਕਲੋਨੀ ਦੀ ਵਸਨੀਕ ਜਗਵਿੰਦਰ ਕੌਰ ਨੇ ਪੁਲੀਸ ਨੂੰ ਦੱਸਿਆ ਕਿ ਉਕਤ ਮੁਲਜ਼ਮਾਂ ਨੇ ਉਸ ਦੀ ਭੈਣ ਜਸਵੀਰ ਕੌਰ ਤੋਂ ਜਲੰਧਰ ਹਾਈਟਸ-2 ਵਿੱਚ ਫਲੈਟ ਨੰਬਰ 1004 ਅਤੇ 2303 ਦੀ ਬੁਕਿੰਗ ਕਰਵਾਉਣ ਦੇ ਬਦਲੇ ਕਰੀਬ ਡੇਢ ਲੱਖ ਰੁਪਏ ਲੈ ਲਏ ਇਨਫਰਾ ਦੀ ਜਾਅਲੀ ਮੋਹਰ ਲਗਾ ਕੇ ਉਨ੍ਹਾਂ ਨੂੰ ਜਾਅਲੀ ਦਸਤਾਵੇਜ਼ ਸੌਂਪੇ ਗਏ।

ਜਿਸ ਨਾਲ ਉਸ ਨੇ ਠੱਗੀ ਮਾਰੀ ਹੈ। ਇਸ ਸਬੰਧੀ ਜਦੋਂ ਪੁਲੀਸ ਨੂੰ ਸ਼ਿਕਾਇਤ ਦਿੱਤੀ ਗਈ ਤਾਂ ਪੁਲੀਸ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ। ਜਲੰਧਰ ਹਾਈਟਸ-1 ਦੇ ਰਹਿਣ ਵਾਲੇ ਜੈ ਗੁਪਤਾ ਨੇ ਦੱਸਿਆ ਕਿ ਮੁਲਜ਼ਮਾਂ ਨੇ ਰੋਹਿਤ ਅਤੇ ਵਨੀਤਾ ਨਾਲ ਮਿਲ ਕੇ ਜਲੰਧਰ ਹਾਈਟਸ-2 ਪਾਰਟ 'ਚ ਫਲੈਟ ਨੰਬਰ 203-ਡੀ ਕਰਵਾਉਣ ਦੇ ਨਾਂ 'ਤੇ 2.50 ਲੱਖ ਰੁਪਏ ਨਕਦ ਅਤੇ ਕਰੀਬ 5 ਲੱਖ ਰੁਪਏ ਦਾ ਚੈੱਕ ਲੈ ਲਿਆ। ਹੋਏ ਸਮਝੌਤੇ ਵਿੱਚ ਮੁਲਜ਼ਮਾਂ ਨੇ ਜਾਅਲੀ ਦਸਤਾਵੇਜ਼ ਪੀੜਤਾਂ ਨੂੰ ਸੌਂਪ ਦਿੱਤੇ। ਜਲੰਧਰ ਹਾਈਟਸ-1 ਦੇ ਰਹਿਣ ਵਾਲੇ ਸੁਨੀਲ ਬੇਰੀ ਨੇ ਦੱਸਿਆ ਕਿ ਰੋਹਿਤ, ਵਨੀਤਾ ਅਤੇ ਰੁਬੀਨਾ ਨੇ ਜਲੰਧਰ ਹਾਈਟਸ ਪਾਰਟ-3 'ਚ ਫਲੈਟ ਦਿਵਾਉਣ ਦੇ ਨਾਂ 'ਤੇ ਪੀੜਤਾ ਤੋਂ ਕਰੀਬ 1.50 ਲੱਖ ਰੁਪਏ ਲਏ। ਜਾਂਚ ਤੋਂ ਬਾਅਦ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ।

# ਤੇਜ਼ਧਾਰ ਹਥਿਆਰਾਂ ਨਾਲ ਨੌਜਵਾਨ ਦਾ ਕਤਲ

**ਟੋਹਾਣਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਰੇਲਵੇ ਲਾਈਨ ਤੋਂ ਪਾਰ ਰਾਜਨਗਰ ਬਸਤੀ ਵਿੱਚੋਂ ਪੁਲੀਸ ਨੇ ਇੱਕ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਹੈ। ਮ੍ਰਿਤਕ ਦੀ ਜੇਬ ਵਿੱਚੋਂ ਮਿਲੇ ਆਧਾਰ ਕਾਰਡ ਅਨੁਸਾਰ ਨੌਜਵਾਨ ਦੀ ਸ਼ਨਾਖ਼ਤ ਕਰਮਜੀਤ (32) ਵਾਸੀ ਪਿੰਡ ਇੰਦਾਛੋਈ ਵਜੋਂ ਹੋਣ 'ਤੇ ਪੁਲੀਸ ਨੇ ਪਰਿਵਾਰ ਨੂੰ ਸੂਚਨਾ ਦਿੱਤੀ।

ਰਾਤ ਕਰੀਬ ਦੋ ਵਜੇ ਸੂਚਨਾ ਮਿਲਣ 'ਤੇ ਪਰਿਵਾਰਕ ਮੈਂਬਰ ਘਟਨਾ ਸਥਾਨ 'ਤੇ ਪੁੱਜੇ ਅਤੇ ਉਨ੍ਹਾਂ ਸ਼ਨਾਖ਼ਤ ਕਰਦਿਆਂ ਕਿਹਾ ਕਿ ਕਰਮਜੀਤ ਸਿੰਘ ਬਿਜਲੀ ਉਪਕਰਨ ਠੀਕ ਕਰਨ ਦਾ ਕੰਮ ਕਰਦਾ ਸੀ ਤੇ ਕੰਮ 'ਤੇ ਜਾਣ ਦਾ ਕਹਿ ਕੇ ਘਰੋਂ ਨਿਕਲਿਆ ਸੀ।

ਪੁਲੀਸ ਮੁਤਾਬਿਕ ਕਰਮਜੀਤ ਦੀ ਛਾਤੀ ਤੇ ਢਿੱਡ 'ਤੇ ਤੇਜ਼ਧਾਰ ਹਥਿਆਰ ਨਾਲ ਕਈ ਵਾਰ ਕੀਤੇ ਗਏ ਹਨ। ਪੁਲੀਸ ਨੇ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਟੋਹਾਣਾ ਭੇਜ ਦਿੱਤੀ ਤੇ ਪਿਤਾ ਕਰਨੈਲ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਹੱਤਿਆਰਿਆਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਆਰੰਭ ਦਿੱਤੀ ਹੈ।

# ਜਗਦੀਪ ਸਿੰਘ ਨੱਕਈ ਦੂਜੀ ਵਾਰ ਬਣੇ ਇਫਕੋ ਦੇ ਡਾਇਰੈਕਟਰ

**ਮਾਨਸਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨੱਕਈ ਦੂਜੀ ਵਾਰ ਇਫਕੋ ਦੇ ਡਾਇਰੈਕਟਰ ਚੁਣੇ ਗਏ ਹਨ। ਦੇਸ਼ ਪੱਧਰੀ ਹੋਈ ਇਸ ਚੋਣ ਵਿੱਚ ਜਗਦੀਪ ਸਿੰਘ ਨੱਕਈ ਨੂੰ ਨਿਰਵਿਰੋਧ ਚੁਣਿਆ ਗਿਆ ਹੈ। ਉਨ੍ਹਾਂ ਦੇ ਨਾਲ ਦਿਲੀਪ ਸਿੰਘਾਨੀ ਚੇਅਰਮੈਨ ਚੁਣੇ ਗਏ ਹਨ। ਦਿਲੀਪ ਸਿੰਘਾਨੀ ਚਾਰ ਵਾਰ ਸੰਸਦ ਮੈਂਬਰ ਅਤੇ ਗੁਜਰਾਤ ਦੇ ਸਾਬਕਾ ਮੰਤਰੀ ਹਨ।

ਇਹ ਚੋਣ ਦਿੱਲੀ ਵਿੱਚ ਬੀਤੇ ਦਿਨੀਂ ਹੋਈ। ਇਸ ਵੱਕਾਰੀ ਚੋਣ ਵਿੱਚ ਜਗਦੀਪ ਸਿੰਘ ਨੱਕਈ ਨੂੰ ਨਿਰਵਿਰੋਧ ਇਫ਼ਕੋ ਦਾ ਦੂਜੀ ਵਾਰ ਡਾਇਰੈਕਟਰ ਚੁਣਿਆ ਗਿਆ, ਜਿਸ ਨੂੰ ਲੈ ਕੇ ਮਾਲਵਾ ਖੇਤਰ ਵਿੱਚ ਖ਼ੁਸ਼ੀ ਦਾ ਮਾਹੌਲ ਹੈ ਅਤੇ ਨੱਕਈ ਨੂੰ ਵਧਾਈਆਂ ਦੇਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ। ਜਗਦੀਪ ਸਿੰਘ ਨੱਕਈ ਨੇ ਕਿਹਾ ਕਿ ਉਹ ਦੇਸ਼ ਭਰ ਵਿੱਚੋਂ ਆਏ ਡੈਲੀਗੇਟਾਂ ਦੇ ਰਿਣੀ ਹਨ, ਜਿਨ੍ਹਾਂ ਨੇ ਲਗਾਤਾਰ ਦੂਜੀ ਵਾਰ ਭਰੋਸਾ ਪ੍ਰਗਟਾ ਕੇ ਉਨ੍ਹਾਂ ਨੂੰ ਇਹ ਮਾਣ ਬਖ਼ਸ਼ਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਨੂੰ ਯੂਰੀਆ ਅਤੇ ਡੀਏਪੀ ਖਾਦ ਦੀ ਕੋਈ ਘਾਟ ਅਤੇ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਵੀ ਤੁਰੰਤ ਹੱਲ ਕੀਤੀਆਂ ਜਾਣਗੀਆਂ।

ਇਸ ਮੌਕੇ ਸਰੂਪ ਸਿੰਗਲਾ, ਦਿਆਲ ਦਾਸ ਸੋਢੀ, ਰਾਕੇਸ਼ ਜੈਨ, ਮਨਦੀਪ ਸਿੰਘ ਮਾਨ, ਗੁਰਮੇਲ ਠੇਕੇਦਾਰ, ਬਲਜੀਤ ਠੇਕੇਦਾਰ, ਮੰਦਰ ਸਿੰਘ ਸੱਗੂ, ਦਰਸ਼ਨ ਸਿੰਘ ਨੱਤ, ਵਰਿੰਦਰ ਸਿੰਘ ਅਤੇ ਜਗਸੀਰ ਸਿੰਘ ਸੀਰਾ ਮੌਜੂਦ ਸਨ।

# ਦਲ ਬਦਲੂਆਂ ’ਤੇ ਵਿਸ਼ਵਾਸ ਨਾ ਕਰੋ ਜਿਹਨਾਂ ਨੇ ਆਪਣੀ ਮਾਂ ਪਾਰਟੀ ਨੂੰ ਧੋਖਾ ਦਿੱਤਾ: ਸੁਖਬੀਰ ਸਿੰਘ ਬਾਦਲ



ਪਟਿਆਲਾ/ਸਮਾਣਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬੀਆਂ ਨੂੰ ਕਿਹਾ ਕਿ ਉਹ ਦਲ ਬਦਲੂਆਂ ’ਤੇ ਵਿਸ਼ਵਾਸ ਨਾ ਕਰਨ ਜਿਹਨਾਂ ਨੇ ਆਪਣੀ ਮਾਂ ਪਾਰਟੀ ਨੂੰ ਧੋਖਾ ਦਿੱਤਾ ਤੇ ਕਿਹਾ ਕਿ ਇਹਨਾਂ ਆਗੂਆਂ ਨੇ ਪਹਿਲਾਂ ਹੀ ਆਪਣੀ ਜ਼ਮੀਰ ਵੇਚ ਦਿੱਤੀ ਹੈ ਤੇ ਇਹਨਾਂ ਤੋਂ ਤੁਹਾਡੇ ਲਈ ਕੁਝ ਵੀ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ।

ਅਕਾਲੀ ਦਲ ਦੇ ਪ੍ਰਧਾਨ, ਜੋ ਇਥੇ ਪੰਜਾਬ ਬਚਾਓ ਯਾਤਰਾ ਤਹਿਤ ਸਾਬਕਾ ਮੰਤਰੀ ਸਰਦਾਰ ਸੁਰਜੀਤ ਸਿੰਘ ਰੱਖੜਾ ਦੇ ਨਾਲ ਰਲ ਕੇ ਸੀਨੀਅਰ ਆਗੂ ਐਨ ਕੇ ਸ਼ਰਮਾ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਰਹੇ ਸਨ, ਨੇ ਕਿਹਾ ਕਿ ਤਿੰਨੋਂ ਪਾਰਟੀਆਂ ਦੇ ਆਗੂ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਕੋਲ ਕਾਰਗੁਜ਼ਾਰੀ ਦੇ ਨਾਂ ’ਤੇ ਵਿਖਾਉਣ ਵਾਸਤੇ ਕੱਖ ਨਹੀਂ ਹੈ। ਉਹਨਾਂ ਕਿਹਾ ਕਿ ਪ੍ਰਨੀਤ ਕੌਰ ਤੇ ਧਰਮਵੀਰ ਗਾਂਧੀ ਨੇ ਆਪੋ ਆਪਣੀ ਮਾਂ ਪਾਰਟੀ ਨੂੰ ਧੋਖਾ ਦਿੱਤਾ ਹੈ। ਅਜਿਹੇ ਆਗੂ ਤੁਹਾਨੂੰ ਫਿਰ ਧੋਖਾ ਦੇ ਸਕਦੇ ਹਨ ਤੇ ਇਸ ਵਾਰ ਇਹਨਾਂ ਦਾ ਚੋਣਾਂ ਵਿਚ ਹਾਰਨਾ ਜ਼ਰੂਰੀ ਹੈ।

ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਪਿਛਲੀ ਕਾਂਗਰਸ ਤੇ ਮੌਜੂਦਾ ਆਪ ਸਰਕਾਰ ਨੇ ਪੰਜਾਬੀਆਂ ਨਾਲ ਧੋਖਾ ਕੀਤਾ। ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨੂੰ ਪੂਰਨ ਕਰਜ਼ਾ ਮੁਆਫੀ ਅਤੇ ਘਰ-ਘਰ ਨੌਕਰੀ ਦਾ ਵਾਅਦਾ ਕੀਤਾ ਪਰ ਕੀਤਾ ਕੱਖ ਵੀ ਨਹੀਂ। ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਨੇ ਪੰਜ ਸਾਲ ਤੱਕ ਸਰਕਾਰ ਚਲਾਉਣ ਦੇ ਬਾਵਜੂਦ ਪਟਿਆਲਾ ਵਿਚ ਇਕ ਵੀ ਵੱਡਾ ਬੁਨਿਆਦੀ ਢਾਂਚਾ ਪ੍ਰਾਜੈਕਟ ਨਹੀਂ ਲਿਆਂਦਾ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਸੇ ਤਰੀਕੇ ਆਪ ਸਰਕਾਰ ਨੇ ਸਮਾਜ ਦੇ ਹਰ ਵਰਗ ਨਾਲ ਧੋਖਾ ਕੀਤਾ। ਇਸ ਸਰਕਾਰ ਨੇ ਸਾਰੀਆਂ ਫਸਲਾਂ ’ਤੇ ਪੰਜ ਮਿੰਟ ਵਿਚ ਐਮ ਐਸ ਪੀ ਦੇਣ ਦਾ ਵਾਅਦਾ ਕੀਤਾ ਪਰ ਕੀਤਾ ਕੱਖ ਵੀ ਨਹੀਂ। ਉਹਨਾਂ ਕਿਹਾ ਕਿ ਇਸਨੇ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਵੀ ਟਾਲਾ ਵੱਟ ਲਿਆ। ਇਸਨੇ ਸਾਰੀਆਂ ਸਮਾਜ ਭਲਾਈ ਸਕੀਮਾਂ ਵਿਚ ਕਟੌਤੀ ਦੀ ਪ੍ਰਧਾਨਗੀ ਕੀਤੀ।

ਸਰਦਾਰ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਲੋਕਾਂ ਦਾ ਮੁੱਖ ਮੰਤਰੀ ਭਗਵੰਤ ਮਾਨ ਤੋਂ ਵਿਸ਼ਵਾਸ ਉਠ ਗਿਆ ਹੈ ਤੇ ਲੋਕ ਉਹਨਾਂ ਨੂੰ ਸਿਰਫ ਇਕ ਸ਼ਰਾਬੀ ਹੀ ਸਮਝਦੇ ਹਨ ਜੋ ਸਸਤੇ ਤਮਾਸ਼ੇ ਕਰਦਾ ਹੈ। ਉਹਨਾਂ ਕਿਹਾ ਕਿ ਲੋਕਾਂ ਨੇ ਵੀ ਮਹਿਸੂਸ ਕਰ ਲਿਆ ਹੈ ਕਿ ਆਪ ਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਹਿਲੂ ਹਨ ਤੇ ਦੋਵੇਂ ਪਾਰਟੀਆਂ ਦੋਸਤਾਨਾ ਮੈਚ ਖੇਡ ਰਹੀਆਂ ਹਨ ਕਿਉਂਕਿ ਉਹਨਾਂ ਦਾ ਕੌਮੀ ਪੱਧਰ ’ਤੇ ਗਠਜੋੜ ਹੈ।

ਲੋਕਾਂ ਨੂੰ ਐਨ ਕੇ ਸ਼ਰਮਾ ਦੀ ਉਮੀਦਵਾਰੀ ਦੀ ਹਮਾਇਤ ਕਰਨ ਦੀ ਜ਼ੋਰਦਾਰ ਅਪੀਲ ਕਰਦਿਆਂ ਉਹਨਾਂ ਕਿਹਾ ਕਿ ਅਕਾਲੀ ਦਲ ਦਾ ਉਮੀਦਵਾਰ ਜ਼ਮੀਨੀ ਪੱਧਰ ਨਾਲ ਜੁੜਿਆ ਆਗੂ ਹੈ ਜਿਸਦਾ ਸਮਾਜ ਸੇਵਾ ਵਿਚ ਵੱਡਾ ਰਿਕਾਰਡ ਹੈ। ਉਹਨਾਂ ਕਿਹਾ ਕਿ ਇਹ ਵੀ ਇਕ ਸੱਚਾਈ ਹੈ ਕਿ ਸਿਰਫ ਅਕਾਲੀ ਦਲ ਹੀ ਸਾਰੇ ਭਾਈਚਾਰਿਆਂ ਨੂੰ ਨਾਲ ਲੈ ਕੇ ਚਲ ਸਕਦਾ ਹੈ, ਸਰਵ ਪੱਖੀ ਵਿਕਾਸ ਕਰ ਸਕਦਾ ਹੈ ਤੇ ਸ਼ਾਂਤੀ ਤੇ ਫਿਰਕੂ ਸਦਭਾਵਨਾ ਕਾਇਮ ਰੱਖ ਸਕਦਾ ਹੈ।

ਇਸ ਦੌਰਾਨ ਸਾਬਕਾ ਮੰਤਰੀ ਤੇ ਸਮਾਣਾ ਦੇ ਇੰਚਾਰਜ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਪਟਿਆਲਾ ਸੀਟ ’ਤੇ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਪਾਰਟੀ ਦੇ ਸਾਰੇ ਵਰਕਰ ਇਸ ਸੀਟ ਤੋਂ ਸ੍ਰੀ ਸ਼ਰਮਾ ਨੂੰ ਜਿਤਾਉਣ ਵਾਸਤੇ ਡਟੇ ਹੋਏ ਹਨ। ਉਹਨਾਂ ਕਿਹਾ ਕਿ ਸਾਰੇ 9 ਵਿਧਾਨ ਸਭਾ ਹਲਕਿਆਂ ਵਿਚ ਲੋਕ ਇਸ ਗੱਲ ਤੋਂ ਖੁਸ਼ ਹਨ ਕਿ ਅਜਿਹਾ ਉਮੀਦਵਾਰ ਮਿਲਿਆ ਹੈ ਜੋ ਕਿਰਦਾਰ ਤੇ ਕਾਰਗੁਜ਼ਾਰੀ ਵਿਚ ਸਰਵੋਤਮ ਹੈ।

# ਭੌਰਲਾ ਵਿਖੇ ਡਾ.ਭੀਮ ਰਾਉ ਅੰਬੇਦਕਰ ਸਹਿਬ ਜੀ ਦਾ 143ਵਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ



ਬੀਜਾਂ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬੀਜਾ ਨਜ਼ਦੀਕ ਪਿੰਡ ਭੌਰਲਾ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਸਹਿਬ ਡਾ. ਭੀਮ ਰਾਉ ਅੰਬੇਦਕਰ ਜੀ ਦਾ 143ਵਾ ਜਨਮ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਜਿਸ ਵਿੱਚ ਧਰਮਿੰਦਰ ਸ਼ਾਹਿਦ ਸਟੇਟ ਅਵਾਰਡ ਸਾਇੰਸ ਟੀਚਰ, ਸ਼ਿਵ ਕੁਮਾਰ ਕਲਿਆਣ ਐਡਵੋਕੇਟ, ਕਰਮਜੀਤ ਸਿੰਘ ਸਿਫਤੀ ਪ੍ਰਧਾਨ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਖੰਨਾ ,ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਡਿਪਾਰਟਮੈਂਟ ਪੁਲਿਸ ਜ਼ਿਲ੍ਹਾ ਖੰਨਾ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਬਾਬਾ ਸਹਿਬ ਡਾ ਭੀਮ ਰਾਉ ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਇਸ ਸਮਾਗਮ ਦੌਰਾਨ ਸਟੇਟ ਐਵਾਰਡੀ ਅਧਿਆਪਕ ਅਤੇ ਲੇਖਕ ਧਰਮਿੰਦਰ ਸ਼ਾਹਿਦ ਨੇ ਸ਼ਿਰਕਤ ਉਨ੍ਹਾਂ ਨੇ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਅਤੇ ਉਨ੍ਹਾਂ ਵਲੋਂ ਆਪਣੇ ਸਮਾਜ ਪ੍ਰਤੀ ਕੀਤੇ ਕੰਮਾਂ ’ਤੇ ਰੌਸ਼ਨੀ ਪਾਈ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦਾ ਸਾਰਾ ਜੀਵਨ ਤੰਗੀਆਂ-ਤੁਰਸ਼ੀਆਂ ਵਿਚ ਬੀਤਿਆ, ਫਿਰ ਵੀ ਉਨ੍ਹਾਂ ਨੇ ਸਮਾਜ ਵਿਚ ਉਹ ਮੁਕਾਮ ਹਾਸਲ ਕੀਤਾ, ਜਿਸ ਦੀ ਉਦੋਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ । ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕਰੜੀ ਮਿਹਨਤ ਅਤੇ ਲਗਨ ਨਾਲ ਦੇਸ਼-ਵਿਦੇਸ਼ ਵਿਚ ਵੱਖ-ਵੱਖ ਵਿਸ਼ਿਆਂ ਵਿਚ 32 ਡਿਗਰੀਆਂ ਹਾਸਲ ਕੀਤੀਆਂ, ਜੋ ਕਿ ਇਕ ਰਿਕਾਰਡ ਹੈ। ਉਨ੍ਹਾਂ ਦੱਸਿਆ ਕਿ ਬਾਬਾ ਸਾਹਿਬ ਨੇ ਬਹੁਤ ਹੀ ਮਿਹਨਤ ਨਾਲ ਦੁਨੀਆ ਦੇ ਸਭ ਤੋਂ ਵਿਕਸਤ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰ ਰ ਕੇ ਭਾਰਤ ਨੂੰਬਹੁਤ ਹੀ ਮਹਾਨ ਸੰਵਿਧਾਨ ਲਿਖ ਕੇ ਦਿੱਤਾ, ਜਿਸ ਤੋਂ ਅੱਜ ਦੁਨੀਆ ਦੇ ਲਗਭਗ ਸਾਰੇ ਦੇਸ਼ ਸੇਧ ਲੈਂਦੇ ਹਨ ਅਤੇ ਉਨ੍ਹਾਂ ਨੇ ਅੱਜ ਦੇ ਆਧੁਨਿਕ ਭਾਰਤ ਦੀ ਨੀਂਹ ਰੱਖੀ। ਉਨਾਂ ਕਿਹਾ ਕਿ ਡਾ. ਅੰਬੇਡਕਰ ਸਾਹਿਬ ਸਿਰਫ ਐੱਸ. ਸੀ. ਸਮਾਜ ਦੇ ਹੀ ਮਸੀਹਾ ਨਹੀਂ ਸਨ, ਉਹ ਸਮੁੱਚੀ ਮਨੁੱਖਤਾ ਦੇ ਮਸੀਹਾ ਸਨ। ਇਸ ਮੌਕੇ ਐਡਵੋਕੇਟ ਸ਼ਿਵ ਕਲਿਆਣ ਸਮਰਾਲਾ ਨੇ ਵੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਜੀਵਨੀ ਤੇ ਚਾਨਣਾ ਪਾਇਆ

ਇਸ ਮੌਕੇ ਤੇ ਸਮਾਗਮ ਦੌਰਾਨ ਵਿੱਦਿਆ ਖੇਤਰ ਵਿੱਚ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਮੈਂਬਰ ਬਲਾਕ ਸੰਮਤੀ ਚਰਨ ਸਿੰਘ ਭੌਰਲਾ, ਗੁਰਜੀਤ ਸਿੰਘ ਭੌਰਲਾ ਸਟੇਟ ਕੋਆਰਡੀਨੇਟਰ ਐਸ ਸੀ ਡਿਪਾਰਟਮੈਂਟ ਪ੍ਰਦੇਸ਼ ਕਾਂਗਰਸ ਕਮੇਟੀ ਪੰਜਾਬ, ਇੰਸਪੈਕਟਰ ਅਵਤਾਰ ਸਿੰਘ ਕੈੜੇ, ਮਾਸਟਰ ਰਛਪਾਲ ਸਿੰਘ, ਰਾਜਵੰਤ ਸਿੰਘ, ਮੋਹਣ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ, ਰਣਧੀਰ ਸਿੰਘ, ਕਸ਼ਮੀਰਾ ਸਿੰਘ, ਸੋਹਣ ਸਿੰਘ, ਸੁਰਜੀਤ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ, ਡਾਕਟਰ ਹਰਜਿੰਦਰ ਸਿੰਘ, ਸੁਖਜੀਤ ਸਿੰਘ, ਰਮੇਸ਼ ਸਿੰਘ, ਰਾਮ ਸਿੰਘ ਬੰਬ, ਪਰਮਜੀਤ ਸਿੰਘ ਆਦਿ ਨਗਰ ਨਿਵਾਸੀ ਹਾਜ਼ਰ ਸਨ।

# ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ



ਬਠਿੰਡਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਿੰਸੀਪਲ ਪੂਜਾ ਯਾਦਵ ਨੇ ਕਿਹਾ ਕਿ ਆਧੁਨਿਕ ਨਰਸਿੰਗ ਦੀ ਮੋਢੀ ਅਤੇ ਸੰਸਥਾਪਕ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਦੀ ਯਾਦ ਵਿੱਚ ਹਰ ਸਾਲ 12 ਮਈ ਨੂੰ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਜਾਂਦਾ ਹੈ। ਉਸਨੇ ਪ੍ਰੋਗਰਾਮ ਦੀ ਥੀਮ ‘ਸਾਡਾ ਭਵਿੱਖ, ਦੇਖਭਾਲ ਦੀ ਆਰਥਿਕ ਸ਼ਕਤੀ’ ਬਾਰੇ ਅੱਗੇ ਦੱਸਿਆ। ਨਰਸਿੰਗ ਇੱਕ ਉੱਤਮ ਪੇਸ਼ਾ ਹੈ ਜੋ ਦ੍ਰਿੜ ਇਰਾਦੇ, ਦਇਆ ਅਤੇ ਮਨੁੱਖਤਾ ਦੀ ਸੇਵਾ ਦੀ ਡੂੰਘੀ ਭਾਵਨਾ ਦੀ ਮੰਗ ਕਰਦਾ ਹੈ। ਨਰਸਿੰਗ ਦਾ ਪੇਸ਼ਾ ਸਾਨੂੰ ਸਿਖਾਉਂਦਾ ਹੈ ਕਿ ਕਿਵੇਂ ਜੀਵਨ ਭਰ ਸਿਖਿਆਰਥੀ ਬਣਨਾ ਹੈ ਅਤੇ ਸਾਡੇ ਗਿਆਨ ਅਤੇ ਹੁਨਰ ਨੂੰ ਵਧਾਉਣ ਲਈ ਲਗਾਤਾਰ ਕੰਮ ਕਰਨਾ ਹੈ।ਇਸ ਮੌਕੇ ਸਰਸਵਤੀ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ.ਸਵਰਨ ਪ੍ਰਕਾਸ਼ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਹੌਸਲੇ ਭਰੇ ਸ਼ਬਦਾਂ ਨੇ ਨਰਸਿੰਗ ਵਿਦਿਆਰਥਣਾਂ ਨੂੰ ਪ੍ਰੇਰਿਆ ਅਤੇ ਤਰੋਤਾਜ਼ਾ ਕੀਤਾ। ਉਨ੍ਹਾਂ ਨਰਸਾਂ ਨੂੰ ਉਨ੍ਹਾਂ ਦੇ ਕਿੱਤੇ ਦੀ ਮਹੱਤਤਾ ਅਤੇ ਜ਼ਿੰਮੇਵਾਰੀਆਂ ਬਾਰੇ ਵੀ ਯਾਦ ਕਰਵਾਇਆ। ਸਰਸਵਤੀ ਗਰੁੱਪ ਆਫ਼ ਕਾਲਜਿਜ਼ ਦੇ ਪ੍ਰਿੰਸੀਪਲ ਡਾ. ਰਾਜੇਸ਼ ਸਿੰਗਲਾ ਸਮਾਗਮ ਦੇ ਮਹਿਮਾਨ ਸਨ।

ਪ੍ਰੋਗਰਾਮ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਭਾਸ਼ਣ ਅਤੇ ਡਾਂਸ ਪੇਸ਼ਕਾਰੀ ਵਿੱਚ ਭਾਗ ਲਿਆ ਅਤੇ ਪੋਸਟਰ ਮੇਕਿੰਗ ਵਿੱਚ ਸ੍ਰੀਮਤੀ ਰਮਨਦੀਪ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਸ੍ਰੀਮਤੀ ਸੁਮਨਦੀਪ ਕੌਰ ਨੇ ਭਾਸ਼ਣ ਵਿੱਚ ਪੁਜੀਸ਼ਨ ਹਾਸਲ ਕੀਤੀ। ਸਟੇਜ ਦਾ ਸੰਚਾਲਨ ਜੀਐਨਐਮ ਦੀ ਸ੍ਰੀਮਤੀ ਗੀਨਾ ਰਾਣੀ ਨੇ ਕੀਤਾ।

ਅੰਤ ਵਿੱਚ ਸਰਸਵਤੀ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ: ਸਵਰਨ ਪ੍ਰਕਾਸ਼, ਵਾਈਸ ਚੇਅਰਮੈਨ ਹਰੀਸ਼ ਗਰਗ, ਡਾ: ਰਾਜੇਸ਼ ਸਿੰਗਲਾ, ਪ੍ਰਿੰਸੀਪਲ ਡਾ. ਸ਼੍ਰੀਮਤੀ ਪੂਜਾ ਯਾਦਵ ਪ੍ਰਿੰਸੀਪਲ, ਸਰਸਵਤੀ ਇੰਸਟੀਚਿਊਟ ਆਫ ਨਰਸਿੰਗ ਅਤੇ ਹੋਰ ਸਟਾਫ ਮੈਂਬਰਾਂ ਨੇ ਜੇਤੂਆਂ ਨੂੰ ਮੋਮੈਂਟਸ ਅਤੇ ਭਾਗੀਦਾਰੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਮੁ.ਫਤ ਹੋਮਿਓਪੈਥਿਕ ਲਗਾਇਆ ਗਿਆ



ਮਾਛੀਵਾੜਾ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸਿਵਲ ਹਸਪਤਾਲ ਦੀ ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਪੁਰਾਣੀ ਸਬਜ਼ੀ ਮੰਡੀ ਵਿਖੇ ਮੁਫ਼ਤ ਹੋਮਿਓਪੈਥਿਕ ਕੈਂਪ ਲਗਾ ਕੇ ਲੋਕਾਂ ਨੂੰ ਇਸ ਪ੍ਰਣਾਲੀ ਬਾਰੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਡਾਕਟਰ ਹਰਮਨਦੀਪ ਕੌਰ ਅਤੇ ਡਿਸਪੈਂਸਰ ਬਲਵੀਰ ਕੌਰ ਵੱਲੋਂ ਜਿੱਥੇ ਮਰੀਜ਼ਾਂ ਦੀ ਜਾਂਚ ਕੀਤੀ ਗਈ ਉੱਥੇ ਉਹਨਾਂ ਨੂੰ ਹੋਮਿਓਪੈਥਿਕ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਹਰਮਨਦੀਪ ਕੌਰ ਵੱਲੋਂ ਲੋਕਾਂ ਨੂੰ ਹੋਮਿਓਪੈਥਿਕ ਪ੍ਰਣਾਲੀ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸਾਡੀ ਗਲਤ ਜੀਵਨਸ਼ੈਲੀ ਅਤੇ ਖਾਣ ਪੀਣ ਦੀਆਂ ਗਲਤ ਆਦਤਾਂ ਕਰਕੇ ਸਾਡੇ ਸਰੀਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਇਸ ਲਈ ਇਹ ਪ੍ਰਣਾਲੀ ਸਾਡੀ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ ਕਿਉਂਕਿ ਇਹਨਾਂ ਨੂੰ ਦਵਾਈਆਂ ਨਾਲ ਜਿੱਥੇ ਬਿਮਾਰੀ ਜੜ ਤੋਂ ਖਤਮ ਹੁੰਦੀ ਹੈ ਉੱਥੇ ਇਹ ਸਾਡੇ ਸਰੀਰ ਨੂੰ ਨੁਕਸਾਨ ਵੀ ਨਹੀਂ ਕਰਦੀ। ਉਹਨਾਂ ਕਿਹਾ ਕਿ ਇਸ ਹੋਮਿਓਪੈਥਿਕ ਪ੍ਰਣਾਲੀ ਵਿੱਚ ਹਰ ਬਿਮਾਰੀ ਦਾ ਇਲਾਜ ਸੰਭਵ ਹੈ ਤੇ ਸਾਨੂੰ ਅੰਗਰੇਜ਼ੀ ਦਵਾਈਆਂ ਦੀ ਵਰਤੋਂ ਘੱਟ ਕਰਕੇ ਆਪਣੇ ਜੀਵਨ ਵਿੱਚ ਇਹ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਕੁਲਦੀਪ ਸਿੰਘ, ਰਕੇਸ਼ ਕੁਮਾਰ ਛਿੰਦੂ, ਮੇਜਰ ਸਿੰਘ ਤੇ ਚਰਨਜੀਤ ਸਿੰਘ ਵੀ ਮੌਜੂਦ ਸਨ।

# ਓਰੀਐਂਟ ਇੰਟਰਨੈਸ਼ਨਲ ਸਕੂਲ ਐਂਡ ਸਪੋਰਟਸ ਅਕੈਡਮੀ ਦੀ ਦਸਵੀਂ ਅਤੇ ਬਾਰਵੀਂ ਜਮਾਤਾਂ ਦਾ ਨਤੀਜਾ ਰਿਹਾ ਸ਼ਾਨਦਾਰ



ਮਾਛੀਵਾੜਾ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਓਰੀਐਂਟ ਇੰਟਰਨੈਸ਼ਨਲ ਸਕੂਲ ਐਂਡ ਸਪੋਰਟਸ ਅਕੈਡਮੀ ਦੇ ਵਿਦਿਆਰਥੀਆਂ ਨੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦੀਆਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਦਿੱਤੇ ਹਨ। ਸਕੂਲ ਦੇ ਚੇਅਰਮੈਨ ਸ੍ਰੀ ਵਿਕਰਮ ਸ਼ਰਮਾ ਨੇ ਬੋਰਡ ਦੀਆਂ ਦੋਵੇਂ ਜਮਾਤਾਂ ਦੇ ਇਸ ਸ਼ਾਨਦਾਰ ਨਤੀਜੇ ਲਈ ਮਿਹਨਤੀ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਇਹ ਮੀਲ ਪੱਥਰ ਮਾਪਿਆਂ ਦੇ ਸਹਿਯੋਗ ਤੋਂ ਬਿਨਾਂ ਹਾਸਲ ਨਹੀਂ ਕੀਤਾ ਜਾ ਸਕਦਾ। ਸਕੂਲ ਦੇ ਪ੍ਰਿੰਸੀਪਲ ਰਜਤ ਸ਼ਰਮਾ ਨੇ ਇਸ ਮੌਕੇ ਹੋਣਹਾਰ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਮਠਿਆਈਆਂ ਵੰਡੀਆਂ ਅਤੇ ਸਮੂਹ ਹਿੱਸੇਦਾਰਾਂ ਨਾਲ ਵਾਅਦਾ ਕੀਤਾ ਕਿ ਸਕੂਲ ਭਵਿੱਖ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਹੋਰ ਵੀ ਸਖ਼ਤ ਮਿਹਨਤ ਕਰੇਗਾ।

ਓਰੀਐਂਟ ਦਾ ਪੂਰਾ ਕੈਂਪਸ ਬਹੁਤ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ, ਜਿਸ ਨੂੰ ਵਿਦਿਆਰਥੀ ਦੇ ਚਿਹਰੇ ’ਤੇ ਮੁਸਕਰਾਹਟ ਦੇਖ ਕੇ ਆਸਾਨੀ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਬਾਰ੍ਹਵੀਂ ਜਮਾਤ ਦੀ ਸਹਿਜਪ੍ਰੀਤ ਕੌਰ 94 ਫ਼ੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਪਹਿਲੇ ਸਥਾਨ ’ਤੇ ਰਹੀ ਜਦੋਂਕਿ ਬਾਰ੍ਹਵੀਂ ਜਮਾਤ ਦੀ ਰਿਆ ਅਤੇ ਮੈਥਾਲੀ 91 ਫ਼ੀਸਦੀ ਅਤੇ 87 ਫ਼ੀਸਦੀ ਅੰਕ ਲੈ ਕੇ ਦੂਜੇ ਅਤੇ ਤੀਜੇ ਸਥਾਨ ’ਤੇ ਰਹੀਆਂ।

ਦੂਜੇ ਪਾਸੇ ਦਸਵੀਂ ਜਮਾਤ ਦੀ ਨਿਧੀ ਸ਼ਰਮਾ 90 ਫ਼ੀਸਦੀ ਅੰਕ ਲੈ ਕੇ ਪਹਿਲੇ ਸਥਾਨ ’ਤੇ ਰਹੀ, ਜਦਕਿ ਹਰਮਨਦੀਪ ਕੌਰ ਅਤੇ ਹਰਮਨ ਕੌਰ ਦੋਵੇਂ 85 ਫ਼ੀਸਦੀ ਅੰਕ ਲੈ ਕੇ ਕ੍ਰਮਵਾਰ ਦੂਜੇ ਸਥਾਨ ’ਤੇ ਰਹੀਆਂ । ਤੀਜਾ ਸਥਾਨ ਗੁਰਕਰਨਪ੍ਰੀਤ ਕੌਰ ਨੇ 85 ਫੀਸਦੀ ਅੰਕਾਂ ਨਾਲ ਹਾਸਲ ਕੀਤਾ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਸ਼ਾਰਦਾ ਸ਼ਰਮਾ, ਡਾਇਰੈਕਟਰ ਸ਼ੁਭਮ ਸ਼ਰਮਾ, ਡਾਇਰੈਕਟਰ ਮ੍ਰਿਦੁਲਾ, ਡਾ: ਸ਼ਰੁਤੀ, ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਮਨਪ੍ਰੀਤ ਕੌਰ, ਕਮਲਜੀਤ ਕੌਰ, ਗਗਨਦੀਪ ਕੌਰ, ਜੈਸਮੀਨ, ਰੀਤੂ, ਰੁਪਿੰਦਰ ਕੌਰ, ਅਨੁਪਮਾ ਜੈਨ, ਪਲਕ ਅਤੇ ਸਮੂਹ ਸਟਾਫ਼ ਦੇ ਮੈਂਬਰ ਵੀ ਹਾਜ਼ਰ ਸਨ।

# ਸੰਤ .ਫਤਿਹ ਸਿੰਘ ਕੌਨਵੈਂਟ ਸਕੂਲ ਦਾ 10ਵੀਂ ਦੀ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ



ਬਠਿੰਡਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੌੜ ਮੰਡੀ ਸੰਤ ਫ਼ਤਿਹ ਸਿੰਘ ਕੌਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਸੀਬੀਐਸਈ ਬੋਰਡ ਦੀ 10ਵੀਂ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ।ਸਕੂਲ ਦੇ ਵਿਦਿਆਰਥੀ ਨੇ ਆਰੀਅਨ ਸੋਂਧੀ 94.8 ਪ੍ਰਤੀਸ਼ਤ, ਪ੍ਰਣਵ ਗਰਗ 92.3% ਅਤੇ ਸ਼ਰਨਦੀਪ ਕੌਰ 91.3 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਜਿਨ੍ਹਾਂ ਵਿੱਚ ਪ੍ਰਣਵ ਗਰਗ ਨੇ ਗਣਿਤ ਵਿੱਚ 100/100, ਅਰਸ਼ਪ੍ਰੀਤ ਕੌਰ ਨੇ ਪੰਜਾਬੀ ਵਿੱਚ 100/100 ਅਤੇ ਪਰਮਿੰਦਰ ਕੌਰ ਨੇ ਪੰਜਾਬੀ ਵਿੱਚ 100/100 ਅੰਕ ਪ੍ਰਾਪਤ ਕੀਤੇ।

ਇਹ ਸ਼ਾਨਦਾਰ ਨਤੀਜਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ, ਸੱਚਾਈ ਅਤੇ ਇਮਾਨਦਾਰੀ ਦਾ ਨਤੀਜਾ ਹੈ।

ਸੰਤ ਫ਼ਤਿਹ ਸਿੰਘ ਕੌਨਵੈਂਟ ਸਕੂਲ ਦੇ ਚੇਅਰਮੈਨ ਡਾ. ਸਵਰਨ ਪ੍ਰਕਾਸ਼ ਗਰਗ, ਵਾਇਸ ਚੈਅਰਮੈਨ ਹਰੀਸ਼ ਗਰਗ ਅਤੇ ਸਕੂਲ ਦੇ ਪ੍ਰਿੰਸੀਪਲ ਡਾ. ਮੋਹਿਤ ਅਨੇਜਾ ਜੀ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਚੇਅਰਮੈਨ ਡਾ. ਸਵਰਨ ਪ੍ਰਕਾਸ਼ ਗਰਗ ਜੀ ਨੇ ਕਿਹਾ ਕਿ ਇਹ ਸਭ ਅਧਿਆਪਕਾਂ ਦੀ ਕੜੀ ਮਿਹਨਤ ਅਤੇ ਵਿਦਿਆਰਥੀ ਦੀ ਲਗਨ ਦਾ ਨਤੀਜਾ ਹੈ ਇਸਦੇ ਨਾਲ ਹੀ ਵਾਇਸ-ਚੇਅਰਮੈਨ ਹਰੀਸ਼ ਗਰਗ ਜੀ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਨੇ ਮਾਤਾ-ਪਿਤਾ ਨੂੰ ਉਤਸ਼ਾਹਿਤ ਵੀ ਕੀਤਾ ਕਿ ਇਹ ਸਕੂਲ ਹਮੇਸ਼ਾ ਦੀ ਤਰ੍ਹਾਂ ਅੱਗੇ ਵੀ ਇਸੇ ਤਰ੍ਹਾਂ ਦੀ ਸਖ਼ਤ ਮਿਹਨਤ ਕਰੇਗਾ

# ਸ਼ਰਾਬ ’ਚ .ਗਲਤੀ ਨਾਲ ਮਿਲਾ ਕੇ ਪੀਤੀ ਕੀਟਨਾਸ਼ਕ ਦਵਾਈ, ਮਜ਼ਦੂਰ ਦੀ ਮੌਤ

ਮਾਛੀਵਾੜਾ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਆਦਾ ਲੋਕ ਜਦੋਂ ਸ਼ਰਾਬ ਦਾ ਸੇਵਨ ਕਰਦੇ ਹਨ ਤਾਂ ਉਹਨਾਂ ਨੂੰ ਇਹ ਨਹੀਂ ਪਤਾ ਲੱਗਦਾ ਕਿ ਉਹ ਸ਼ਰਾਬ ਕਿੰਨੀ ਕੁ ਮਾਤਰਾ ਵਿੱਚ ਪੀ ਰਹੇ ਹਨ ਅਤੇ ਉਸਦੇ ਨਾਲ ਕਿਸੇ ਹੋਰ ਗਲਤ ਚੀਜ਼ ਦਾ ਸੇਵਨ ਤਾਂ ਨਹੀਂ ਕਰ ਰਹੇ ਇਸੇ ਤਰ੍ਹਾਂ ਕੁਝ ਮਾਛੀਵਾੜਾ ਸਾਹਿਬ ਦੇ ਨਜ਼ਦੀਕ ਪਿੰਡ ਰਤੀਪੁਰ ਵਿਖੇ ਵਾਪਰਿਆ ਜਦੋਂ ਉਹ ਸ਼ਰਾਬ ਪੀ ਰਿਹਾ ਸੀ ਤਾਂ ਸ਼ਰਾਬ ਵਿਚ ਕੀਟਨਾਸ਼ਕ ਮਿਲਾ ਕੇ ਪੀਣ ਨਾਲ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਪ੍ਰਕਾਸ਼ ਸਿੰਘ (41) ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਕਿਸਾਨ ਦੇ ਨਾਲ ਖੇਤ ਮਜ਼ਦੂਰ ਵਜੋਂ ਕੰਮ ਕਰਦਾ ਸੀ ਅਤੇ ਸ਼ਨੀਵਾਰ ਨੂੰ ਉਹ ਜਦੋਂ ਖੇਤਾਂ ’ਚ ਬੈਠ ਕੇ ਸ਼ਰਾਬ ਪੀ ਰਿਹਾ ਸੀ ਤਾਂ ਉਸ ਨੇ ਨੇੜੇ ਪਈ ਦਰੱਖ਼ਤਾਂ ਨੂੰ ਸਪਰੇਅ ਕਰਨ ਵਾਲੀ ਕੀਟਨਾਸ਼ਕ ਦਵਾਈ ਦਾ ਘੋਲ ਗ਼ਲਤੀ ਨਾਲ ਸ਼ਰਾਬ ’ਚ ਮਿਲਾ ਕੇ ਪੀ ਲਿਆ, ਜਿਸ ਨਾਲ ਉਸ ਦੀ ਹਾਲਤ ਖ਼ਰਾਬ ਹੋ ਗਈ।ਉਸ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟ ਮਾਰਟਮ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਮ੍ਰਿਤਕ ਦੇ ਵਾਰਸਾਂ ਦੇ ਬਿਆਨ ਦਰਜ ਕਰ ਕੇ ਧਾਰਾ-174 ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।

# ਬਾਬਾ ਬਾਲਕ ਨਾਥ ਜੀ ਦੀ ਤੀਸਰੀ ਵਿਸ਼ਾਲ ਚੌਂਕੀ ਅਤੇ ਭੰਡਾਰਾ ਕਰਵਾਇਆ



ਨਵਾਸ਼ਹਿਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਰਾਹੋਂ ਰੋਡ ’ਤੇ ਸਥਿਤ ਗੋਮਤੀ ਨਾਥ ਮੰਦਰ ’ਚ ਸਿੱਧ ਯੋਗੀ ਨਾਥ ਸੇਵਾ ਕਲੱਬ ਵੱਲੋਂ ਬਾਬਾ ਬਾਲਕ ਨਾਥ ਜੀ ਦੀ ਤੀਸਰੀ ਵਿਸ਼ਾਲ ਚੌਂਕੀ ਅਤੇ ਭੰਡਾਰਾ ਕਰਵਾਇਆ ਗਿਆ ।

ਸਭ ਤੋਂ ਪਹਿਲਾਂ ਕਲਸੀ ਪਰਿਵਾਰ ਅਤੇ ਕਲੱਬ ਦੇ ਮੈਂਬਰ ਮਹੇਸ਼ ਸਾਜਨ, ਵਾਸਦੇਵ ਪ੍ਰਦੇਸੀ ਅਤੇ ਹੋਰ ਸੇਵਾਦਾਰਾਂ ਵੱਲੋਂ ਪੰਡਿਤ ਰਾਜਨ ਨੇ ਪੂਜਨ ਕਰਵਾਇਆ। ਇਸ ਮੌਕੇ ਸਟੇਜ ਦਾ ਉਦਘਾਟਨ ਸਮਾਜ ਸੇਵੀ ਅਸ਼ੋਕ ਮੰਗਲਾ ਐਮ.ਡੀ. ,ਐਮ.ਏ.ਐਸ. ਇਮੀਗ੍ਰੇਸ਼ਨ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਨੇ ਰੀਬਨ ਕੱਟ ਕੇ ਕੀਤਾ, ਉਪਰੰਤ ਕਲਾਕਾਰ ਪਾਰਸ ਮਨੀ ਨੇ ਗਣੇਸ਼ ਵੰਦਨਾ ਕੀਤੀ।

ਇਸ ਤੋਂ ਬਾਅਦ ਸੱਤੀ ਸਿਤਾਰਾ, ਨਰੇਸ਼ ਕੈਂਥ, ਬਲਜਿੰਦਰ ਬੈਂਸ, ਵਿਜੇ ਸੂਫੀ, ਅਮਿਤ ਅਨਵਰ, ਲੱਕੀ ਬਾਦਸ਼ਾਹ, ਗਾਇਕ ਸਾਬਰ ਕੋਟੀ ਰਾਜਨ ਮੱਟੂ ਸਮੇਤ ਹੋਰ ਕਲਾਕਾਰਾਂ ਨੇ ਬਾਬਾ ਜੀ ਦੀ ਮਹਿਮਾ ਗਾਇਨ ਕੀਤਾ। ਇਸ ਮੌਕੇ ਪਹੁੰਚੀਆਂ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਸੰਗਤ ਨੂੰ ਅਸ਼ੀਰਵਾਦ ਦੇਣ ਲਈ ਪ੍ਰੀਤੀ ਮਹੰਤ, ਰਾਜੂ ਬਾਬਾ ਸਲੋਹ ਵਾਲੇ, ਮਹਿਤਾਬ ਅਹਿਮਦ ਕਾਦਰੀ ਪੰਜ ਪੀਰ ਦਰਬਾਰ, ਸਾਈਂ ਮਦਨ ਸ਼ਾਹ ਦਰਬਾਰ ਪੀਰ ਭੀਣ, ਕਾਕਾ ਰਾਮ, ਕੁੱਕੂ ਬਾਬਾ ਮੰਦਰ ਬਾਬਾ ਬਾਲਕ ਨਾਥ ਜੀ ਪਿੰਡ ਗੁਲਪੁਰ,ਬਾਬਾ ਪਿਆਰਾ ਝੰਡੀ ਪੀਰ ਦਰਬਾਰ, ਬੀਬੀ ਬਿੰਦਰਾ ਕੁਲਵਿੰਦਰ ਸਿੰਘ ਰਾਹੋਂ ਆਦਿ ਹਾਜ਼ਰ ਸਨ।

# ਜਿਲ੍ਹੇ ਵਿਚ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ: ਡਾ ਸੁਨੀਤਾ ਕੰਬੋਜ਼



ਫਾਜ਼ਿਲਕਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡਾ ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜਿਲਕਾ ਦੇ ਹੁਕਮਾਂ ਅਨੁਸਾਰ ਅਤੇ ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਦੀ ਦੇਖਰੇਖ ਵਿੱਚ ਜਿਲ੍ਹਾ ਫਾਜਿਲਕਾ ਵਿੱਚ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਚੱਲ ਰਹੀਆਂ ਹਨ। ਬਰਸਾਤਾਂ ਦੇ ਮੌਸਮ ਅਤੇ ਮੱਛਰਾਂ ਦੀ ਪੈਦਾਇਸ਼ ਦੇ ਮੱਦੇਨਜ਼ਰ ਸਿਹਤ ਵਿਭਾਗ ਫਾਜਿਲਕਾ ਵਲੋਂ ਮਲੇਰੀਆ ਅਤੇ ਡੇਂਗੂ ਵਿਰੋਧੀ ਗਤੀਵਿਧੀਆਂ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। ਡਾ ਕਵਿਤਾ ਸਿੰਘ ਨੇ ਲੋਕਾਂ ਨੂੰ ਮਲੇਰੀਆ ਅਤੇ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਗਈ ਹੈ।ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਡਾ ਕਵਿਤਾ ਸਿੰਘ ਨੇ ਕਿਹਾ ਕਿ ਮਲੇਰੀਆ ਅਤੇ ਡੇਂਗੂ ਤੋਂ ਬਚਣ ਲਈ ਘਰਾਂ ਦੇ ਅੰਦਰ ਅਤੇ ਆਲੇ ਦੁਆਲੇ ਫਾਲਤੂ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ ਤਾਂ ਜੋ ਡੇਂਗੂ ਅਤੇ ਮਲੇਰੀਆ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ। ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਨੇ ਦੱਸਿਆ ਕਿ ਅੱਜ ਜਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਸ਼ਹਿਰ ਫਾਜਿਲਕਾ ਵਿੱਚ ਬਿਜਲੀ ਘਰ, ਬਿਜਲੀ ਬੋਰਡ ਦਫਤਰ, ਬੀਡੀਪੀਓ ਦਫ਼ਤਰ, ਕੈਨਾਲ ਕਲੋਨੀ, ਕਬਾੜ ਦੀਆਂ ਦੁਕਾਨਾਂ ਵਿੱਚ ਐਂਟੀ ਲਾਰਵਾ ਗਤੀਵਿਧੀਆਂ ਕੀਤੀਆਂ, ਲਾਰਵਾ ਲੱਭਿਆ ਅਤੇ ਨਸ਼ਟ ਕੀਤਾ ਗਿਆ। ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਲਗਾਤਾਰ ਘਰ ਘਰ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਜਾਗਰੂਕ ਕਰਨ ਲਈ ਪੈਂਫਲਿਟ ਵੰਡੇ ਜਾ ਰਹੇ ਹਨ ਅਤੇ ਲੋਕਾਂ ਨੂੰ ਘਰਾਂ ਵਿਚ ਅਤੇ ਘਰਾਂ ਦੇ ਆਸ ਪਾਸ ਪਾਣੀ ਜਮ੍ਹਾਂ ਨਾ ਹੋਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਲੇਰੀਆ ਅਤੇ ਡੇਂਗੂ ਬੁਖਾਰ ਮੱਛਰ ਦੇ ਕੱਟਣ ਨਾਲ ਫੈਲਦਾ ਹੈ।

ਇਸ ਲਈ ਸਾਰਿਆਂ ਨੂੰ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ। ਘਰਾਂ ਵਿੱਚ ਵਾਧੂ ਬਰਤਨ ਜਿਵੇਂ ਟਾਇਰ, ਟੁੱਟੇ ਘੜ੍ਹੇ ਅਤੇ ਗਮਲੇ ਵਿੱਚ ਪਾਣੀ ਖੜਣ ਨਹੀਂ ਦੇਣਾ ਚਾਹੀਦਾ। ਰਾਤ ਨੂੰ ਸੌਣ ਵੇਲੇ ਮੱਛਰਦਾਨੀਆ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੋਂ ਕਰੋ, ਜਾਲੀਦਾਰ ਕਮਰਿਆਂ ਵਿਚ ਸੁੱਤਾ ਜਾਵੇ ਅਤੇ ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ।ਇਸ ਸਬੰਧ ਵਿਚ ਵਿਨੋਦ ਖੁਰਾਣਾ ਜਿਲ੍ਹਾ ਮਾਸ ਮੀਡੀਆ ਅਫਸਰ, ਸੁਖਜਿੰਦਰ ਸਿੰਘ ਰਵਿੰਦਰ ਸ਼ਰਮਾ, ਸਵਰਨ ਸਿੰਘ ਅਤੇ ਕ੍ਰਿਸ਼ਨ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਅਤੇ ਮਲੇਰੀਆ ਦੇ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਮਲੇਰੀਆ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਸੰਪੂਰਨ ਇਲਾਜ ਕਰਵਾਇਆ ਜਾਵੇ।

# ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਨੇ ਡੇਰਾ ਬਿਆਸ ਵਿਖੇ ਹੋਏ ਨਤਮਸਤਕ



ਸ੍ਰੀ ਅਨੰਦਪੁਰ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਮੁੱਚੀ ਲੋਕਾਈ ਨੂੰ ਪ੍ਰੇਰਣਾ ਦੇਣ ਲਈ ਡੇਰਾ ਬਿਆਸ ਦਾ ਬਹੁਤ ਵੱਡਾ ਯੋਗਦਾਨ ਹੈ,ਡੇਰਾ ਮੁੱਖੀ ਜੀ ਦੇ ਦਰਸ਼ਨ ਕਰਕੇ ਮਹਿਸੂਸ ਹੋਇਆ ਕਿ ਉਨਾਂ ਵੱਲੋਂ ਜੋ ਲੋਕਾਂ ਦਾ ਮਾਰਗ ਦਰਸ਼ਨ ਕੀਤਾ ਜਾ ਰਿਹਾ ਹੈ ਉਸਦੀ ਮਿਸਾਲ ਕੁੱਲ ਸੰਸਾਰ ਵਿੱਚ ਨਹੀਂ ਹੈ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਡੇਰਾ ਮੁੱਖੀ ਗੁਰਿੰਦਰ ਸਿੰਘ ਜੀ ਨਾਲ ਡੇਰਾ ਬਿਆਸ ਵਿਖੇ ਆਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਕੀਤਾ।ਇਸ ਮੌਕੇ ਉਨਾਂ ਕਿਹਾ ਕਿ ਉਹ ਆਪਣੇ ਆਪ ਨੂੰ ਬੜੇ ਭਾਗਾਂ ਵਾਲਾ ਸਮਝਦੇ ਹਨ ਜਿਨਾਂ ਨੂੰ ਬਾਬਾ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ, ਉਨਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਨਾ,ਲਬੁਰਾਈਆਂ ਦਾ ਖਾਤਮਾ, ਲੋੜਵੰਦਾਂ ਦੀ ਮੱਦਦ, ਸਵੱਛਤਾ, ਅਨੁਸ਼ਾਸ਼ਨ ਅਤੇ ਜੀਵਨ ਦੀ ਜਾਂਚ ਦਾ ਸੁਨੇਹਾ ਦੇਣ ਵਾਲੇ ਡੇਰਾ ਬਿਆਸ ਵਿੱਚ ਰੱਖ ਰਖਾਅ ਤੇ ਪ੍ਰਬੰਧਾਂ ਦਾ ਮੁਕਾਬਲਾ ਕੁੱਲ ਸੰਸਾਰ ਵਿੱਚ ਕਿਤੇ ਨਹੀਂ ਮਿਲਦਾ।ਉਨਾਂ ਕਿਹਾ ਕਿ ਮੋਜੂਦਾ ਹਾਲਾਤ ਵਿੱਚ ਅਜਿਹੇ ਨਿਯਮ ਅਪਣਾਉਣੇ ਜੀਵਨ ਦੇ ਹਰ ਵਰਗ ਲਈ ਬੇਹੱਦ ਜ਼ਰੂਰੀ ਹਨ।ਅਸੀਂ ਡੇਰਾ ਪ੍ਰਬੰਧਾਂ ਤੋਂ ਬੇਹੱਦ ਪ੍ਰਭਾਵਿਤ ਹਾਂ ਸੰਤਸੰਗੀਆਂ ਨੂੰ ਮਿਲੀ ਪ੍ਰੇਰਣਾ ਨਾਲ ਸਮੁੱਚਾ ਸੰਸਾਰ ਬੁਰਾਈ ਤੋਂ ਮੁਕਤ ਹੋ ਰਿਹਾ ਹੈ।ਅਜਿਹੇ ਨਿਯਮ ਜੀਵਨ ਵਿੱਚ ਅਪਣਾਉਣੇ ਬੇਹੱਦ ਜਰੂਰੀ ਹਨ।ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਡੇਰਾ ਬਿਆਸ ਸਾਡੇ ਲਈ ਰਾਹ ਦਸੇਰਾ ਹੈ ਵਿਸ਼ਵ ਭਰ ਵਿੱਚ ਸੰਤਸੰਗੀ ਉਨਾਂ ਦੇ ਦਰਸਾਏ ਮਾਰਗ ਤੇ ਚੱਲ ਰਹੇ ਹਨ ਅਜਿਹੀ ਮਿਸਾਲ ਕੀਤੇ ਨਹੀਂ ਮਿਲਦੀ ਜਦੋਂ ਮਨੁੱਖ ਵੈਰ ਵਿਰੋਧ ਜਾਤੀ ਧਰਮ ਦਿਵੇਸ਼ ਤੇ ਬੁਰਾਈ ਤੋਂ ਉੱਪਰ ਉੱਠ ਕੇ ਮਾਨਵਤਾ ਦੇ ਕਲਿਆਣ ਮਾਰਗ ਤੇ ਚੱਲਣ ਦਾ ਰਾਹ ਅਪਣਾਉਂਦਾ ਹੋਵੇ।ਉਨਾਂ ਕਿਹਾ ਕਿ ਸੰਸਾਰ ਵਿੱਚ ਇਸ ਨਾਲ ਬੁਰਾਈ ਦਾ ਖਾਤਮਾ ਹੋ ਰਿਹਾ ਹੈ,ਨਸ਼ਾ ਮੁਕਤ ਸਮਾਜ ਸਿਰਜਿਆ ਜਾ ਰਿਹਾ ਹੈ ਜੋ ਮਨੁੱਖਤਾ ਲਈ ਬਹੁਤ ਵੱਡਾ ਉਪਰਾਲਾ ਹੈ।

# ਜਥੇਦਾਰ ਮਨਮੋਹਣ ਸਿੰਘ ਖੇੜਾ, ਸੋਹਣ ਲਾਲ ਸ਼ੇਰਪੁਰੀ ਅਤੇ ਨਿਰਮਲ ਸਿੰਘ ਨਾਗਰਾ ਨੇ ਆਪਣੇ ਸਾਥੀਆਂ ਸਮੇਤ ‘ਆਪ’ ਦਾ ਪੱਲਾ ਫੜਿਆ



ਮਾਛੀਵਾੜਾ ਸਾਹਿਬ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਮਰਾਲਾ ਦੇ ਸ਼ਹਿਰ ਮਾਛੀਵਾੜਾ ਦੀ ਸਿਆਸਤ ਵਿੱਚ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਉੱਘੇ ਕਿਸਾਨ ਨੇਤਾ ਅਤੇ ਸਾਬਕਾ ਅਕਾਲੀ ਜਥੇਬੰਦਕ ਸਕੱਤਰ ਜਥੇਦਾਰ ਮਨਮੋਹਣ ਸਿੰਘ ਖੇੜਾ,ਟਕਸਾਲੀ ਕਾਂਗਰਸੀ ਆਗੂ ਸਾਬਕਾ ਸਕੱਤਰ ਪ੍ਰਦੇਸ਼ ਕਾਂਗਰਸ ਸੋਹਣ ਲਾਲ ਸ਼ੇਰਪੁਰੀ ਅਤੇ ਉੱਘੇ ਆੜ੍ਹਤੀ ਨਿਰਮਲ ਸਿੰਘ ਨਾਗਰਾ ਆਪਣੇ ਅਨੇਕਾਂ ਸਾਥੀਆਂ ਸਮੇਤ ਵੱਖ ਪਾਰਟੀਆਂ ਨੂੰ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਜਥੇਦਾਰ ਮਨਮੋਹਨ ਸਿੰਘ ਖੇੜਾ ਦੇ ਮਾਛੀਵਾੜਾ ਸਾਹਿਬ ਸਥਿਤ ਗ੍ਰਹਿ ਵਿਖੇ ਰੱਖੀ ਗਈ ਨਿੱਕੀ ਜਿਹੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡਾਂ ਤੋਂ ਪੰਚ ਸਰਪੰਚ, ਸੰਮਤੀ ਮੈਂਬਰ ਅਤੇ ਹੋਰ ਵੱਖੋ ਵੱਖ ਅਹੁਦੇਦਾਰ ਪੁੱਜੇ। ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਕਰਦਿਆਂ ਜਥੇਦਾਰ ਮਨਮੋਹਨ ਸਿੰਘ ਖੇੜਾ ਨੇ ਕਿਹਾ ਕਿ ਭਾਵੇਂ ਉਹਨਾਂ ਪਹਿਲਾਂ ਅਕਾਲੀ ਦਲ ਪਾਰਟੀ ਜੁਆਇੰਨ ਕੀਤੀ ਸੀ ਬਾਅਦ ਵਿੱਚ ਕਿਸਾਨ ਜਥੇਬੰਦੀ ਦੇ ਨਾਲ ਜੁੜ ਗਏ ਪਰ ਪਿਛਲੇ ਢਾਈ ਕੁ ਸਾਲਾਂ ਦੇ ਸਮੇਂ ਦੌਰਾਨ ਜੋ ਆਮ ਆਦਮੀ ਪਾਰਟੀ ਨੇ ਕੰਮ ਕੀਤੇ ਹਨ ਖਾਸ ਤੌਰ ਤੇ ਮਾਛੀਵਾੜਾ ਇਲਾਕੇ ਵਿੱਚ ਸੜਕਾਂ ਦਾ ਜਾਲ ਵਿਛਾਇਆ ਹੈ ਉਸ ਤੋਂ ਪ੍ਰਭਾਵਿਤ ਹੋ ਕੇ ਉਹ ਅੱਜ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਬਿਨ੍ਹਾਂ ਕਿਸੇ ਸ਼ਰਤ ਸ਼ਾਮਿਲ ਹੋ ਰਹੇ ਹਨ। ਇਸ ਉਪਰੰਤ ਕਾਂਗਰਸ ਪਾਰਟੀ ਦੇ ਸਾਬਕਾ ਸਕੱਤਰ ਪ੍ਰਦੇਸ਼ ਕਾਂਗਰਸ ਸੋਹਨ ਲਾਲ ਸ਼ੇਰਪੁਰੀ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਸ਼ੁਰੂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਰਿਹਾ ਹੈ ਪਰ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਨਾ ਦੇ ਕੇ ਉਹਨਾਂ ਨੂੰ ਅਣਗੋਲਿਆ ਕੀਤਾ ਗਿਆ ਜਿਸ ਕਾਰਨ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਜਥੇਦਾਰ ਮਨਮੋਹਨ ਸਿੰਘ ਖੇੜਾ, ਸੋਹਣ ਲਾਲ ਸ਼ੇਰਪੁਰੀ, ਨਿਰਮਲ ਸਿੰਘ ਨਾਗਰਾ ਸਮੇਤ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਸਵਾਗਤ ਕੀਤਾ ਅਤੇ ਕਿਹਾ ਕਿ ਪਾਰਟੀ ਵੱਲੋਂ ਉਹਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਉਹਨਾਂ ਧੰਨਵਾਦ ਪ੍ਰਗਟ ਕੀਤਾ ਕਿ ਪੰਜਾਬ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਬਣਾਈਆਂ ਹੋਈਆਂ ਪੰਜਾਬ ਦੇ ਵਿਕਾਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਜਿੱਥੇ ਅੱਜ ਇਹ ਪਰਿਵਾਰ ਆਮ ਆਦਮੀ ਦਾ ਪਾਰਟੀ ਦਾ ਹਿੱਸਾ ਬਣੇ ਹਨ ਉੱਥੇ ਹੀ ਹਲਕਾ ਸਮਰਾਲਾ ਵਿੱਚ ਪਾਰਟੀ ਨੂੰ ਵੱਡਾ ਬੱਲ ਮਿਲਿਆ ਹੈ।ਜਿਸ ਦਾ ਉਹਨਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਰਪੂਰ ਫਾਇਦਾ ਹੋਵੇਗਾ। ਇਸ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ‘ਆਪ’ ਆਗੂ ਮੋਹਿਤ ਕੁੰਦਰਾ, ਜਥੇਦਾਰ ਮਨਮੋਹਣ ਸਿੰਘ ਖੇੜਾ, ਸੋਹਣ ਲਾਲ ਸ਼ੇਰਪੁਰੀ ,ਨਿਰਮਲ ਸਿੰਘ ਨਾਗਰਾ , ਸੰਪੂਰਨ ਸਿੰਘ ਧਾਲੀਵਾਲ,ਜਗਮੀਤ ਸਿੰਘ ਮੱਕੜ ,ਪ੍ਰਵੀਨ ਮੱਕੜ, ਸੁਖਵਿੰਦਰ ਸਿੰਘ ਗਿੱਲ , ਨਿਰੰਜਨ ਨੂਰ, ਪਰਮਜੀਤ ਚੀਮਾ, ਪਰਜੀਤ ਬੈਨੀਪਾਲ, ਰਜਿੰਦਰ ਸਿੰਘ, ਜਗਰੂਪ ਸਿੰਘ ਰੂਪਾ , ਬਲਵੀਰ ਸਿੰਘ ਸੇਵਾਦਾਰ, ਕਰਨੈਲ ਸਿੰਘ ਪਾਨੀਪਤ, ਰਣਵੀਰ ਸਿੰਘ, ਰਜਿੰਦਰ ਸਿੰਘ ,ਹੈਪੀ ਗਿੱਲ, ਜਗਜੀਤ ਸਿੰਘ ਲੱਖੋਵਾਲ, ਲੈਕਚਰਾਰ ਸਵਰਨ ਸਿੰਘ, ਹਰਜੀਤ ਸਿੰਘ, ਦਰਸ਼ਨ ਸਿੰਘ, ਜਗਨ ਨਾਥ ਆੜ੍ਹਤੀ, ਜੀਤ ਸਿੰਘ, ਗੁਰਨਾਮ ਸਿੰਘ ਧਨੂੰਰ, ਮੱਖਣ ਸਿੰਘ ਸਹਿਬਾਜ਼ਪੁਰ, ਜੀਤ ਸਿੰਘ ਸਰਪੰਚ, ਮਹਿੰਦਰ ਸਿੰਘ, ਰਣਧੀਰ ਸਿੰਘ ਸੈਣੀ, ਪ੍ਰਿੰਸ, ਭੁਪਿੰਦਰ ਸਿੰਘ ਸਰਪੰਚ, ਜਗਰੂਪ ਸਿੰਘ ਅਤੇ ਸੁਖਵਿੰਦਰ ਸਿੰਘ ਵੀ ਮੌਜੂਦ ਸਨ।

# ਪਟਿਆਲਾ ਦੀ ਜਨਤਾ 'ਚ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ

## ਇਲਾਕੇ ਦੇ ਲੋਕ ਕਾਂਗਰਸ ਨੂੰ ਜਿਤਾਉਣ ਲਈ ਤਿਆਰ : ਡਾ: ਗਾਂਧੀ



ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਡੇਰਾਬੱਸੀ ਵਿਖੇ ਦਰਜਨ ਭਰ ਥਾਵਾਂ 'ਤੇ ਭਰਵੇਂ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ ਗਿਆ।

ਇਸ ਮੌਕੇ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ: ਗਾਂਧੀ ਨੇ ਕਿਹਾ ਕਿ ਉਹ ਜਿੱਥੇ ਵੀ ਜਾ ਰਹੇ ਹਨ,ਲੋਕਾਂ ਦਾ ਉਤਸ਼ਾਹ ਅਤੇ ਜੋਸ਼ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਲੋਕ ਕਾਂਗਰਸ ਦੇ ਹੱਕ ਵਿੱਚ ਵੱਡਾ ਫ਼ਤਵਾ ਦੇਣ ਲਈ ਤਿਆਰ ਬੈਠੇ ਹਨ ਕਿਉਂਕਿ ਲੋਕਾਂ ਨੂੰ ਸਮਝ ਆ ਗਈ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਦਾ ਮੁਕਾਬਲਾ ਸਿਰਫ਼ ਕਾਂਗਰਸ ਪਾਰਟੀ ਹੀ ਕਰ ਸਕਦੀ ਹੈ। ਇਸ ਲਈ ਆਪ ਜਾਂ ਹੋਰਨਾਂ ਨੂੰ ਵੋਟ ਪਾ ਕੇ ਵੋਟ ਖ਼ਰਾਬ ਕਰਨ ਦਾ ਕੋਈ ਮਤਲਬ ਨਹੀਂ ਬਚਦਾ।

ਉਹਨਾਂ ਕਿਹਾ ਕਿ ਉਹਨਾਂ ਨੂੰ ਰੋਜ਼ਾਨਾ ਵੱਡੀ ਗਿਣਤੀ ਵਿੱਚ ਅਜਿਹੇ ਵਰਕਰ ਵੀ ਮਿਲਦੇ ਹਨ ਹੋ ਆਖਦੇ ਹਨ ਕਿ ਓਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਸ ਵਾਰ ਪੰਜੇ ਦੇ ਨਿਸ਼ਾਨ 'ਤੇ ਵੋਟ ਪਾਉਣਗੇ। ਡਾ: ਗਾਂਧੀ ਨੇ ਵਿਸ਼ੇਸ਼ ਜ਼ੋਰ ਦੇ ਕੇ ਆਖਿਆ ਕਿ ਅਸੀਂ ਲੋਕਾਂ ਨੂੰ ਧਰਮਾਂ - ਜਾਤਾਂ ਦੇ ਨਾਂਅ ਹੇਠ ਵੰਡਣ ਨਹੀਂ ਸਗੋਂ ਜੋੜਨ ਆਏ ਹਾਂ। ਅਸੀਂ ਭਾਈਚਾਰਕ ਏਕਤਾ ਬੁਲੰਦ ਰੱਖਣੀ ਹੈ ਅਤੇ ਸੰਵਿਧਾਨ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਨੂੰ ਰੋਕਣਾ ਹੈ।

ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਅਤੇ ਉਦੈਵੀਰ ਸਿੰਘ ਢਿੱਲੋਂ , ਪ੍ਰਧਾਨ ਨਗਰ ਕੌਂਸਲ ਜ਼ੀਰਕਪੁਰ ਹੁਰਾਂ ਵੱਲੋਂ ਵਿਸ਼ਵਾਸ ਦੁਆਇਆ ਗਿਆ ਕਿ ਡੇਰਾਬੱਸੀ ਵਿਧਾਨ ਸਭਾ ਹਲਕੇ ਤੋਂ ਡਾਕਟਰ ਧਰਮਵੀਰ ਗਾਂਧੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਭੇਜਿਆ ਜਾਵੇਗਾ ਅਤੇ ਪਟਿਆਲਾ ਲੋਕ ਸਭਾ ਦੀ ਜਿੱਤ ਵਿੱਚ ਡੇਰਾਬੱਸੀ ਦੀ ਵੱਡੀ ਭੂਮਿਕਾ ਰਹੇਗੀ।

ਇਸ ਮੌਕੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਪੰਚ, ਸਰਪੰਚ, ਐਮ.ਸੀ., ਪਾਰਟੀ ਅਹਦੇਦਾਰ,ਵਰਕਰ, ਪਤਵੰਤੇ ਸੱਜਣ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।




## ਐਨ ਕੇ ਸ਼ਰਮਾ ਦੇ ਹੱਕ 'ਚ ਅਬਲੋਵਾਲ 'ਚ ਵਿਸ਼ਾਲ ਰੈਲੀ

## ਮੇਰੇ ਵਿਰੋਧੀਆਂ ਕੋਲ ਪ੍ਰਾਪਤੀਆਂ ਦੇ ਨਾਂ 'ਤੇ ਵਿਖਾਉਣ ਵਾਸਤੇ ਕੱਖ ਨਹੀਂ: ਐਨ ਕੇ ਸ਼ਰਮਾ

ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਅਕਾਲੀ ਦਲ ਦੇ ਪਟਿਆਲਾ ਸ਼ਹਿਰੀ ਹਲਕੇ ਦੇ ਇੰਚਾਰਜ ਅਮਰਿੰਦਰ ਸਿੰਘ ਬਜਾਜ ਤੇ ਸਾਬਕਾ ਐਮ ਸੀ ਸੁਖਬੀਰ ਸਿੰਘ ਅਬਲੋਵਾਲ ਦੀ ਅਗਵਾਈ ਹੇਠ ਅਬਲੋਵਾਲ ਵਿਖੇ ਪਾਰਟੀ ਉਮੀਦਵਾਰ ਐਨ ਕੇ ਸ਼ਰਮਾ ਦੇ ਹੱਕ ਵਿਚ ਵਿਸ਼ਾਲ ਰੈਲੀ ਕਰਵਾਈ ਗਈ। ਇਸ ਰੈਲੀ ਵਿਚ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਉਹ ਸੰਗਤ ਵੱਲੋਂ ਇੰਨਾ ਪਿਆਰ ਤੇ ਸਤਿਕਾਰ ਦੇਣ ਲਈ ਹਮੇਸ਼ਾ ਲੋਕਾਂ ਦੇ ਰਿਣੀ ਰਹਿਣਗੇ। ਉਹਨਾਂ ਕਿਹਾ ਕਿ ਉਹ ਇਹ ਚੋਣਾਂ ਸਿਰਫ ਕਿਰਦਾਰ ਤੇ ਕਾਰਗੁਜ਼ਾਰੀ ਦੇ ਆਧਾਰ 'ਤੇ ਲੜ ਰਹੇ ਹਨ। ਉਹਨਾਂ ਕਿਹਾ ਕਿ ਇਕ ਪਾਸੇ ਉਹਨਾਂ ਕੋਲ ਸਰਪੰਚ ਦੇ ਅਹੁਦੇ ਤੋਂ ਲੈ ਕੇ ਨਗਰ ਕੌਂਸਲ ਦੇ ਪ੍ਰਧਾਨ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਬਤੌਰ ਦੋ ਵਾਰ ਵਿਧਾਇਕ ਵਿਖਾਉਣ ਲਈ ਕਾਰਗੁਜ਼ਾਰੀ ਲੋਕਾਂ ਦੇ ਸਾਹਮਣੇ ਹੈ। ਉਹਨਾਂ ਕਿਹਾ ਕਿ ਮੁਹਾਲੀ ਨੂੰ ਨਗਰ ਨਿਗਮ ਬਣਾਉਣ, ਆਈ ਟੀ ਸਿਟੀ, ਮੈਡੀਸਿਟੀ ਤੇ ਹੋਰ ਅਤਿ ਆਧੁਨਿਕ ਵੱਡੇ-ਵੱਡੇ ਨਿਵੇਸ਼ ਕਰਵਾਉਣ ਤੇ ਏਅਰ ਪੋਰਟ ਬਣਾਉਣ ਸਮੇਤ ਹੋਰ ਸਭ ਕੁਝ ਲੋਕਾਂ ਦੀ ਕਚਹਿਰੀ ਵਿਚ ਹੈ। ਉਹਨਾਂ ਕਿਹਾ ਕਿ ਦੂਜੇ ਪਾਸੇ ਮੇਰੇ ਵਿਰੋਧੀਆਂ ਕੋਲ ਵਿਖਾਉਣ ਲਈ ਕੱਖ ਨਹੀਂ ਹੈ। ਭਾਜਪਾ ਉਮੀਦਵਾਰ ਪ੍ਰਨੀਤ ਕੌਰ ਚਾਰ ਵਾਰ ਐਮ ਪੀ ਰਹੇ ਪਰ ਉਹਨਾਂ ਨੇ ਇਕ ਵੀ ਵੱਡਾ ਪ੍ਰਾਜੈਕਟ ਪਟਿਆਲਾ ਲੋਕ ਸਭਾ ਹਲਕੇ ਵਾਸਤੇ ਨਹੀਂ ਲਿਆਂਦਾ। ਇਸੇ ਤਰੀਕੇ ਡਾ. ਗਾਂਧੀ ਐਮ ਪੀ ਰਹੇ ਤੇ ਉਹ ਵੀ ਪਟਿਆਲਾ ਵਾਸਤੇ ਕੁਝ ਵੀ ਵੱਡਾ ਨਹੀਂ ਕਰ ਸਕੇ। ਤੀਜੇ ਉਮੀਦਵਾਰ ਡਾ. ਬਲਬੀਰ ਸਿੰਘ ਖੁਦ ਸਿਹਤ ਮੰਤਰੀ ਹਨ ਪਰ ਉਹਨਾਂ ਨੇ ਸਿਹਤ ਵਿਭਾਗ ਦੇ ਅਦਾਰਿਆਂ ਵਿਚ ਅੱਜ ਤੱਕ ਇਕ ਇੱਟ ਵੀ ਨਹੀਂ ਲਗਾਈ ਸਗੋਂ ਉਲਟਾ ਦਹਾਕਿਆਂ ਪਹਿਲਾਂ ਬਣੇ ਮਾਤਾ ਕੌਸ਼ਲਿਆ ਹਸਪਤਾਲ ਦੇ ਇਕ ਵਾਰਡ ਦਾ ਉਦਘਾਟਨ ਕਰਨ ਵਾਸਤੇ ਇਥੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੂੰ ਸੱਦ ਕੇ ਡਰਾਮੇਬਾਜ਼ੀ ਕੀਤੀ ਜੋ ਲੋਕਾਂ ਦੇ ਸਾਹਮਣੇ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਇਸ ਵਾਰ ਚੋਣਾਂ ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਲੜ ਰਿਹਾ ਹੈ।

## ਲੋਕ ਸਭਾ ਚੋਣਾਂ ਵਿੱਚ ਮਹਿਲਾ ਵੋਟਰਾਂ ਦੀ ਹੋਵੇਗੀ ਵੱਡੀ ਭੂਮਿਕਾ: ਪ੍ਰਨੀਤ ਕੌਰ

ਜ਼ੀਰਕਪੁਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਨੇ ਜ਼ੀਰਕਪੁਰ ਵਿਖੇ ਹਲਕਾ ਚੋਣ ਇੰਚਾਰਜ ਐਸਐਮਐਸ ਸੰਧੂ ਦੀ ਅਗਵਾਈ ਹੇਠ ਕਰਵਾਏ ਸਮਾਗਮ 'ਚ ਮੰਡਲ ਪ੍ਰਧਾਨਾਂ ਅਤੇ ਮਹਿਲਾ ਵਰਕਰਾਂ ਸਮੇਤ ਵੱਡੀ ਗਿਣਤੀ ਸਮਰਥਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਮਹਿਲਾ ਵੋਟਰਾਂ ਦੀ ਅਹਿਮ ਭੂਮਿਕਾ ਹੋਵੇਗੀ। ਉਨ੍ਹਾਂ ਕਿਹਾ ਕਿ ਔਰਤਾਂ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਪਹਿਲਾਂ ਨਾਲੋਂ ਜ਼ਿਆਦਾ ਜਾਗਰੂਕ ਹੋਈਆਂ ਹਨ ਅਤੇ ਉਹ ਮੋਦੀ ਸਰਕਾਰ ਵੱਲੋਂ ਔਰਤਾਂ ਦੀ ਸੁਰੱਖਿਆ ਅਤੇ ਆਰਥਿਕ ਸਸ਼ਕਤੀਕਰਨ ਲਈ ਬਣਾਈਆਂ ਗਈਆਂ ਸਕੀਮਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਪ੍ਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਲੋਕ ਸਭਾ ਹਲਕਾ ਪਟਿਆਲਾ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਦੌਰਾ ਕੀਤਾ ਹੈ ਅਤੇ ਉਨ੍ਹਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਭਾਰਤੀ ਜਨਤਾ ਪਾਰਟੀ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਮੋਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਹਰ ਵਰਗ ਦਾ ਵਿਕਾਸ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਦੇਸ਼ ਨੂੰ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚੋਂ ਵਿਕਸਤ ਦੇਸ਼ਾਂ ਦੀ ਸੂਚੀ ਵਿੱਚ ਲਿਜਾਣ ਲਈ ਹੋਰ ਵੀ ਕਈ ਅਹਿਮ ਯੋਜਨਾਵਾਂ ਲਾਗੂ ਕਰਕੇ ਅੱਗੇ ਵਧਣਾ ਹੈ। ਅਤੀਤ 'ਚ ਇਸ ਮਾਮਲੇ 'ਤੇ ਕਿਸੇ ਵੀ ਪਾਰਟੀ ਨੇ ਓਨੀ ਗੰਭੀਰਤਾ ਨਾਲ ਕੋਈ ਫੈਸਲਾ ਨਹੀਂ ਲਿਆ ਜਿੰਨਾ ਮੋਦੀ ਸਰਕਾਰ ਨੇ ਮਹਿਲਾ ਸਸ਼ਕਤੀਕਰਨ ਨੂੰ ਲੈ ਕੇ ਦਿਖਾਇਆ ਹੈ। ਇਸ ਮੌਕੇ ਹਾਜ਼ਰ ਔਰਤਾਂ ਨੇ ਪ੍ਰਨੀਤ ਕੌਰ ਨੂੰ ਭਰੋਸਾ ਦਿੱਤਾ ਕਿ ਉਹ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਹਰ ਘਰ ਤੱਕ ਪਹੁੰਚਾ ਕੇ ਲੋਕ ਸਭਾ ਚੋਣਾਂ ਵਿੱਚ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਲਈ ਵੱਧ ਤੋਂ ਵੱਧ ਔਰਤਾਂ ਨੂੰ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਗੀਆਂ। ਇਸ ਮੌਕੇ ਸੀਨੀਅਰ ਭਾਜਪਾ ਆਗੂ ਏਕਤਾ ਨਾਗਪਾਲ, ਕੌਂਸਲਰ ਨੇਹਾ ਸ਼ਰਮਾ, ਸੁਨੀਤਾ ਰਾਣਾ, ਮਧੂ ਜਸਵਾਲ, ਸੁਨੀਤਾ ਸ਼ੇਖਰ, ਮੋਨਿਕਾ ਤਿਆਗੀ, ਕਾਂਤਾ ਸ਼ਰਮਾ, ਸਰਸਵਤੀ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਸਮਰਥਕ ਹਾਜ਼ਰ ਰਹੇ।

## ਆਜ਼ਾਦ ਉਮੀਦਵਾਰ ਮੈਡਮ ਡਿੰਪਲ ਬਦੇਸ਼ਾ ਵੱਲੋਂ ਸੈਂਕੜੇ ਲੋਕਾਂ ਨਾਲ ਕੱਢਿਆ ਪੈਦਲ ਰੋਅ ਸ਼ੋਅ



ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਲੋਕ ਸਭਾ ਪਟਿਆਲਾ ਚੋਣ ਲੜ ਰਹੀ ਆਜ਼ਾਦ ਉਮੀਦਵਾਰ ਮੈਡਮ ਡਿੰਪਲ ਬਦੇਸ਼ਾ ਜੀ ਵੱਲੋਂ ਸ਼ੇਰਾਂਵਾਲਾ ਗੇਟ ਤੋਂ ਸੈਂਕੜੇ ਲੋਕਾਂ ਦਾ ਕਾਫਲਾ ਲੈ ਕੇ ਪੈਦਲ ਰੋਡ ਸ਼ੋ ਕੀਤਾ ਗਿਆ ਇਸ ਮੌਕੇ ਪ੍ਰਧਾਨ ਡਿੰਪਲ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣਾ ਇੱਕ ਇੱਕ ਕੀਮਤੀ ਵੋਟ ਉਹਨਾਂ ਨੂੰ ਪਾ ਕੇ ਉਹਨਾਂ ਨੂੰ ਜੇਤੂ ਬਣਾਉਣ ਤਾਂ ਕਿ ਉਹ ਪਟਿਆਲਾ ਦੀ ਜਨਤਾ ਅਤੇ ਪਟਿਆਲਾ ਦੀ ਤਰੱਕੀ ਲਈ ਕੁਝ ਚੰਗਾ ਕਰ ਸਕਣ ਪ੍ਰਧਾਨ ਡਿੰਪਲ ਜੀ ਨੇ ਦੱਸਿਆ ਕਿ ਹੁਣ ਤੱਕ ਕਿਸੇ ਵੀ ਸਰਕਾਰ ਵੱਲੋਂ ਜਨਤਾ ਦੀ ਭਲਾਈ ਹਿਤੂ ਕੁਝ ਨਹੀਂ ਕੀਤਾ ਗਿਆ ਸਗੋਂ ਆਪਣੀ ਜੇਬਾਂ ਭਰਨ ਲਈ ਜਨਤਾ ਨੂੰ ਲੁੱਟਿਆ ਹੈ।

## ਵੋਟਾਂ ਪੁਆਉਣ ਲਈ ਤਾਇਨਾਤ ਚੋਣ ਅਮਲੇ ਦੀ ਜਨਰਲ ਆਬਜ਼ਰਵਰ ਦੀ ਮੌਜੂਦਗੀ 'ਚ ਦੂਜੀ ਰੈਂਡੇਮਾਈਜੇਸ਼ਨ

➢ ਚੋਣ ਅਮਲਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਕਰੇ ਪਾਲਣਾ-ਆਬਜ਼ਰਵਰ ਬਕੋੜੀਆ
➢ ਚੋਣ ਪਾਰਟੀਆਂ ਤਿਆਰ, ਦੂਜੀ ਤੇ ਤੀਜੀ ਰਿਹਰਸਲ 19 ਤੇ 26 ਮਈ ਨੂੰ-ਸ਼ੌਕਤ ਅਹਿਮਦ ਪਰੇ

ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-




ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਵੱਲੋਂ ਲੋਕ ਸਭਾ ਚੋਣਾਂ ਲਈ 1 ਜੂਨ 2024 ਨੂੰ ਵੋਟਾਂ ਪੁਆਉਣ ਲਈ ਤਾਇਨਾਤ ਕੀਤੇ ਜਾਣ ਵਾਲੇ ਚੋਣ ਅਮਲੇ ਦੀ ਦੂਜੀ ਰੈਂਡੇਮਾਈਜੇਸ਼ਨ ਚੋਣ ਪ੍ਰਕ੍ਰਿਆ ਦੀ ਨਿਗਰਾਨੀ ਲਈ ਪੁੱਜੇ ਜਨਰਲ ਆਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਦੀ ਮੌਜੂਦਗੀ 'ਚ ਕਰਵਾਈ ਗਈ। ਇਸ ਮੌਕੇ ਜਨਰਲ ਆਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਨੇ ਕਿਹਾ ਕਿ ਸਮੁੱਚਾ ਚੋਣ ਅਮਲਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਏ।

ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਰੈਂਡੇਮਾਈਜੇਸ਼ਨ ਕਰਕੇ 8468 ਅਧਿਕਾਰੀਆਂ ਤੇ ਕਰਮਚਾਰੀਆਂ ਦੇ ਚੋਣ ਅਮਲੇ ਨੂੰ ਪ੍ਰੀਜਾਈਡਿੰਗ ਅਫ਼ਸਰ, ਸਹਾਇਕ ਪ੍ਰੀਜਾਇਡਿੰਗ ਅਫ਼ਸਰ ਤੇ ਪੋਲ ਅਫ਼ਸਰ ਵਜੋਂ ਪਾਰਟੀਆਂ ਬਣਾ ਕੇ 8 ਹਲਕਿਆਂ ਅੰਦਰ 1742 ਪੋਲਿੰਗ ਬੂਥਾਂ 'ਤੇ ਤਾਇਨਾਤੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਚੋਣ ਪ੍ਰਕ੍ਰਿਆ ਨੂੰ ਸੁਤੰਤਰ, ਨਿਰਪੱਖ ਤੇ ਨਿਰਵਿਘਨ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਚੋਣ ਕਮਿਸ਼ਨ ਦੇ ਵਿਸ਼ੇਸ਼ ਸਾਫ਼ਟਵੇਅਰ ਨੈਸਟਜੈਨ ਡਾਈਸ ਆਨ ਲਾਈਨ ਰਾਹੀਂ ਡਿਊਟੀ 'ਤੇ ਤਾਇਨਾਤ ਚੋਣ ਅਮਲੇ ਦੀ ਦੂਜੀ ਰਿਹਰਸਲ 19 ਅਤੇ ਆਖਰੀ ਰਿਹਰਸਲ 26 ਮਈ ਨੂੰ ਕਰਵਾਈ ਜਾਵੇਗੀ। ਪੋਲ ਪਾਰਟੀਆਂ ਨੂੰ ਉਨ੍ਹਾਂ ਦੀ ਡਿਊਟੀ ਵਾਲੇ ਵਿਧਾਨ ਸਭਾ ਹਲਕੇ ਅਲਾਟ ਕਰ ਦਿੱਤੇ ਗਏ ਹਨ ਪੋਲ ਪਾਰਟੀਆਂ 31 ਮਈ ਨੂੰ ਰਵਾਨਾ ਕੀਤੀਆਂ ਜਾਣਗੀਆਂ ਤੇ ਇਸੇ ਦਿਨ ਇਨ੍ਹਾਂ ਦੇ ਪੋਲਿੰਗ ਬੂਥ ਅਲਾਟ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਪ੍ਰਤੀ ਹਲਕਾ 1 ਤੇ ਕੁਲ 8 ਪਿੰਕ ਬੂਥ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਸਮੁੱਚਾ ਪ੍ਰਬੰਧ ਮਹਿਲਾ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਕਰਨ ਸਮੇਤ ਜ਼ਿਲ੍ਹੇ 'ਚ 8 ਪੋਲਿੰਗ ਬੂਥ ਅਜਿਹੇ ਬਣਾਏ ਜਾਣਗੇ, ਜਿਨ੍ਹਾਂ ਦਾ ਪ੍ਰਬੰਧ ਦਿਵਿਆਂਗਜਨ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਕੀਤਾ ਜਾਵੇਗਾ।

## ਨਾਮਜ਼ਦਗੀਆਂ ਦੇ ਭਰਨ ਦੇ ਅੰਤਿਮ ਦਨ ਪਿਟਆਲਾ ਹਲਕੇ 'ਚ 12 ਨਾਮਜ਼ਦਗੀ ਪੱਤਰ ਭਰੇ, ਕੁਲ 49 ਨਾਮਜ਼ਦਗੀਆਂ ਦਾਖਲ

ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਹੈ ਕਿ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਦੀਆਂ ਆਮ ਚੋਣਾਂ ਲਈ ਹਲਕਾ ਪਟਿਆਲਾ-13 ਲਈ ਨਾਮਜ਼ਦਗੀਆਂ ਭਰਨ ਦੇ ਅੰਤਿਮ ਦਿਨ ਅੱਜ ਵੱਖ-ਵੱਖ ਉਮੀਦਵਾਰਾਂ ਨੇ 12 ਨਾਮਜ਼ਦਗੀਆਂ ਭਰੀਆਂ ਹਨ ਤੇ ਅੱਜ ਤੱਕ ਕੁਲ 49 ਨਾਮਜ਼ਦਗੀ ਪੱਤਰ ਦਾਖਲ ਕਰਵਾਏ ਗਏ ਹਨ।

ਰਿਟਰਿੰਗ ਅਫ਼ਸਰ ਨੇ ਦੱਸਿਆ ਕਿ ਅੱਜ ਆਜ਼ਾਦ ਉਮੀਦਵਾਰਾਂ ਪਰਮਜੀਤ ਸਿੰਘ, ਨੀਰਜ ਕੁਮਾਰ, ਬਹਾਦਰ ਸਿੰਘ, ਗੁਰਬਚਨ ਸਿੰਘ, ਸੁੱਖਾ ਰਾਮ ਵੱਲੋਂ ਦੋ ਸੈਟ, ਜਗਿਮੰਦਰ ਸਿੰਘ ਤੇ ਪਰਮਜੀਤ ਸਿੰਘ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਹਨ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਬਲਬੀਰ ਸਿੰਘ ਨੇ ਆਪਣੀ ਨਾਮਜ਼ਦਗੀ ਦੇ ਦੋ ਸੈਟ ਭਰਨ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਦੇ ਧਰਮਵੀਰ ਗਾਂਧੀ ਤੇ ਨਿਰੰਦਰ ਸਿੰਘ ਸੰਧੂ ਨੇ ਆਪਣੇ ਵੀ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਾਮਜ਼ਦਗੀਆਂ ਦੀ ਪੜਤਾਲ 17 ਮਈ ਬੁੱਧਵਾਰ ਨੂੰ ਹੋਵੇਗੀ। ਉਮੀਦਵਾਰ 17 ਮਈ ਤੱਕ ਆਪਣੇ ਨਾਮਜ਼ਦਗੀ ਵਾਪਸ ਲੈ ਸਕਣਗੇ। ਇਸੇ ਦਿਨ ਸਾਰੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋ ਜਾਵੇਗੀ ਅਤੇ ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ।

## ਨੌਜਵਾਨਾਂ ਵਲੋਂ ਆਪਣੇ ਵਿਛੜੇ ਸਾਥੀ ਰਣਬੀਰ ਹੈਪੀ ਅਤੇ ਮੱਖਣ ਰੋਗਲਾ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਉਪਰਾਲਾ: ਇੰਸਪੈਕਟਰ ਰਾਮਕੇਸ




ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਵਰਗੀ ਰਣਬੀਰ ਹੈਪੀ ਅਤੇ ਮੱਖਣ ਰੋਗਲਾ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸੇਵੀ ਸੰਸਥਾਵਾ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਲਾਈਫ ਲਾਈਨ ਬਲੱਡ ਬੈਂਕ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਇੰਸਪੈਕਟਰ ਜੋਗਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਅਤੇ ਇੰਸਪੈਕਟਰ ਰਾਮਕੇਸ ਰੇਂਜ ਅਫ਼ਸਰ ਸੜਕ ਸੁਰੱਖਿਆ ਫੋਰਸ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ, ਖੂਨਦਾਨ ਕੈਂਪ ਦਾ ਉਦਘਾਟਨ ਸਵਰਗੀ ਰਣਬੀਰ ਹੈਪੀ ਦੇ ਭਰਾਵਾਂ ਜਗਤਾਰ ਨਿੱਕਾ, ਸਤਬੀਰ ਕਾਲਾ ਅਤੇ ਸਵਰਗੀ ਮੱਖਣ ਰੋਗਲਾ ਦੇ ਭਰਾ ਕੁਲਵੰਤ ਸਿੰਘ ਸਾਬਕਾ ਸਰਪੰਚ ਰੋਗਲਾ ਨੇ ਖੁਦ ਖੂਨਦਾਨ ਕਰਕੇ ਕੀਤਾ, ਵਿਸ਼ੇਸ਼ ਤੌਰ 'ਤੇ ਬਿੱਲੂ ਚੈਹਿਲ ਭਵਾਨੀਗੜ੍ਹ, ਜਗਤਾਰ ਤੂਰ, ਸਤਨਾਮ ਸਿੰਘ ਸਾਬਕਾ ਸਰਪੰਚ ਆਕੜ, ਜਸਬੀਰ ਸਿੰਘ ਵੜੈਚ, ਮਨਪ੍ਰੀਤ ਗਰੇਵਾਲ, ਵਰਿੰਦਰ ਮਾਜਰੀ ਅਕਾਲੀਆਂ, ਗੁਰਮੁੱਖ ਸਿੰਘ ਆਕੜ, ਬਲਜੀਤ ਭਾਖਰ, ਸੁਖਦੀਪ ਲਲੌਡਾ, ਮੰਗਤ ਸਿੰਘ, ਗੋਤਮ ਹਾਡਾ, ਸੋਨੀ, ਵਿਨੇ ਕੁਮਾਰ, ਰੋਡਾ ਮਾਜਰੀ, ਕਾਕਾ ਸਿੱਧੂਵਾਲ, ਰਾਜੂ ਨਲੀਨਾ, ਰਾਜੂ ਬਡੂੰਗਰ, ਹਰਭਜਨ ਰੋਗਲਾ, ਗੋਗੀ ਬਡੂੰਗਰ,ਗੁਰਦੀਪ ਭਵਾਨੀਗੜ੍ਹ, ਚੀਨਾ ਭਵਾਨੀਗੜ੍ਹ, ਅਮਨਿੰਦਰ ਸਿੰਘ, ਅਮਨਦੀਪ ਸਿੰਘ, ਮੀਨਾ,ਆਕੁਸ, ਅਵਤਾਰ ਮਾਜਰੀ, ਜਗਦੀਪ ਦੀਪਾ, ਗਗਨ ਮਾਲਵਾ ਇੰਨਕਲੇਵ, ਨਜ਼ੀਰ ਖਾਨ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਇੰਸਪੈਕਟਰ ਰਾਮਕੇਸ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਵਿਛੜੇ ਸਾਥੀਆਂ ਰਣਬੀਰ ਹੈਪੀ ਅਤੇ ਮੱਖਣ ਰੋਗਲਾ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਖੂਨਦਾਨੀ ਪ੍ਰਮਾਤਮਾ ਵਲੋਂ ਭੇਜੇ ਦੂਤਾ ਸਮਾਨ ਹਨ ਜੋ ਆਪਣਾ ਖੂਨ ਦੇ ਕੇ ਕਿਸੇ ਦੀ ਬੇਸ਼ਕੀਮਤੀ ਜਾਨਾਂ ਬਚਾਉਂਦੇ ਹਨ। ਇਸ ਮੌਕੇ ਉਹਨਾਂ ਖੂਨਦਾਨੀਆਂ ਦੀ ਹੋਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੂਨਦਾਨ ਸਭ ਦਾਨਾ ਤੋ ਉੱਤਮ ਦਾਨ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਡਾਕਟਰ ਅਰਸ਼ਪ੍ਰੀਤ ਕੌਰ ਅਤੇ ਸਾਗਰ ਅਰੋੜਾ ਦੀ ਟੀਮ ਵੱਲੋਂ ਬਲੱਡ ਇੱਕਤਰ ਕੀਤਾ ਗਿਆ।

## ਗਾਇਕ ਹਰਦੇਵ ਚਾਹਲ ਦੇ ਮਾਂ ਭੁਲਾਤੀ, ਗੀਤ ਨੂੰ ਮਿਲ ਰਿਹਾ ਭਰਮਾਂ ਹੁੰਗਾਰਾ : ਸੋਨੀ ਸਰੋਆ

ਨਵਾਂ ਸ਼ਹਿਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਂ ਬੋਲੀ ਪੰਜਾਬੀ ਸਭਿਆਚਾਰ ਦੇ ਸੁਰੀਲੇ ਗਾਇਕ ਹਰਦੇਵ ਚਾਹਲ ਦੇ ਨਵੇਂ ਰਿਲੀਜ਼ ਹੋਏ ਗੀਤ 'ਮਾ ਭੁਲਾਤੀ, ਨੂੰ ਸਰੋਤਿਆਂ ਵੱਲੋਂ ਭਰਪੂਰ ਪਿਆਰ ਸਤਿਕਾਰ ਅਤੇ ਭਰਮਾਂ ਹੁੰਗਾਰਾ ਮਿਲ ਰਿਹਾ ਹੈ।

ਜਾਣਕਾਰੀ ਦਿੰਦਿਆਂ ਐਂਕਰ ਸੋਨੀ ਸਰੋਆ ਨੇ ਦੱਸਿਆ ਕਿ ਬਹੁਤ ਹੀ ਖੂਬਸੂਰਤ 'ਮਾਂ ਭੁਲਾਤੀ, ਇਕ ਪਰਿਵਾਰਕ ਗੀਤ ਹੈ ਜਿਸ ਨੂੰ ਦੁਆਬੇ ਦੇ ਹੋਣਹਾਰ ਗਾਇਕ ਹਰਦੇਵ ਚਾਹਲ ਨੇ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਨਾਲ ਗਾਇਆ ਹੈ।

ਇਸ ਗੀਤ ਦੇ ਬਾ ਕਮਾਲ ਬੋਲਾਂ ਨੂੰ ਕਲਮਬੱਧ ਉੱਘੇ ਮਰਹੂਮ ਗੀਤਕਾਰ ਪਿੰਦਾ ਗਰਚਿਆ ਵਾਲੇ ਨੇ ਕੀਤਾ ਹੈ। ਸੰਗੀਤਕਾਰ ਐਸ ਅਮਨ ਨੇ ਸੰਗੀਤ ਤਿਆਰ ਕੀਤਾ ਹੈ।

ਸੋਨੀ ਸਰੋਆ ਨੇ ਦੱਸਿਆ ਮਾਂ ਭੁਲਾਤੀ ਗੀਤ ਦਾ ਵੀਡੀਓ ਫ਼ਿਲਮਾਂਕਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਚ ਪੈਂਦੇ ਪਿੰਡ ਪੱਲੀ ਉੱਚੀ ਚ ਬਣੇ ਵਿਰਾਸਤ ਬਿੱਲਾ ਦੀਆਂ ਖੂਬਸੂਰਤ ਲੁਕੇਸਨਾ ਤੇ ਵੀਡੀਓ ਡਾਇਰੈਕਟਰ ਸੋਨੂੰ ਮੱਟੂ ਨੇਂ ਵੀਡੀਓ ਤਿਆਰ ਕੀਤਾ ਹੈ।

ਪ੍ਰੋਡਿਊਸਰ ਸੁਨੀਤਾ ਰਾਣੀ ਵਲੋਂ ਡ੍ਰੀਮ ਰਿਕਾਰਡ ਪੰਜਾਬ ਕੰਪਨੀ ਦੇ ਬੈਨਰ ਹੇਠ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ।

ਇਸ ਗੀਤ ਵਿੱਚ ਦੀਪਕ ਸ਼ਰਮਾ, ਰਜਨੀ ਵਰਮਾ, ਮਨਪ੍ਰੀਤ ਅਤੇ ਉੱਘੇ ਗੀਤਕਾਰ ਬਿੰਦਰੀ ਬੇਗਮਪੁਰੀਆ ਨੇ ਅਦਾ ਕਾਰੀ ਕੀਤੀ ਹੈ । ਮਾਂ ਭੁਲਾਤੀ ਪਰਿਵਾਰਕ ਗੀਤ ਦੇ ਬੋਲਾਂ ਅਤੇ ਵੀਡੀਓ ਨੂੰ ਸਰੋਤਿਆਂ ਵੱਲੋਂ ਕਾਫੀ ਭਰਮਾਂ ਹੁੰਗਾਰਾ ਮਿਲ ਰਿਹਾ।


## ਸਿਵਲ ਸਰਜਨ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ

ਸੰਗਰੂਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਅਤੇ ਐਸ ਐਮ ਓ ਡਾਕਟਰ ਮਹੁੰਮਦ ਅਖ਼ਤਰ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਬਟੂਹਾ,ਕਿਲਾਂ ਹਕੀਮਾਂ, ਲੱਡਾਂ ਕੋਠੀ, ਕਹੈਰੂ, ਨੱਤ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ ਅਤੇ ਪਬਲਿਕ ਨੂੰ ਡੈਂਗੂ ਬੁਖਾਰ, ਮਲੇਰੀਆ ਬੁਖਾਰ, ਚਿਕਨਗੁਨੀਆ ਬੁਖਾਰ ਅਤੇ ਮੌਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ, ਗਮਲਿਆਂ, ਕੰਨਟੇਨਰਾ, ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਲੋੜ ਪੈਣ ਤੇ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ ਅਤੇ ਲੂ ਲੱਗਣ ਤੋਂ ਬਚਾਓ ਬਾਰੇ ਜਾਣਕਾਰੀ ਦਿੱਤੀ ਲੂ ਦੀ ਲਪੇਟ ਵਿੱਚ ਜਾਇਦਾ ਤੱਰ ਛੋਟੇ ਬੱਚੇ ਅਤੇ ਬਜ਼ੁਰਗ ਜਾ ਲੰਮੀ ਬਿਮਾਰੀ ਤੋਂ ਪੀੜਿਤ ਵਿਅਕਤੀ ਆਉਂਦੇ ਹਨ । ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਬਿਨਾਂ 12 ਵਜੇ ਤੋਂ 3 ਵਜੇ ਦੇ ਵਿਚਕਾਰ ਧੁੱਪ ਵਿੱਚ ਨਾ ਜਾਵੋ ਵੱਧ ਤੋਂ ਵੱਧ ਪਾਣੀ ਪਿਓ ਜੇ ਕਰ ਕਿਸੇ ਵਿਅਕਤੀ ਨੂੰ ਧੁੱਪ ਵਿੱਚ ਚੱਕਰ ਆਉਣ ਲੱਗ ਜਾਣ ਜਾ ਉਲਟੀਆਂ ਲੱਗ ਜਾਣ ਤਾਂ ਤਰੁੰਤ ਓ ਆਰ ਐਸ ਦਾ ਘੋਲ ਬਣਾ ਕੇ ਦਿਓ ਜੇ ਕਰ ਕਿਸੇ ਵਿਅਕਤੀ ਨੂੰ ਸਾਹ ਲੈਣ ਵਿੱਚ ਸਮੱਸਿਆ ਆ ਰਹੀ ਹੋਵੇ ਜਾਂ ਬੇਹੋਸ਼ ਹੋ ਜਾਵੇ ਜਾਂ ਨਬਜ਼ ਤੇਜ਼ ਹੋ ਜਾਵੇ ਪਸੀਨਾ ਆਉਣੋ ਬੰਦ ਹੋ ਜਾਵੇ,ਚਮੜੀ ਖੁਸ਼ਕ ਹੋ ਜਾਵੇ,ਪਿਸ਼ਾਬ ਬਾਰ ਬਾਰ ਆਉਣ ਲੱਗ ਜਾਵੇ ਤਾਂ ਤਰੁੰਤ ਹਸਪਤਾਲ ਲੈ ਜਾਵੋ।

## ਡੈਡੀਕੇਟਿਡ ਬ੍ਰਦਰਜ਼ ਗਰੁੱਪ ਵੱਲੋਂ ਲਗਾਇਆ ਗਿਆ ਖ਼ੂਨਦਾਨ ਕੈਂਪ




ਪਟਿਆਲਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਮਖਾਨਾ ਕਲੱਬ ਦੇ ਸਕੱਤਰ ਹਰਪ੍ਰੀਤ ਸੰਧੂ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾ.ਰਕੇਸ਼ ਵਰਮੀ ਵੱਲੋਂ ਸਵਰਗੀ ਤਰਜੀਤ ਸਿੰਘ ਸੰਧੂ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿਚ ਕਲੱਬ ਦੇ ਪ੍ਰਧਾਨ ਡਾ. ਸੁਖਦੀਪ ਸਿੰਘ ਬੋਪਾਰਾਏ, ਡਾ.ਮਨਮੋਹਨ ਸਿੰਘ, ਡਾ.ਸੁਧੀਰ ਵਰਮਾ, ਸਮੇਤ ਹੋਰ ਸੰਸਥਾਵਾਂ ਅਤੇ ਪਤਵੰਤੇ ਸੱਜਣਾਂ ਨੇ ਵੱਡੇ ਪੱਧਰ ਤੇ ਸ਼ਿਰਕਤ ਕੀਤੀ। ਇਸ ਮੌਕੇ 278 ਯੂਨਿਟ ਦੇ ਕਰੀਬ ਖ਼ੂਨ ਇਕੱਠਾ ਕੀਤਾ ਗਿਆ।

ਇਸ ਮੌਕੇ ਹਰਪ੍ਰੀਤ ਸੰਧੂ ਨੇ 87ਵੀਂ ਵਾਰ ਅਤੇ ਡਾ. ਰਾਕੇਸ਼ ਵਰਮੀ ਨੇ 84ਵੀਂ ਵਾਰ ਖ਼ੂਨ ਦਾਨ ਕਰਕੇ ਇੱਕ ਮਿਸਾਲ ਕਾਇਮ ਕੀਤੀ।ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਧਾਰਮਿਕ ਆਗੂਆਂ ਅਤੇ ਪਤਵੰਤੇ ਸੱਜਣਾਂ ਨੇ ਸਫਲ ਖ਼ੂਨਦਾਨ ਕੈਂਪ ਲਗਾਉਣ ਲਈ ਸਮੁੱਚੀ ਟੀਮ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਰੁਚੀ ਨਰੂਲਾ, ਮੀਨੂ ਸੋਡੀ, ਰਜਨੀ ਭਾਰਗਵ, ਇੰਜੀ. ਸੰਜੇ ਜਿੰਦਲ, ਗੁਰਉਪਦੇਸ਼ ਕੌਰ, ਡਾ. ਨੀਰਜ ਗੋਇਲ, ਡਾ. ਸੰਜੇ ਬੰਸਲ, ਪ੍ਰਦੀਪ ਸਿੰਗਲਾ, ਬਿਕਰਮਜੀਤ ਸਿੰਘ, ਜਤਿਨ ਮਿੱਤਲ, ਜਤਿਨ ਗੋਇਲ, ਡਾ. ਅੰਸ਼ੂਮੰਨ ਖਰਬੰਦਾ, ਐਡ. ਰਵਿੰਦਰ ਕੌਸ਼ਲ, ਡੀ.ਪੀ ਸਿੰਘ, ਰਾਜਦੀਪ ਸਿੰਘ, ਵਿਨੋਦ ਢੂੰਡੀਆ, ਬਿਕਰਮਜੀਤ ਸਿੰਘ, ਡੀ.ਐਸ.ਪੀ ਜਸਵਿੰਦਰ ਸਿੰਘ ਟਿਵਾਣਾ, ਡੀ.ਐਸ.ਪੀ ਹਰਦੀਪ ਸਿੰਘ ਬਡੂੰਗਰ, ਨਰੇਸ਼ ਕਾਕਾ ਆਸ਼ੂ ਸੁਖੇਜਾ, ਰਿਸ਼ਵ ਗੁਪਤਾ ਤੇ ਟੀਮ, ਦਿਲਪ੍ਰੀਤ ਸਿੰਘ, ਇੰਜੀ. ਸੰਚਿਤ ਬਾਂਸਲ, ਗੌਰਵ ਗਰਗ, ਜਸਰਾਜ ਚਹਿਲ, ਮੁਹੰਮਦ ਰਮਜ਼ਾਨ ਢਿੱਲੋਂ , ਗੌਰਵ ਗੋਇਲ, ਵਿਕਾਸ ਗੋਇਲ, ਐਫ.ਸੀ ਮਿੱਤਲ, ਅਸ਼ੋਕ ਸ਼ਰਮਾ, ਰਜੀਵ ਜੀ, ਸ਼੍ਰੀ ਸ਼੍ਰੀ ਰਵੀ ਸ਼ੰਕਰ ਜੀ ਟੀਮ, ਅਸ਼ਵਨੀ ਖੰਨਾ ਡਾ. ਸ਼ੈਲੀ ਅਤੇ ਟੀਮ ਅਤੇ ਹੋਰ ਵੀ ਪਤਵੰਤੇ ਸੱਜਣ ਮੌਕੇ ਤੇ ਹਾਜਰ ਸਨ।

## ਗੁਰਮੀਤ ਸਿੰਘ ਖੁੱਡੀਆਂ ਨੇ ਗੋਨਿਆਣਾ ਵਿੱਖੇ ਕੀਤੀ ਲੋਕ ਮਿਲਣੀ

ਬਠਿੰਡਾ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-



ਜਿਵੇਂ ਜਿਵੇਂ ਲੋਕ ਸਭਾ ਦੀਆਂ ਵੋਟਾਂ ਦਾ ਦਿਨ ਨੇੜੇ ਆਉਂਦਾ ਜਾ ਰਿਹਾ ਹੈ ਓਵੇਂ ਹੀ ਜਨਤਾ ਨਾਲ ਉਮੀਦਵਾਰਾਂ ਦਾ ਮਿਲਣਾ ਤੇਜ ਹੁੰਦਾ ਜਾ ਰਿਹਾ ਹੈ ਇਸੇ ਲੜੀ ਤਹਿਤ ਅੱਜ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਗੋਨਿਆਣਾ ਮੰਡੀ ਦੀ ਪੰਚਾਇਤੀ ਧਰਮਸ਼ਾਲਾ ਕੋਲ਼ ਇਕ ਲੋਕ ਮਿਲਣੀ ਰੱਖੀ ਹੋਈ ਸੀ ਜਿਸ ਮਿਲਣੀ ਤਹਿਤ ਓਹਨਾ ਨੇ ਆਪਣੇ ਵਿਚਾਰ ਰੱਖਦਿਆਂ ਰਵਾਇਤੀ ਪਾਰਟੀਆ ਤੇ ਵਰਦਿਆਂ ਕਿਹਾ ਕਿ ਓਹਨਾ ਨੇ ਆਪਣੇ ਘਰਾਂ ਵਿੱਚ ਹੀ ਆਹੁਦੇ ਦਿੱਤੇ ਹੋਏ ਸਨ ਵੱਡੀਆਂ ਵੱਡੀਆਂ ਰਿਆਸਤਾਂ ਓਹਨਾ ਨੇ ਖੜੀਆਂ ਕਰ ਲਈਆਂ ਇਕ ਇਕ ਘਰ ਦੇ ਪੰਜ ਪੰਜ ਐਮ. ਐਲ. ਏ. ਬਣਗੇ ਸਾਰਾ ਕੁੱਝ ਘਰੇ ਹੀ ਰੱਖ ਲਿਆ ਅਪਣੇ ਰਿਸ਼ਤੇਦਾਰਾਂ ਵਿੱਚ ਹੀ ਵਜੀਰੀਆਂ ਵੰਡ ਲਈਆਂ ਆਪ ਮੁੱਖ ਮੰਤਰੀ, ਮੁੰਡਾ ਉਪ ਮੁਖ ਮੰਤਰੀ, ਭਤੀਜਾ ਮੰਤਰੀ ਜਦੋਂ ਸਾਰਾ ਕੁਝ ਹੀ ਘਰੇ ਬਣਾਉਣ ਲੱਗ ਗਏ ਤਾਂ ਫ਼ਿਰ ਰਾਜਿਆਂ ਵਾਲੀ ਫੀਲਿੰਗ ਆ ਗਈ ਫਿਰ ਆਮ ਜਨਤਾ ਨਾਲ ਕੋਈ ਬਹੁਤਾ ਲਗਾਵ ਨਹੀਂ ਰਿਹਾ ਉਹਨਾਂ ਦੇ ਛੋਟੇ ਵੱਡੇ ਕੰਮਾਂ ਦੀ ਕੋਈ ਫਿਕਰ ਨਹੀਂ ਰਹੀ ਜਿਸ ਦੇ ਫਲਸਰੂਪ ਜਦੋਂ ਜਨਤਾ ਅੱਕ ਗਈ ਓਹਨਾਂ ਫ਼ੈਸਲਾ ਕਰਕੇ 2022 ਵਿੱਚ ਇਕ ਵੱਡਾ ਬਦਲਾਵ ਲਿਆਂਦਾ ਜਿਸ ਸਦਕੇ ਪੁਰਾਣੇ ਮੰਤਰੀਆਂ ਦੇ ਘਰ ਦਾ ਕੋਈ ਜੀਅ ਵਿਧਾਨ ਸਭਾ ਵਿੱਚ ਨਹੀਂ ਵੜਨ ਦਿੱਤਾ ਅਤੇ ਲੋਕਾਂ ਨੇ ਆਮ ਜਿਹੇ ਬਿਲਕੁਲ ਸਾਧਾਰਨ ਵਿਅਕਤੀਆਂ ਨੂੰ ਐਮ.ਐਲ.ਏ. ਬਣਾ ਦਿੱਤਾ ਅਤੇ ਓਹਨਾ ਮੰਤਰੀਆਂ ਦੇ ਭੁਲੇਖੇ ਦੂਰ ਕਰ ਦਿੱਤੇ ਜੋ ਇਹ ਸਮਝਦੇ ਸਨ ਕਿ ਮੰਤਰੀ ਦੀ ਕੁਰਸੀ ਤਾਂ ਸਾਡੀ ਹੀ ਹੈ ਸਾਨੂੰ ਕੌਣ ਰੋਕ ਸਕਦਾ ਹੈ। ਪਰ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ ਗੁਰਮੀਤ ਸਿੰਘ ਖੁੱਡੀਆਂ ਨੇ ਅੱਗੇ ਕਿਹਾ ਕਿ ਜਿਸ ਤਰ੍ਹਾ ਪਹਿਲਾਂ ਵੀ ਵੱਡੇ ਲੋਕ ਇਹ ਸਮਝਦੇ ਸਨ ਕੇ ਸਾਨੂੰ ਕੋਈ ਹਰਾ ਨਹੀਂ ਸਕਦਾ ਤੇ ਲੋਕਾਂ ਨੇ ਭਗਵੰਤ ਸਿੰਘ ਮਾਨ ਅਤੇ ਖੁੱਡੀਆਂ ਪਰਿਵਾਰ ਦੀ ਇਮਾਨਦਾਰ ਛਵੀ ਤੇ ਭਰੋਸਾ ਕਰਕੇ 11 ਵਾਰ ਦੇ ਵਿਧਾਇਕ ਤੇ ਪੰਜ ਵਾਰ ਦੇ ਮੁੱਖ ਮੰਤਰੀ ਨੂੰ ਹਰਾ ਕਿ ਮੇਰੇ ਸਿਰ ਤੇ ਆਪਣਾ ਹੱਥ ਰੱਖਕੇ ਖੁਡੀਆਂ ਪਰੀਵਾਰ ਨੂੰ ਮਾਨ ਬਖਸ਼ਿਆ ਸੀ ਉਸ ਤਰ੍ਹਾ ਹੀ ਇਸ ਵਾਰ ਵੀ ਤੁਸੀ ਮੇਰੇ ਸਿਰ ਉੱਤੇ ਹੱਥ ਰੱਖੋਗੇ ਤਾਂ ਜੌ ਭਗਵੰਤ ਸਿੰਘ ਮਾਨ ਦੇ ਹੱਥ ਨੂੰ ਹੋਰ ਮਜ਼ਬੂਤ ਕੀਤਾ ਜਾ ਸੱਕੇ ਅਤੇ ਭਾਰਤ ਦੀ ਸੰਸਦ ਵਿੱਚ ਵੀ ਪੰਜਾਬ ਦੇ ਲੋਕਾਂ ਦੀ ਅਵਾਜ ਨੂੰ ਪਹੁੰਚਾਇਆ ਜਾ ਸਕੇ ਕਿਉਂਕੀ ਬਹੁਤੇ ਫੰਡ ਸੈਂਟਰ ਦੇ ਹੱਥ ਹੁੰਦੇ ਹਨ ਜੌ ਸਾਰੀਆਂ ਸਟੇਟਾ ਨੂੰ ਬਿਨਾਂ ਕਿਸੇ ਵਿਤਕਰੇ ਤੋ ਵੰਡਣੇ ਹੁੰਦੇ ਹਨ ਪਰ ਕਿਤੇ ਨਾ ਕਿਤੇ ਵਿਤਕਰਾ ਹੋ ਜਾਵੇ ਤਾਂ ਉਸ ਵਾਸਤੇ ਅਵਾਜ ਚੁੱਕਣ ਵਾਸਤੇ ਸੰਸਦ ਮੈਂਬਰ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੌ ਆਪਣੀ ਸਟੇਟ ਦੇ ਹੱਕ ਸੱਚ ਦੀ ਗੱਲ ਰੱਖੀ ਜਾਵੇ ਹੁਣ ਜਿਵੇ ਪੰਜ਼ਾਬ ਦਾ ਆਰ. ਡੀ. ਐਫ. ਫੰਡ ਸੈਂਟਰ ਨੇ ਰੋਕਿਆ ਹੋਇਆ ਹੈ ਜਿਸ ਕਰਕੇ ਉਸ ਨਾਲ ਸੰਬੰਧਿਤ ਵਿਕਾਸ ਰੁਕ ਜਾਂਦਾ ਹੈ ਜਾ ਉਸ ਵਿੱਚ ਦੇਰੀ ਹੋ ਜਾਂਦੀ ਹੈ ਅਜਿਹੇ ਅਤੇ ਇਸ ਵਰਗੇ ਹੋਰ ਬਹੁਤੇ ਮਸਲੇ ਹੁੰਦੇ ਹਨ ਜਿਨ੍ਹਾਂ ਵਾਸਤੇ ਆਵਾਜ਼ ਚੁੱਕਣੀ ਪੈਂਦੀ ਹੈ ਸੋ ਜਿਸ ਸਟੇਟ ਕੋਲ ਸੰਸਦ ਵਿੱਚ ਆਪਣੀ ਸਟੇਟ ਦੀ ਆਵਾਜ਼ ਚੁੱਕਣ ਵਾਸਤੇ ਮੈਂਬਰ ਹੁੰਦੇ ਹਨ ਓਹਨਾ ਰਾਜਾਂ ਦੀ ਤਰੱਕੀ ਨਿਸ਼ਚਿਤ ਹੁੰਦੀ ਹੈ।

## ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਦੇ ਰੋਡ ਸ਼ੋਅ ਦੌਰਾਨ ਮਿਲਿਆ ਲੋਕਾਂ ਦੇ ਸਮਰਥਨ



ਨਵਾਂ ਸ਼ਹਿਰ, 17 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ੁਭਾਸ ਸ਼ਰਮਾ ਨੂੰ ਵੱਡੀ ਲੀਡ ਨਾਲ ਜਿਤਾਉਣ ਦੀ ਅਪੀਲ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਦੇ ਰੋਪੜ ਵਿਖੇ ਰੋਡ ਸ਼ੋਅ ਦੌਰਾਨ ਮਿਲੇ ਜਨ ਸਮਰਥਨ ਨੇ ਉਹਨਾਂ ਦੀ ਜਿੱਤ ਯਕੀਨੀ ਬਣਾ ਦਿੱਤੀ ਹੈ ,ਉਹ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ ।

ਇਹਨਾਂ ਗੱਲਾਂ ਦਾ ਪ੍ਰਗਟਾਵਾ ਭਾਜਪਾ ਦੇ ਸੂਬਾ ਪ੍ਰੈਸ ਸਕੱਤਰ ਹਰਦੇਵ ਸਿੰਘ ਉੱਭਾ ਨੇ ਰੋਪੜ ਵਿਖੇ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋ ਭਾਜਪਾ ਉਮੀਦਵਾਰ ਡਾਕਟਰ ਸ਼ੁਭਾਸ ਸ਼ਰਮਾ ਦੇ ਰੋਡ ਸੋਅ ਦੌਰਾਨ ਕੀਤਾ ।ਉੱਭਾ ਨੇ ਕਿਹਾ ਕਿ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਹਲਕੇ ਦੇ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਵਾਉਣਗੇ ਤੇ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕਾ ਨੂੰ ਪੰਜਾਬ ਦਾ ਖੁਸ਼ਹਾਲ ਹਲਕਾਂ ਬਣਾਉਣਗੇ ,ਹਲਕੇ ਦੀਆਂ ਸਾਰੀਆਂ ਸਮੱਸਿਆਵਾਂ ਲੋਕ ਸਭਾ ਵਿੱਚ ਪੇਸ਼ ਕਰਕੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਧਿਆਨ ਵਿੱਚ ਲਿਆ ਹੱਲ ਕਰਵਾਉਣਗੇ ਤੇ ਵੱਡੀ ਗਿਣਤੀ ਵਿੱਚ ਵਿਕਾਸ ਦੇ ਕੰਮ ਕਰਵਾਉਣਗੇ ।ਉਹਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕਾ ਤੋਂ ਭਾਜਪਾ ਦੇ ਉਮੀਦਵਾਰ ਡਾਕਟਰ ਸ਼ੁਭਾਸ ਸ਼ਰਮਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣ ।ਇਸ ਮੌਕੇ ਹਰਦੇਵ ਸਿੰਘ ਉੱਭਾ ਦੇ ਨਾਲ ਭਾਜਪਾ ਦੇ ਸਾਬਕਾ ਜਿਲਾ ਪ੍ਰਧਾਨ ਸ਼ੁਸੀਲ ਰਾਣਾ, ਰਕੇਸ਼ ਜੈਨ, ਭਾਜਪਾ ਵਪਾਰ ਸੈੱਲ ਦੇ ਪ੍ਰਧਾਨ ਸੁੰਦਰ ਲਾਲ, ਮਨੋਜ ਸ਼ਰਮਾ ਮੰਡਲ ਇੰਚਾਰਜ ਬੀਜੇਪੀ, ਗੁਲਸ਼ਨ ਸੂਦ ਮੰਡਲ ਜਨਰਲ ਸਕੱਤਰ, ਸੱਤ ਨਰਾਇਣ ਸ਼ਰਮਾ, ਹਰਵਿੰਦਰ ਸਿੰਘ, ਅਰਵਿੰਦ ਅਗਰਵਾਲ, ਪਵਨ ਸੱਚਦੇਵਾ, ਅਨਿਲ ਗੁਪਤਾ, ਜੋਗਿੰਦਰ ਭਾਟੀਆ, ਸਰੂਪ ਸਿੰਘ ਤੇ ਵਿਨੋਦ ਸ਼ਰਮਾ ਆਦਿ ਹਾਜ਼ਰ ਸਨ ।

# CAA ਕਾਨੂੰਨ ਕੋਈ ਨਹੀਂ ਹਟਾ ਸਕਦਾ, ਇਹ ਕਾਨੂੰਨ ਮੋਦੀ ਦੀ ਗਾਰੰਟੀ ਦਾ ਤਾਜ਼ਾ ਉਦਾਹਰਣ ਹੈ: ਮੋਦੀ

**ਆਜਮਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਮੋਦੀ ਦੀ ਗਾਰੰਟੀ ਦਾ ਮਤਲਬ ਕੀ ਹੁੰਦਾ ਹੈ, ਇਸ ਦਾ ਤਾਜ਼ਾ ਉਦਾਹਰਣ ਨਾਗਰਿਕਤਾ ਸੋਧ ਕਾਨੂੰਨ (CAA) ਹੈ, ਜਿਸ ਦੇ ਤਹਿਤ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਕੰਮ ਬੀਤੇ ਕੱਲ ਸ਼ੁਰੂ ਹੋ ਚੁੱਕਿਆ ਹੈ। ਪ੍ਰਧਾਨ ਮੰਤਰੀ ਅੱਜ ਆਜਮਗੜ੍ਹ ਤੋਂ ਭਾਜਪਾ ਉਮੀਦਵਾਰ ਦਿਨੇਸ਼ ਲਾਲ ਯਾਦਵ ਨਿਰਹੁਆ ਅਤੇ ਲਾਲਗੰਜ ਤੋਂ ਪਾਰਟੀ ਉਮੀਦਵਾਰ ਨੀਲਮ ਸੋਨਕਰ ਦੇ ਸਮਰਥਨ ਵਿਚ ਚੋਣਾਵੀ ਸਭਾ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੋਦੀ ਦੀ ਗਾਰੰਟੀ ਦਾ ਮਤਲਬ ਕੀ ਹੁੰਦਾ ਹੈ, ਇਸ ਦਾ ਤਾਜ਼ਾ ਉਦਾਹਰਣ CAA ਕਾਨੂੰਨ ਹੈ। ਕੱਲ ਹੀ CAA ਕਾਨੂੰਨ ਤਹਿਤ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਹ ਲੋਕ ਸ਼ਰਨਾਰਥੀ ਬਣ ਕੇ ਲੰਬੇ ਅਰਸੇ ਤੋਂ ਸਾਡੇ ਦੇਸ਼ ਵਿਚ ਰਹਿ ਰਹੇ ਹਨ। ਇਹ ਲੋਕ ਧਰਮ ਦੇ ਆਧਾਰ 'ਤੇ ਹੋਈ ਭਾਰਤ ਦੀ ਵੰਡ ਦੇ ਸ਼ਿਕਾਰ ਬਣੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਰਨਾਰਥੀਆਂ 'ਤੇ ਉੱਥੇ ਤਾਂ ਜ਼ੁਲਮ ਹੋਇਆ ਹੀ ਪਰ ਵੋਟ ਬੈਂਕ ਦੀ ਰਾਜਨੀਤੀ 'ਚ ਸ਼ਾਮਲ ਇੱਥੋਂ ਦੀਆਂ ਸਰਕਾਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਨ੍ਹਾਂ 'ਤੇ ਜ਼ੁਲਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ।



ਵਿਰੋਧੀ ਗਠਜੋੜ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਮੋਦੀ CAA ਲੈ ਕੇ ਆਏ ਹਨ ਅਤੇ ਜਿਸ ਦਿਨ ਮੋਦੀ ਜਾਣਗੇ, ਇਹ CAA ਵੀ ਚਲਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਤਾ ਨੂੰ ਪਤਾ ਲੱਗ ਗਿਆ ਹੈ ਕਿ ਵੋਟ ਬੈਂਕ ਦੀ ਰਾਜਨੀਤੀ ਕਰਕੇ, ਹਿੰਦੂ-ਮੁਸਲਮਾਨਾਂ ਨੂੰ ਲੜਾ ਕੇ ਤੁਸੀਂ ਧਰਮ ਨਿਰਪੱਖਤਾ ਦਾ ਅਜਿਹਾ ਲਿਬਾਸ ਪਹਿਨ ਲਿਆ ਹੈ ਕਿ ਤੁਹਾਡੀ ਅਸਲੀਅਤ ਸਾਹਮਣੇ ਨਹੀਂ ਆ ਰਹੀ ਪਰ ਮੋਦੀ ਨੇ ਤੁਹਾਡੀ ਸੱਚਾਈ ਦਾ ਪਰਦਾਫਾਸ਼ ਕਰ ਦਿੱਤਾ ਹੈ। ਤੁਸੀਂ ਸੱਤ ਦਹਾਕਿਆਂ ਤੱਕ ਦੇਸ਼ ਨੂੰ ਫਿਰਕਾਪ੍ਰਸਤੀ ਦੀ ਅੱਗ ਵਿਚ ਸੰਘਰਸ਼ ਕਰਨ ਲਈ ਮਜਬੂਰ ਕੀਤਾ ਸੀ। ਕਸ਼ਮੀਰ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੋਦੀ ਨੇ ਕਸ਼ਮੀਰ ਵਿਚ ਸ਼ਾਂਤੀ ਦੀ ਗਾਰੰਟੀ ਦਿੱਤੀ ਸੀ। ਮੋਦੀ ਨੇ ਧਾਰਾ 370 ਦੀ ਕੰਧ ਢਾਹ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲਾਂ ਚੋਣਾਂ ਦੌਰਾਨ ਹੜਤਾਲਾਂ ਹੁੰਦੀਆਂ ਸਨ, ਅੱਤਵਾਦੀ ਧਮਕੀਆਂ ਦਿੰਦੇ ਸਨ ਪਰ ਇਸ ਵਾਰ ਸ੍ਰੀਨਗਰ ਵਿਚ ਪਿਛਲੀਆਂ ਕਈ ਚੋਣਾਂ ਦੇ ਰਿਕਾਰਡ ਟੁੱਟ ਗਏ। ਵਿਰੋਧੀ ਪਾਰਟੀਆਂ ਸਮਾਜਵਾਦੀ ਪਾਰਟੀ ਅਤੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਮਾਜਵਾਦੀ ਪਾਰਟੀ-ਕਾਂਗਰਸ, ਪਾਰਟੀਆਂ ਦੋ ਹਨ ਪਰ ਦੁਕਾਨ ਇਕ ਹੀ ਹੈ। ਇਹ ਝੂਠ ਦਾ ਸਾਮਾਨ ਵੇਚਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' ਪੂਰੀ ਤਰ੍ਹਾਂ ਤੁਸ਼ਟੀਕਰਨ ਦੀ ਦਲਦਲ ਵਿਚ ਧਸ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਮਾਜਵਾਦੀ ਪਾਰਟੀ ਦੇ ਚੋਟੀ ਦੇ ਆਗੂ ਰਾਮ ਮੰਦਰ ਨੂੰ ਲੈ ਕੇ ਹਰ ਰੋਜ਼ ਮਾੜੀਆਂ ਗੱਲਾਂ ਕਰ ਰਹੇ ਹਨ। ਕਾਂਗਰਸ ਦੇ ਸ਼ਹਿਜ਼ਾਦੇ ਨੇ ਤਾਂ ਰਾਮ ਮੰਦਰ ਨੂੰ ਗਾਲ੍ਹਾਂ ਕੱਢਣ ਦਾ ਮਿਸ਼ਨ ਹੀ ਪੂਰਾ ਕੀਤਾ ਹੈ।

# ਵਿਸ਼ੇਸ਼ ਅਦਾਲਤ ਵੱਲੋਂ ਸ਼ਿਕਾਇਤ ਦਾ ਨੋਟਿਸ ਲੈਣ ਬਾਅਦ ਈਡੀ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੀ: ਸੁਪਰੀਮ ਕੋਰਟ

**ਨਵੀਂ ਦਿੱਲੀ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਵਿਸ਼ੇਸ਼ ਅਦਾਲਤ ਵੱਲੋਂ ਮਨੀ ਲਾਂਡਰਿੰਗ ਦੀ ਸ਼ਿਕਾਇਤ ਦਾ ਨੋਟਿਸ ਲੈਣ ਤੋਂ ਬਾਅਦ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀ ਧਾਰਾ 19 ਤਹਿਤ ਕਿਸੇ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦਾ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਉਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਜਦੋਂ ਕੋਈ ਮੁਲਜ਼ਮ ਸੰਮਨ ਦੀ ਤਾਮੀਲ ਤਹਿਤ ਅਦਾਲਤ ਵਿਚ ਪੇਸ਼ ਹੁੰਦਾ ਹੈ ਤਾਂ ਏਜੰਸੀ ਨੂੰ ਉਸ ਦੀ ਹਿਰਾਸਤ



ਲੈਣ ਲਈ ਸਬੰਧਤ ਅਦਾਲਤ ਵਿਚ ਅਰਜ਼ੀ ਦੇਣੀ ਪਵੇਗੀ। ਬੈਂਚ ਨੇ ਕਿਹਾ, 'ਜੇ ਮੁਲਜ਼ਮ ਅਦਾਲਤ ਵੱਲੋਂ ਜਾਰੀ ਸੰਮਨ ਤਹਿਤ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਹੁੰਦਾ ਹੈ ਤਾਂ ਇਹ ਨਹੀਂ ਮੰਨਿਆ ਜਾ ਸਕਦਾ ਹੈ ਕਿ ਉਹ ਹਿਰਾਸਤ ਵਿੱਚ ਹੈ। ਸੰਮਨ ਤੋਂ ਬਾਅਦ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਹੋਣ ਵਾਲੇ ਮੁਲਜ਼ਮ ਨੂੰ ਜ਼ਮਾਨਤ ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੈ ਅਤੇ ਇਸ ਤਰ੍ਹਾਂ ਪੀਐੱਮਐੱਲਏ ਦੀ ਧਾਰਾ 45 ਦੀਆਂ ਦੋ ਸ਼ਰਤਾਂ ਲਾਗੂ ਨਹੀਂ ਹੁੰਦੀਆਂ ਹਨ।

# ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਹੋਇਆ ਵਾਧਾ

**ਬਠਿੰਡਾ 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨੋਂ ਦਿਨ ਆਮ ਆਦਮੀਂ ਪਾਰਟੀ ਦੇ ਪਰਿਵਾਰ ਵਿੱਚ ਵਾਧਾ ਹੋਣਾ ਲਗਾਤਾਰ ਜਾਰੀ ਹੈ ਇਸੇ ਲੜੀ ਤਹਿਤ ਅੱਜ ਅਕਾਲੀ ਦਲ ਨੂੰ ਅਲਵਿਦਾ ਆਖ ਪੰਜ ਪਰਿਵਾਰ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ , ਜਿਲ੍ਹਾ ਨੂੰ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਪਾਰਟੀ ਵਿੱਚ ਸ਼ਾਮਿਲ ਕਰਦਿਆਂ ਓਹਨਾ ਦਾ ਨਿੱਘਾ ਸਵਾਗਤ ਕੀਤਾ



ਅਤੇ ਓਹਨਾ ਨੂੰ ਯਕੀਨ ਦਵਾਇਆ ਕਿ ਤੁਹਾਡਾ ਬਣਦਾ ਮਾਨ ਸਨਮਾਨ ਕੀਤਾ ਜਾਵੇਗਾ ਇਹਨਾਂ ਪਰੀਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ।

# ਸੁਪਰੀਮ ਕੋਰਟ ਨੇ ਵੀਡੀਓ ਕਾਨਫਰੰਸ ਰਾਹੀਂ ਕੀਤੀ ਸਾਢੇ ਸੱਤ ਲੱਖ ਮਾਮਲਿਆਂ ਦੀ ਸੁਣਵਾਈ : ਚੀਫ਼ ਜਸਟਿਸ

**ਨਵੀਂ ਦਿੱਲੀ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੀਫ਼ ਜਸਟਿਸ (ਸੀ. ਜੇ. ਆਈ.) ਡੀ. ਵਾਈ. ਚੰਦਰਚੂੜ ਨੇ ਬੁੱਧਵਾਰ ਨੂੰ ਕਿਹਾ ਕਿ ਸੁਪਰੀਮ ਕੋਰਟ ਨੇ ਵੀਡੀਓ ਕਾਨਫਰੰਸਿੰਗ ਰਾਹੀਂ 7,50,000 ਮਾਮਲਿਆਂ ਦੀ ਸੁਣਵਾਈ ਕੀਤੀ ਅਤੇ 1,50,000 ਤੋਂ ਵੱਧ ਮਾਮਲੇ ਆਨਲਾਈਨ ਦਾਇਰ ਕੀਤੇ ਗਏ।



ਉਨ੍ਹਾਂ ਕਿਹਾ ਕਿ ਇਹ ਸਭ ਇਸ ਲਈ ਸੰਭਵ ਹੋ ਸਕਿਆ, ਕਿਉਂਕਿ ਟੈਕਨਾਲੋਜੀ ਨੇ ਨਿਆਂਪਾਲਿਕਾ ਸਮੇਤ ਕਾਨੂੰਨ ਅਤੇ ਇਨਫੋਰਸਮੈਂਟ ਏਜੰਸੀਆਂ ਵਿਚਾਲੇ ਨਵੇਂ ਆਯਾਮ ਪੈਦਾ ਕੀਤੇ ਹਨ। 'ਡਿਜੀਟਲ ਤਬਦੀਲੀ ਅਤੇ ਨਿਆਂਇਕ ਕੁਸ਼ਲਤਾ ਵਧਾਉਣ ਲਈ ਟੈਕਨਾਲੋਜੀ ਦੀ ਵਰਤੋਂ' ਵਿਸ਼ੇ 'ਤੇ ਰੀਓ ਡੀ ਜਨੇਰੀਓ 'ਚ ਆਯੋਜਿਤ ਜੇ-20 ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸੀ. ਜੇ. ਆਈ. ਨੇ ਭਾਰਤ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ, ''ਆਨਲਾਈਨ ਮਾਧਿਅਮ ਰਾਹੀਂ ਸੁਣਵਾਈ ਨੇ ਸੁਪਰੀਮ ਕੋਰਟ ਤੱਕ ਪਹੁੰਚ ਨੂੰ ਲੋਕਤੰਤਰਿਕ ਬਣਾ ਦਿੱਤਾ ਹੈ।''

ਜੇ-20 ਸਰਵਉੱਚ ਅਦਾਲਤਾਂ ਜਾਂ ਜੀ-20 ਮੈਂਬਰ ਦੇਸ਼ਾਂ ਦੀਆਂ ਸੰਵਿਧਾਨਕ ਅਦਾਲਤਾਂ ਦੇ ਮੁਖੀਆਂ ਦਾ ਇਕ ਸੰਮੇਲਨ ਹੈ ਅਤੇ ਬ੍ਰਾਜ਼ੀਲ ਦੀ ਜੀ-20 ਦੀ ਪ੍ਰਧਾਨਗੀ 'ਚ ਇਸ ਸਾਲ ਇਸ ਦਾ ਆਯੋਜਨ ਬ੍ਰਾਜ਼ੀਲ ਦੀ ਸੰਘੀ ਸੁਪਰੀਮ ਕੋਰਟ ਵੱਲੋਂ ਕੀਤਾ ਜਾ ਰਿਹਾ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦੇ ਪ੍ਰਧਾਨ ਪਵਨ ਗੁਪਤਾ ਵੱਲੋਂ ਸੁਖਬੀਰ ਬਾਦਲ ਦੇ ਬਿਆਨ ਦਾ ਸਮਰਥਨ




**ਪਟਿਆਲਾ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਉਸ ਬਿਆਨ ਦਾ ਪੁਰਜ਼ੋਰ ਸਮਰਥਨ ਕਰਦੀ ਹੈ ਜਿਸ ਵਿੱਚ ਉਨ੍ਹਾਂ ਨੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਾੜਕੂ ਵਿਚਾਰਧਾਰਾ ਦੇ ਸਮਰਥਕ ਅੰਮ੍ਰਿਤਪਾਲ ਸਿੰਘ ਬਾਰੇ ਸੱਚਾਈ ਨੂੰ ਦਲੇਰੀ ਨਾਲ ਬਿਆਨ ਕੀਤਾ ਹੈ, ਜਿਸ ਵਿਚ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ ਬੋਲਣ ਦੀ ਹਿੰਮਤ ਕੀਤੀ ਹੈ, ਇਸਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਚੋਣਾਂ ਆਉਂਦੀਆਂ ਅਤੇ ਜਾਂਦੀਆਂ ਹਨ! ਕੁਝ ਜਿੱਤ ਜਾਂਦੇ ਹਨ ਤੇ ਕੁਝ ਹਾਰਦੇ ਹਨ, ਪਰ ਅੰਮ੍ਰਿਤਪਾਲ ਸਿੰਘ ਦੇ ਚਿਹਰੇ ਤੋਂ ਜਿਸ ਤਰ੍ਹਾਂ ਗੈਰ-ਸਿਧਾਂਤਕ ਸਿਆਸਤ ਦਾ ਮੁਖੌਟਾ ਉਤਾਰਿਆ ਹੈ, ਸ਼ਿਵ ਸੈਨਾ, ਹਿੰਦੁਸਤਾਨ ਹਿੰਦੁਸਤਾਨ ਸ਼ਕਤੀ ਸੈਨਾ ਹਰ ਚੋਣ ਦੀ ਸਿਆਸਤ ਤੋਂ ਉੱਪਰ ਉੱਠ ਕੇ ਇਸ ਦੀ ਸ਼ਲਾਘਾ ਕਰਨਾ ਚਾਹੁੰਦੀ ਹੈ। ਅੰਮ੍ਰਿਤਪਾਲ ਸਿੰਘ ਨੇ ਕਈ ਵਾਰ ਭਾਰਤ ਦੇ ਸੰਵਿਧਾਨ ਵਿੱਚ ਅਵਿਸ਼ਵਾਸ ਪ੍ਰਗਟ ਕੀਤਾ ਸੀ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਤੋੜਨ ਦੀ ਗੱਲ ਕੀਤੀ ਸੀ ਅਤੇ ਹੁਣ ਉਹ ਇਸ ਸੰਵਿਧਾਨ ਦੀ ਸਹੁੰ ਚੁੱਕ ਕੇ ਚੋਣ ਲੜਨ ਜਾ ਰਿਹਾ ਹੈ। ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਨੇ ਪਹਿਲਾਂ ਹੀ ਇਸ 'ਤੇ ਸਵਾਲ ਉਠਾਏ ਸਨ ਪਰ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਵੀਰ ਸਿੰਘ ਬਾਦਲ ਨੇ ਵੀ ਸਵਾਲ ਉਠਾਏ ਹਨ ਅਤੇ ਇਹ ਵੀ ਪੂਰੀ ਗੰਭੀਰਤਾ ਨਾਲ ਪੁੱਛਿਆ ਜਾ ਰਿਹਾ ਹੈ ਕਿ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਬੰਦ ਹੋਣ ਦੇ ਬਾਵਜੂਦ ਉਮੀਦਵਾਰ ਬਣਨ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪੰਜਾਬ ਤੋਂ ਬਹੁਤ ਦੂਰ ਬੰਦ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਚੋਣ ਲੜਨ ਦੀਆਂ ਸਹੂਲਤਾਂ ਦੇਣ ਦੀ ਵੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਇਹ ਮੰਗ ਬਹੁਤ ਵਾਜਬ ਵੀ ਹੈ ਅਤੇ ਕਈ ਸਵਾਲ ਵੀ ਖੜ੍ਹੇ ਕਰਦੀ ਹੈ।

ਅੰਮ੍ਰਿਤਪਾਲ ਸਿੰਘ ਵਰਗੇ ਲੋਕ ਪਹਿਲਾਂ ਪੰਜਾਬ ਵਿੱਚ ਅੱਤਵਾਦ ਦਾ ਜ਼ਹਿਰੀਲਾ ਪ੍ਰਚਾਰ ਕਰਦੇ ਹਨ, ਭਾਰਤ ਦੀ ਏਕਤਾ ਅਤੇ ਅਖੰਡਤਾ ਵਿਰੁੱਧ ਸਾਜ਼ਿਸ਼ਾਂ ਰਚਦੇ ਹਨ ਅਤੇ ਜਦੋਂ ਸੰਵਿਧਾਨ ਵਿਚਲਾ ਕਾਨੂੰਨ ਸਖਤੀ ਕਰਦਾ ਹੈ ਤਾਂ ਇਸ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਆਪਣੀ ਰਿਹਾਈ ਲਈ ਚੋਣਾਂ ਲੜਨ ਦਾ ਰਾਹ ਅਪਣਾਉਂਦੇ ਹਨ, ਪਰ ਉਨ੍ਹਾਂ ਦੇ ਜ਼ਹਿਰੀਲੇ ਅਤੇ ਦਹਿਸ਼ਤਗਰਦੀ ਵਾਲੇ ਪ੍ਰਚਾਰ ਕਾਰਨ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਗੁੰਮਰਾਹ ਹੋਣ ਦਾ ਕਾਰਨ ਮਿਲਦਾ ਹੈ ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਨਾਕ ਸਾਬਤ ਹੁੰਦਾ ਹੈ।

ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਇਸ ਮਾਮਲੇ 'ਤੇ ਸਖਤ ਸਟੈਂਡ ਲਿਆ ਹੈ ਅਤੇ ਸੱਚ ਬੋਲਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਪ੍ਰਧਾਨ ਸਵਰਗੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਪੁਲਿਸ ਨੇ ਆਪਣੇ ਸੰਘਰਸ਼ ਦੌਰਾਨ ਕਈ ਵਾਰ ਗ੍ਰਿਫਤਾਰੀਆਂ ਦਿੱਤੀਆਂ ਹਨ ਅਤੇ ਗ੍ਰਿਫਤਾਰੀਆਂ ਕੀਤੀਆਂ ਹਨ। ਕਦੇ ਵੀ ਭੱਜਣ ਦੀ ਮਿਸਾਲ ਕਾਇਮ ਨਾ ਕਰਦੇ ਹੋਏ ਹਿੰਦੂ-ਸਿੱਖ ਏਕਤਾ ਲਈ ਹਮੇਸ਼ਾ ਦੇਸ਼ ਵਿਰੋਧੀ ਤਾਕਤਾਂ ਦੇ ਸਾਹਮਣੇ ਚਟਾਨ ਵਾਂਗ ਖੜੇ ਰਹੇ। ਇਹ ਵੀ ਕੁਝ ਅਪਵਾਦਾਂ ਨੂੰ ਛੱਡ ਕੇ ਬਿਲਕੁਲ ਸੱਚ ਹੈ।

ਸੰਗਰੂਰ ਅਤੇ ਖਡੂਰ ਸਾਹਿਬ, ਪੰਜਾਬ ਦੇ ਲੋਕਾਂ ਨੂੰ ਲੋਕ ਸਭਾ ਚੋਣਾਂ ਬਾਰੇ ਸੋਚ ਸਮਝ ਕੇ ਦੇਸ਼ ਲਈ ਘਾਤਕ ਹੋਣ ਵਾਲੀਆਂ ਸ਼ਕਤੀਆਂ ਨੂੰ ਦੇਸ਼ ਦੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਕਰਾਰਾ ਜਵਾਬ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਦਾ ਬਿਆਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਨੇ ਪਟਿਆਲਾ ਵਿਖੇ ਜਾਰੀ ਕੀਤਾ ਹੈ।

# ਅਕਾਲੀ ਦਲ 'ਚੋਂ ਮੁਅੱਤਲ ਹੋਏ ਰਵੀਕਰਨ ਸਿੰਘ ਕਾਹਲੋਂ ਨੇ ਫੜਿਆ ਭਾਜਪਾ ਦਾ ਪੱਲਾ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿਚੋਂ ਮੁਅੱਤਲ ਕੀਤੇ ਗਏ ਰਵੀਕਰਨ ਸਿੰਘ ਕਾਹਲੋਂ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਤੇ ਉਨ੍ਹਾਂ ਦਾ ਸੁਆਗਤ ਕੀਤਾ।

ਇਸ ਮੌਕੇ ਰਵੀਕਰਨ ਸਿੰਘ ਕਾਹਲੋਂ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ ਇਸ ਪਾਰਟੀ ਨੂੰ ਸਾਡੇ ਬਜ਼ੁਰਗਾਂ ਨੇ ਬੜੀਆਂ ਕੁਰਬਾਨੀਆਂ ਦੇ ਕੇ ਬਣਾਇਆ ਤੇ ਉਨ੍ਹਾਂ ਦਾ ਖ਼ੂਨ ਇਸ ਪਾਰਟੀ ਵਿਚ ਹੈ। ਪਰ ਹੁਣ ਇਹ ਪਾਰਟੀ ਇਕ ਲਿਮਿਟਡ ਕੰਪਨੀ ਬਣ ਕੇ ਰਹਿ ਗਈ ਹੈ, ਜਿਸ ਨੂੰ 2 ਜਣੇ ਹੀ ਚਲਾਉਂਦੇ ਹਨ। ਜਿਹੜਾ ਬੰਦਾ ਕੋਈ ਗੱਲ ਕਰਦਾ ਹੈ, ਉਸ ਦਾ ਗਲਾ ਦਬਾ ਦਿੱਤਾ ਜਾਂਦਾ ਹੈ ਜਾਂ ਬਾਹਰ ਦਾ ਰਾਹ ਦਿਖਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੈਂ ਗੁਰੂ ਮਹਾਰਾਜ ਅੱਗੇ ਹੀ ਝੁਕਦਾ ਹਾਂ। ਆਪਣੀ ਗਰਦਨ ਮੈਂ ਓਨੀ ਨਹੀਂ



ਝੁਕਾਈ ਕਿ ਮੇਰੀ ਪੱਗ ਹੀ ਡਿੱਗ ਜਾਵੇ।

ਜ਼ਿਕਰਯੋਗ ਹੈ ਕਿ ਰਵੀਕਰਨ ਹਲਕਾ ਡੇਰਾ ਬਾਬਾ ਨਾਨਕ ਤੋਂ 2022 'ਚ ਸੁਖਜਿੰਦਰ ਸਿੰਘ ਰੰਧਾਵਾ ਖ਼ਿਲਾਫ਼ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਉਹ ਮਹਿਜ਼ 234 ਵੋਟਾਂ ਤੋਂ ਇਹ ਚੋਣ ਹਾਰ ਗਏ ਸਨ। ਰਵੀਕਰਨ ਸਿੰਘ ਕਾਹਲੋਂ ਸਾਬਕਾ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਰਹਿ ਚੁੱਕੇ ਸਵਰਗੀ ਨਿਰਮਲ ਸਿੰਘ ਕਾਹਲੋਂ ਦੇ ਸਪੁੱਤਰ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਸੀ। ਸੁਖਬੀਰ ਬਾਦਲ ਨੇ ਕਿਹਾ ਸੀ ਕਿ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਅਕਾਲੀ ਉਮੀਦਵਾਰ ਖਾਲਸਾ ਦੇ ਮਾਛੀਵਾੜਾ ਸਾਹਿਬ ਵਿਖੇ ਦਫ਼ਤਰ ਦਾ ਹੋਇਆ ਉਦਘਾਟਨ

## ਦੂਜੀਆਂ ਪਾਰਟੀਆਂ ਨਾਲੋਂ ਸ਼੍ਰੋਮਣੀ ਅਕਾਲੀ ਦਲ ਦਾ ਪਲੜਾ ਭਾਰੀ: ਢਿੱਲੋਂ

**ਮਾਛੀਵਾੜਾ ਸਾਹਿਬ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਬੇਟ ਖੇਤਰ ਦੇ ਪਿੰਡਾਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ।

ਬੀਤੇ ਕੱਲ੍ਹ ਬੇਟ ਖੇਤਰ ਦੇ ਮੁੱਖ ਸ਼ਹਿਰ ਮਾਛੀਵਾੜਾ ਸਾਹਿਬ ਵਿਖੇ ਸਾਬਕਾ ਨਗਰ ਕੌਂਸਲ ਪ੍ਰਧਾਨ ਦਲਜੀਤ ਸਿੰਘ ਗਿੱਲ ਦੇ ਗ੍ਰਹਿ ਨਜ਼ਦੀਕ ਬਿਕਰਮਜੀਤ ਸਿੰਘ ਖਾਲਸਾ ਦੇ ਦਫਤਰ ਦਾ ਉਦਘਾਟਨ ਕੀਤਾ ਗਿਆ। ਅਕਾਲੀ ਆਗੂ ਦਵਿੰਦਰ ਸਿੰਘ ਬਬੇਜਾ ਅਤੇ ਦਲਜੀਤ ਸਿੰਘ ਗਿੱਲ ਨੇ ਦਫਤਰ ਦੇ ਉਦਘਾਟਨ ਮੌਕੇ ਪੁੱਜੇ ਦਰਜਾ ਦਰਜਾ ਆਗੂਆਂ ਅਤੇ ਅਕਾਲੀ ਵਰਕਰਾਂ ਦਾ ਵੱਡੀ ਗਿਣਤੀ ਵਿੱਚ ਪੁੱਜਣ ਤੇ ਹਾਰਦਿਕ ਸਵਾਗਤ ਕਰਦਿਆਂ ਧੰਨਵਾਦ ਪ੍ਰਗਟ ਕੀਤਾ ਕਿ ਉਹ ਨਿੱਕੇ ਜਿਹੇ ਸੱਦੇ ਤੇ ਇੰਨੀ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਹਨ। ਦਵਿੰਦਰ ਸਿੰਘ ਬਵੇਜਾ ਨੇ ਕਿਹਾ ਕਿ ਜਿਸ ਸਮੇਂ ਦਲਜੀਤ ਸਿੰਘ ਗਿੱਲ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਸਨ ਉਸ ਵੇਲੇ ਹੀ ਮਾਛੀਵਾੜਾ ਦੇ ਵਿਕਾਸ ਲਈ ਵੱਡੇ ਕਾਰਜ ਹੋਏ ਹਨ ।ਉਸ ਤੋਂ ਬਾਅਦ ਭਾਵੇਂ ਆਮ ਆਦਮੀ ਪਾਰਟੀ ਹੋਵੇ ਜਾਂ ਕਾਂਗਰਸ ਨੇ ਵੀ ਕੁਝ ਸਮਾਂ ਨਗਰ ਕੌਂਸਲ ਦਾ ਕਾਰਜਕਾਲ ਸਾਂਭਿਆ ਪਰ ਵਿਕਾਸ ਕਾਰਜ ਜਿਉਂ ਦੇ ਤਿਉਂ ਠੱਪ ਪਏ ਹਨ। ਸ਼ਹਿਰ ਦੇ ਵਿੱਚ ਨਵੀਆਂ ਮਾਰਕੀਟਾਂ ਬਣਾਉਣ ਤੋਂ ਲੈ ਕੇ ਇੰਟਰਲੌਕ ਲਾਉਣ ਤੱਕ ਸਾਰੇ ਕੰਮ ਸ਼੍ਰੋਮਣੀ ਅਕਾਲੀ ਦਲ ਦੇ



ਸਮੇਂ ਹੀ ਸੰਭਵ ਹੋਏ ਹਨ। ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਨੇ ਅਕਾਲੀ ਦਲ ਸਰਕਾਰ ਸਮੇਂ ਵੇਟ ਖੇਤਰ ਦੇ ਪਿੰਡਾਂ ਵਿੱਚ ਬਣੀਆਂ ਮੰਡੀਆਂ, ਧਰਮਸ਼ਾਲਾਵਾਂ, ਸੜਕਾਂ ,ਪੁਲ ਆਦਿ ਦਾ ਜ਼ਿਕਰ ਕਰਦਿਆਂ ਆਟਾ ਦਾਲ ਸਕੀਮ ਦੀ ਸ਼ੁਰੂਆਤ ਕਰਨ ਤੋਂ ਲੈ ਕੇ ਬਿਜਲੀ ਦੀਆਂ ਫਰੀ ਯੂਨਿਟਾਂ ਤੱਕ ਦੇਣ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਸਹੂਲਤਾਂ ਨੂੰ ਹੀ ਮੌਜੂਦਾ ਸਰਕਾਰਾਂ ਅੱਗੇ ਤੋਰ ਰਹੀਆਂ ਹਨ। ਸੀਨੀਅਰ ਅਕਾਲੀ ਆਗੂ ਮਾਸਟਰ ਉਜਾਗਰ ਸਿੰਘ ਬੈਨੀਪਾਲ ਨੇ ਕਿਹਾ ਕਿ ਬਿਕਰਮਜੀਤ ਸਿੰਘ ਖਾਲਸਾ ਜਿਨਾਂ ਦੇ ਪਿਤਾ ਬਸੰਤ ਸਿੰਘ ਐਮ.ਪੀ. ਰਹਿ ਚੁੱਕੇ ਹਨ, ਇੱਕ ਪੜ੍ਹੇ ਲਿਖੇ, ਉਦਮੀ ਨੌਜਵਾਨ, ਅਗਾਂਹ ਵਧੂ ਸੋਚ ਦੇ ਧਾਰਨੀ ਹਨ ।ਇਸ ਲਈ ਆਓ ਸਾਰੇ ਰਲ ਕੇ ਉਹਨਾਂ ਦਾ ਸਾਥ ਦੇਈਏ ਤੇ ਇਸ ਵਾਰ ਫਤਿਹਗੜ੍ਹ ਸਾਹਿਬ ਤੋਂ ਉਹਨਾਂ ਨੂੰ ਮੈਂਬਰ ਪਾਰਲੀਮੈਂਟ ਬਣਾ ਕੇ ਹਲਕੇ ਦੇ ਵਿਕਾਸ ਕਾਰਜਾਂ ਲਈ ਦਿੱਲੀ ਭੇਜੀਏ। ਮੈਂਬਰ ਸਲਾਹਕਾਰ ਬੋਰਡ ਸੰਤਾ ਸਿੰਘ ਉਮੈਦਪੁਰ ਨੇ ਆਪਣੇ ਸੰਬੋਧਨ ਵਿੱਚ ਵਿਰੋਧੀਆਂ ਤੇ ਚੰਗੇ ਤੰਜ ਕੱਸੇ। ਉਹਨਾਂ ਕਿਹਾ ਕਿ ਸਰਕਾਰਾਂ ਚੁਟਕਲਿਆਂ ਨਾਲ ਨਹੀਂ ਚੱਲਦੀਆਂ ਸਰਕਾਰਾਂ ਚਲਾਉਣ ਦੇ ਲਈ ਸੁਹਿਰਦ ਅਤੇ ਪੜ੍ਹੇ ਲਿਖੇ ਮੈਂਬਰਾਂ ਦੀ ਇੱਕ ਵਧੀਆ ਤੇ ਨਰੋਈ ਸੋਚ ਵਾਲੀ ਟੀਮ ਹੁੰਦੀ ਹੈ ਜੋ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੋਇਆ ਕਰਦੀ ਸੀ। ਲੋਕ ਮੌਜੂਦਾ ਸਰਕਾਰ ਦੀਆਂ ਝੂਠੀਆਂ ਗੱਲਾਂ ਅਤੇ ਫੋਕੇ ਵਾਅਦਿਆਂ ਵਿੱਚ ਨਹੀਂ ਆਉਣਗੇ ਕਿਉਂਕਿ ਪੰਜਾਬ ਦੇ ਲੋਕਾਂ ਨੇ 92 ਵਿਧਾਇਕ ਬਣਾ ਕੇ ਆਪ ਦੀ ਸਰਕਾਰ ਨੂੰ ਦਿੱਤੇ ਜਿਨਾਂ ਢਾਈ ਸਾਲਾਂ ਦੇ ਸਮੇਂ ਦੌਰਾਨ ਪੰਜਾਬ ਦੇ ਵਿਕਾਸ ਕਾਰਜਾਂ ਦਾ ਡੱਕਾ ਨਹੀਂ ਤੋੜਿਆ ਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤਤਪਰ ਹਨ ਜੋ ਆਉਣ ਵਾਲੇ ਸਮੇਂ ਵਿੱਚ ਲੋਕ ਇਹਨਾਂ ਦਾ ਤਖਤਾ ਪਲਟ ਦੇਣਗੇ। ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਦਲਜੀਤ ਸਿੰਘ ਗਿੱਲ ਅਤੇ ਦਵਿੰਦਰ ਸਿੰਘ ਬਵੇਜਾ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਵੱਡੀ ਗਿਣਤੀ ਵਿੱਚ ਇਕੱਠ ਕਰਕੇ ਦਰਸਾ ਦਿੱਤਾ ਹੈ ਕਿ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਪਿਆਰ ਕਰ ਰਹੇ ਹਨ ਅਤੇ ਵੱਡਾ ਇਕੱਠ ਅਕਾਲੀ ਦਲ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਦੀ ਜਿੱਤ ਯਕੀਨੀ ਬਣਾ ਰਿਹਾ ਹੈ। ਤੇ ਲੋਕਾਂ ਦਾ ਵੱਡਾ ਇਕੱਠ ਬਿਕਰਮਜੀਤ ਸਿੰਘ ਖਾਲਸਾ ਦੀ ਜਿੱਤ ਯਕੀਨੀ ਬਣਾ ਰਿਹਾ ਹੈ। ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੇ ਇਕੱਠ ਵਿੱਚ ਮੌਜੂਦ ਸਭ ਆਗੂਆਂ ਤੇ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਨੂੰ ਹਲਕੇ ਵਿੱਚੋਂ ਮਿਲ ਰਹੇ ਪਿਆਰ ਦੇ ਉਹ ਸਦਾ ਰਿਣੀ ਰਹਿਣਗੇ ਅਤੇ ਹਲਕੇ ਦੇ ਵਿਕਾਸ ਲਈ ਉਹ ਕੋਈ ਕਸਰ ਬਾਕੀ ਨਹੀਂ ਛੱਡਣਗੇ ਤੇ ਹਰ ਸਮੇਂ ਆਗੂਆਂ ਦੇ ਵਰਕਰਾਂ ਦੇ ਲਈ ਤਿਆਰ ਬਰ ਤਿਆਰ ਰਹਿਣਗੇ।

# ਅੱਗ ਵਰ੍ਹਾਊ ਗਰਮੀ ਦੌਰਾਨ ਪੰਜਾਬ ਦੇ ਸਕੂਲਾਂ 'ਚ ਛੁੱਟੀਆਂ ਦਾ ਐਲਾਨ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਵੇਲੇ ਭਿਆਨਕ ਗਰਮੀ ਪੈਣ ਕਾਰਨ ਲੋਕ ਹਾਲੋਂ-ਬੇਹਾਲ ਦਿਖਾਈ ਦੇ ਰਹੀ ਹਨ। ਇਸੇ ਦਰਮਿਆਨ ਪੰਜਾਬ ਦੇ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਨੂੰ ਲੈ ਕੇ ਅਹਿਮ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਸਿੱਖਿਆ ਵਿਭਾਗ ਪੰਜਾਬ ਵਲੋਂ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕਰ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਸਰਕਾਰੀ, ਨਿੱਜੀ ਅਤੇ ਮਾਨਤਾ ਪ੍ਰਾਪਤ ਸਕੂਲਾਂ 'ਚ ਆਉਣ ਵਾਲੀ 1 ਜੂਨ ਤੋਂ ਲੈ ਕੇ 30 ਜੂਨ ਤੱਕ ਛੁੱਟੀਆਂ ਰਹਿਣਗੀਆਂ।

ਦੱਸਿਆ ਜਾ ਰਿਹਾ ਹੈ ਕਿ ਇਹ ਹੁਕਮ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਮਨਜ਼ੂਰੀ ਤੋਂ ਬਾਅਦ ਜਾਰੀ ਕੀਤੇ ਗਏ ਹਨ। ਦੱਸਣਯੋਗ ਹੈ ਕਿ ਇਸ ਸਮੇਂ ਕਹਿਰ ਦੀ ਗਰਮੀ ਪੈ ਰਹੀ ਹੈ, ਜਿਸ ਕਾਰਨ ਦੇਸ਼ ਦੇ ਕਈ ਸੂਬਿਆਂ 'ਚ ਤਾਂ ਪਹਿਲਾਂ ਹੀ ਸਕੂਲਾਂ 'ਚ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ।

ਪੰਜਾਬ ਦੀ ਗੱਲ ਕਰੀਏ ਤਾਂ ਮੌਸਮ ਵਿਭਾਗ ਵਲੋਂ ਆਉਣ ਵਾਲੇ ਦਿਨਾਂ 'ਚ ਹੀਟ ਵੇਵ ਚੱਲਣ ਨੂੰ ਲੈ ਕੇ ਜਿੱਥੇ ਅਲਰਟ ਜਾਰੀ ਕੀਤਾ ਗਿਆ ਹੈ, ਉੱਥੇ ਹੀ ਲੋਕਾਂ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਛੋਟੇ ਬੱਚਿਆਂ, ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਲਈ ਘਰੋਂ ਬਾਹਰ ਨਾ ਨਿਕਲਣ ਦੀ ਐਡਵਾਈਜ਼ਰੀ ਵੀ ਜਾਰੀ ਕੀਤੀ ਹੋਈ ਹੈ।

ਇਸ ਲਈ ਸਿੱਖਿਆ ਵਿਭਾਗ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਨੂੰ 1 ਜੂਨ ਤੋਂ ਗਰਮੀ ਦੀਆਂ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ।

# ਸੋਨੀਪਤ ਵਿਚਲੀ ਫੈਕਟਰੀ ਦਾ ਬੁਆਇਲਰ ਫਟਣ ਕਾਰਨ 2 ਮੌਤਾਂ ਤੇ 25 ਜ਼ਖ਼ਮੀ



**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸੋਨੀਪਤ ਵਿਚਲ ਫੈਕਟਰੀ ਦਾ ਬੁਆਇਲਰ ਫਟਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ 25 ਜ਼ਖ਼ਮੀ ਹੋ ਗਏ। ਇਹ ਘਟਨਾ ਸੋਨੀਪਤ ਦੇ ਕੁੰਡਲੀ ਕਸਬੇ 'ਚ ਬੁੱਧਵਾਰ ਰਾਤ ਨੂੰ ਵਾਪਰੀ।

ਕੁੰਡਲੀ ਨਗਰ ਥਾਣਾ ਇੰਚਾਰਜ ਦੇਵੇਂਦਰ ਸਿੰਘ ਨੇ ਦੱਸਿਆ, 'ਸਾਨੂੰ ਘਟਨਾ ਵਾਲੀ ਥਾਂ ਤੋਂ ਦੋ ਲਾਸ਼ਾਂ ਮਿਲੀਆਂ ਹਨ। ਧਮਾਕੇ 'ਚ 25 ਵਿਅਕਤੀ ਜ਼ਖਮੀ ਹੋਏ ਹਨ। ਬੁਆਇਲਰ ਫਟਣ ਨਾਲ ਹੋਏ ਧਮਾਕੇ ਕਾਰਨ ਨੇੜਲੀ ਇਮਾਰਤ ਨੂੰ ਵੀ ਨੁਕਸਾਨ ਪਹੁੰਚਿਆ ਹੈ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਅੱਜ ਦੂਜੇ ਫੇਸਬੁੱਕ ਲਾਈਵ ਦੌਰਾਨ ਲੋਕਾਂ ਨਾਲ ਕਰਨਗੇ ਰਾਬਤਾ

**ਚੰਡੀਗੜ੍ਹ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਮਹੀਨੇ ਪਹਿਲੇ ਫੇਸਬੁੱਕ ਲਾਈਵ ਪ੍ਰੋਗਰਾਮ ਦੀ ਸਫ਼ਲਤਾ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ 17 ਮਈ ਨੂੰ ਸਵੇਰੇ 11:00 ਤੋਂ 11:30 ਵਜੇ ਤੱਕ 'ਟਾਕ ਟੂ ਯੂਅਰ ਸੀ.ਈ.ਓ. ਪੰਜਾਬ' ਦੇ ਬੈਨਰ ਹੇਠ ਦੂਜਾ ਫੇਸਬੁੱਕ ਲਾਈਵ ਸੈਸ਼ਨ ਕੀਤਾ ਜਾਵੇਗਾ, ਜਿਸ ਦੌਰਾਨ ਉਹ ਲੋਕ ਸਭਾ ਚੋਣਾਂ 2024 ਨਾਲ ਸਬੰਧਤ ਵੋਟਰਾਂ ਦੇ ਸਵਾਲਾਂ ਦੇ ਜਵਾਬ ਦੇਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਇੱਕੋ ਇੱਕ ਉਦੇਸ਼ ਵੋਟਰਾਂ ਦਰਮਿਆਨ ਜਾਗਰੂਕਤਾ ਫੈਲਾਉਣਾ ਅਤੇ ਚੋਣ ਪ੍ਰਕਿਰਿਆ ਨਾਲ ਸਬੰਧਤ ਉਨ੍ਹਾਂ ਦੇ ਸ਼ੰਕਿਆਂ ਨੂੰ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ÷ਇਸ



ਵਾਰ 70 ਪਾਰ÷ ਦੇ ਟੀਚੇ ਦੀ ਪ੍ਰਾਪਤੀ ਅਤੇ ਸੂਬੇ ਵਿੱਚ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਦਫ਼ਤਰ, ਮੁੱਖ ਚੋਣ ਅਫ਼ਸਰ ਵੱਲੋਂ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਇਹ ਸੈਸ਼ਨ ਉਸੇ ਦਾ ਹੀ ਹਿੱਸਾ ਹੈ।

ਮੁੱਖ ਚੋਣ ਅਧਿਕਾਰੀ ਨੇ ਅੱਗੇ ਕਿਹਾ ਕਿ ਉਹ ਅਧਿਕਾਰਤ ਫੇਸਬੁੱਕ ਪੇਜ TheCeoPunjab 'ਤੇ ਲਾਈਵ ਹੋ ਕੇ ਚੋਣ ਪ੍ਰਕਿਰਿਆ ਨਾਲ ਸਬੰਧਤ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣਗੇ। ਉਨ੍ਹਾਂ ਅੱਗੇ ਕਿਹਾ ਕਿ ਇਸ ਲਾਈਵ ਸੈਸ਼ਨ ਦੌਰਾਨ ਕੋਈ ਵੀ ਵਿਅਕਤੀ ਸਵਾਲ ਪੁੱਛ ਸਕਦਾ ਹੈ ਅਤੇ ਪੋਸਟ 'ਤੇ ਕੁਮੈਂਟ ਕਰਕੇ ਆਪਣਾ ਫੀਡਬੈਕ ਅਤੇ ਸੁਝਾਅ ਵੀ ਦੇ ਸਕਦਾ ਹੈ।

ਸਿਬਿਨ ਸੀ ਨੇ ਕਿਹਾ ਕਿ ਉਹ ਪਿਛਲੇ ਸੈਸ਼ਨ ਦੀ ਤਰ੍ਹਾਂ ਇਸ ਵਾਰ ਵੀ ਵੋਟਰਾਂ ਦੇ ਸਵਾਲਾਂ ਦਾ ਮੌਕੇ 'ਤੇ ਹੀ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਆਪਣੇ ਸਵਾਲ ਜਾਂ ਸੁਝਾਅ 17 ਮਈ (ਸਵੇਰੇ 11 ਵਜੇ) ਤੋਂ ਪਹਿਲਾਂ ਸੀ.ਈ.ਓ. ਪੰਜਾਬ ਦੇ ਫੇਸਬੁੱਕ, ਇੰਸਟਾਗ੍ਰਾਮ ਜਾਂ ਐਕਸ ਹੈਂਡਲਾਂ ਜ਼ਰੀਏ ਵੀ ਭੇਜੇ ਜਾ ਸਕਦੇ ਹਨ।

# ਖੇਤੀਬਾੜੀ ਅਫ਼ਸਰ ਦੋਰਾਹਾ ਦੇ ਗੈਰ ਕਾਨੂੰਨੀ ਢੰਗ ਨਾਲ ਧਰਨੇ 'ਚ ਬੈਠਣ ਕਰਕੇ ਛਿੜਿਆ ਵਿਵਾਦ

## ਜ਼ਿਲ੍ਹਾ ਸਮਾਜਿਕ ਅਫਸਰ ਵਲੋਂ ਕੀਤੀ ਗਈ ਸੀ ਸ਼ਿਕਾਇਤ

**ਪਾਤੜਾਂ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਵਿਖੇ ਚੱਲ ਰਹੇ ਇਕ ਪੱਕੇ ਮੁਲਾਜ਼ਮ ਮੋਰਚੇ ਚ ਆਪਣੀ ਸਰਕਾਰੀ ਡਿਊਟੀ ਦੌਰਾਨ ਹਾਜ਼ਰੀ ਭਰਨ ਨੂੰ ਲੈ ਕੇ ਖੇਤੀਬਾੜੀ ਅਫ਼ਸਰ ਦੋਰਾਹਾ ਵਿਵਾਦਾਂ ਚ ਘਿਰਦੇ ਜਾ ਰਹੇ ਹਨ ਅਤੇ ਇਸ ਮਾਮਲੇ ਨੂੰ ਉਜਾਗਰ ਕਰਨ ਵਾਲੇ ਜ਼ਿਲ੍ਹਾ ਸਮਾਜਿਕ ਨਿਆਂ ਅਫਸਰ ਨੂੰ ਉਕਤ ਖੇਤੀਬਾੜੀ ਅਫ਼ਸਰ ਵਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਜਿਸ ਕਰਕੇ ਸਮਾਜਿਕ ਨਿਆਂ ਅਫਸਰ ਨੇ ਉਚ ਅਧਿਕਾਰੀਆਂ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਰਵਿੰਦਰਪਾਲ ਸਿੰਘ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤ ਅਫਸਰ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਨੇ ਉਚ ਅਧਿਕਾਰੀਆਂ ਨੂੰ ਲਿਖਤ ਤੌਰ ਤੇ ਦਿੱਤੀ ਗਈ ਸ਼ਿਕਾਇਤ ਚ ਦੱਸਿਆ ਹੈ ਕਿ ਮੇਰੀ ਡਿਊਟੀ ਆਪ ਜੀ ਦੇ ਦਫਤਰ ਵਿੱਚ ਵਾਧੂ ਚਾਰਜ ਵਜੋਂ ਪੋਸਟ ਮੈਟ੍ਰਿਕ ਸਕੀਮ ਅਤੇ ਬਤੌਰ ਪੀ. ਆਈ.ਓ. (ਆਰ. ਟੀ.




ਆਈ.) ਵਜੋਂ ਵੀ ਲੱਗੀ ਹੋਈ ਹੈ। ਅਤੇ 13-07-2023 ਦੁਪਹਿਰ 12:30 ਦੇ ਕਰੀਬ ਸਰਕਾਰੀ ਕੰਮ ਕਰਨ ਲਈ ਆਇਆ ਸੀ। ਜਦੋਂ ਮੈਂ ਦਫਤਰ ਦੀਆਂ ਪੌੜੀਆਂ ਚੜਨ ਵੱਲ ਜਾ ਰਿਹਾ ਸੀ ਤਾਂ ਦਫਤਰ ਦੇ ਅੱਗੇ ਧਰਨਕਾਰੀਆਂ ਵਲੋਂ ਉਚੀ ਉਚੀ ਅਵਾਜਾਂ ਵਿੱਚ ਨਾਅਰੇ ਲਗਾਏ ਜਾ ਰਹੇ ਸਨ। ਜਦੋਂ ਮੈਂ ਰੁੱਕ ਕੇ ਇਹ ਨਾਅਰੇ ਸੁਣਨ ਲਗਿਆ ਤਾਂ ਮੁੱਖ ਤੌਰ ਤੇ ਰਾਮ ਸਿੰਘ ਪੋਲ ਅਤੇ ਹੋਰ ਵਿਅਕਤੀਆਂ ਵਲੋਂ ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ, ਕੈਬਨਟ ਮੰਤਰੀ ਡਾ. ਬਲਜੀਤ ਕੌਰ, ਵਧੀਕ ਮੁੱਖ ਸਕੱਤਰ ਅਤੇ ਡਾਇਰੈਕਟਰ ਸ. ਜਸਪ੍ਰੀਤ ਸਿੰਘ ਆਈ.ਏ.ਐਸ. ਸਮਾਜਿਕ ਨਿਆਂ ਅਧਿਕਾਰਤ ਅਤੇ ਘੱਟ ਗਿਣਤੀ ਵਿਰੁੱਧ ਨਾਮ ਲੈ ਕੇ ਬਹੁਤ ਹੀ ਮੰਦੀ ਸ਼ਬਦਾਵਲੀ ਵਿੱਚ ਕਥਿਤ ਤੌਰ ਤੇ ਨਾਅਰੇ ਲਗਾਏ ਜਾ ਰਹੇ ਸਨ। ਜਿਨਾ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਰਾਮ ਸਿੰਘ ਪੋਲ ਵੀ ਸ਼ਾਮਲ ਸੀ । ਜਿਸ ਦੀਆਂ ਮੈ ਆਪਣੇ ਮੋਬਾਇਲ ਵਿੱਚ ਤਸਵੀਰਾਂ ਲੈ ਲਈਆਂ, ਤਾਂ ਜੋ ਇਸ ਸਬੰਧੀ ਆਪਣੇ ਉੱਚ ਅਧਿਕੀਆਂ ਅਤੇ ਰਾਮ ਸਿੰਘ ਦੇ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਰਕਾਰ ਨੂੰ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰੀ ਅਧਿਕਾਰੀ ਇਹੋ ਜਿਹੀ ਗੈਰ ਕਾਨੂੰਨੀ ਗਤੀਵਿਧੀ ਵਿੱਚ ਭਾਗ ਨਹੀਂ ਲੈ ਸਕਦਾ ਸਗੋਂ ਸਰਕਾਰੀ ਅਧਿਕਾਰੀਆਂ ਵਲੋਂ ਸਰਕਾਰ ਦੀ ਨੀਤੀਆਂ ਬਾਰੇ ਲੋਕਾਂ ਵਿੱਚ ਚੰਗਾਂ ਪ੍ਰਚਾਰ ਕਰਨਾ ਹੁੰਦਾ ਹੈ ਨਾ ਕਿ ਸਰਕਾਰ ਦੀ ਨਿਖੇਧੀ ਕਰਨੀ ਹੁੰਦੀ ਹੈ, ਕਿਉਂਕਿ ਇਹ ਅਧਿਕਾਰੀ ਸਰਕਾਰ ਤੋਂ ਤਨਖਾਹ ਲੈਂਦਾ ਹੈ।ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਮੈਂ ਪਿਛਲੀ ਪੌੜੀਆਂ ਤੋਂ ਦਫਤਰ ਤੋਂ ਬਾਹਰ ਨਿਕਲ ਕੇ ਆਪਣੀ ਗੱਡੀ ਵੱਲ ਚਲਿਆ ਤਾਂ ਰਾਮ ਸਿੰਘ ਪੋਲ ਅਤੇ ਇਸ ਦੇ ਅਣਪਛਾਤੇ ਸਾਥੀਆਂ ਵਲੋਂ ਮੇਰੀ ਗੱਡੀ ਤੱਕ ਮਾਰਨ ਲਈ ਪਿੱਛਾ ਕੀਤਾ ਅਤੇ ਉੱਚੀ ਉੱਚੀ ਅਵਾਜਾਂ ਵਿੱਚ ਲਲਕਾਰੇ ਮਾਰੇ ਕਿ ਤੈਨੂੰ ਅੱਜ ਮਾਰ ਕੇ ਸਬਕ ਸਿੱਖਾ ਦੇਣਾ ਹੈ।

ਅਜਿਹੀਆਂ ਧਮਕੀਆਂ ਦੇਣ ਕਰਕੇ ਰਾਮ ਸਿੰਘ ਪੋਲ ਖੇਤੀਬਾੜੀ ਅਫਸਰ ਦੋਰਾਹਾ ਅਤੇ ਇਸ ਤੇ ਅਣਪਛਾਤੇ ਸਾਥੀਆਂ ਵਿਰੁੱਧ ਕਾਤਲਾਨਾ ਹਮਲਾ ਕਰਨ ਅਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦਾ ਮਾਮਲਾ ਦਰਜ ਕਰਕੇ ਮੈਨੂੰ ਇਨਸਾਫ਼ ਦਿਵਾਇਆ ਜਾਵੇ। ਜਦੋਂ ਇਸ ਮਾਮਲੇ ਸਬੰਧੀ ਖੇਤੀਬਾੜੀ ਅਫ਼ਸਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਸਿਵਲ ਸਰਜਨ ਵਲੋਂ ਲੂੰ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਦੀ ਅਪੀਲ

**ਮੁਹਾਲੀ, 17 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਅਤੇ ਲੂੰ ਦੇ ਮੌਸਮ ਵਿੱਚ ਹੋਣ ਵਾਲੀਆਂ ਆਮ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ ਕਮਰਕੱਸ ਲਈ ਹੈ।

ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਅਤੇ ਲੂੰ ਦੇ ਮੌਸਮ ਵਿਚ ਸੰਭਾਵੀ ਸਿਹਤ ਖਤਰਿਆਂ ਨਾਲ ਨਜਿੱਠਣ ਲਈ ਢੁੱਕਵੇਂ ਪ੍ਰਬੰਧ ਪਹਿਲਾਂ ਹੀ ਕਰ ਲਏ ਸਨ ਤਾਂ ਜੋ ਪ੍ਰਭਾਵਿਤ ਲੋਕਾਂ ਲਈ ਤੁਰੰਤ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਗਰਮੀ ਨਾਲ ਸਬੰਧਤ ਸਿਹਤ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ ਬੈੱਡ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ, ਮੈਡੀਕਲ ਅਫਸਰਾਂ ਦੀ ਅਜਿਹੇ ਕੇਸਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਲਈ ਸਮਰੱਥਾ ਨਿਰਮਾਣ ਵਿੱਚ ਵਾਧਾ ਕੀਤਾ ਗਿਆ ਹੈ। ਸਰਕਾਰੀ ਹਸਪਤਾਲਾਂ ਵਿੱਚ ਢੁੱਕਵੀਂ ਮਾਤਰਾ ਵਿੱਚ ਓ.ਆਰ.ਐਸ. ਪੈਕੇਟ ਦੀ ਸਪਲਾਈ ਸਮੇਤ ਲੋੜੀਂਦੀਆਂ ਦਵਾਈਆਂ ਉਪਲੱਬਧ ਹਨ।

ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਮੋਟਾਪੇ ਤੋਂ ਪੀੜਤ ਲੋਕਾਂ, ਬਿਰਧਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਵਧੇਰੇ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਗਰਮੀ ਤੋਂ ਬਚਣ ਲਈ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਧੁੱਪ ਵਿੱਚ ਨਾ ਨਿਕਲਿਆ ਜਾਵੇ, ਹਰ ਅੱਧੇ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਹਰ ਜਾਣ ਸਮੇਂ ਹਲਕੇ ਰੰਗ ਦੇ ਪੂਰੇ ਸਰੀਰ ਨੂੰ ਢਕਣ ਵਾਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ, ਆਪਣੇ ਸਿਰ ਨੂੰ ਸਿੱਧੀ ਧੁੱਪ ਤੋਂ ਢੱਕਣ ਲਈ ਛੱਤਰੀ, ਟੋਪੀ, ਤੌਲੀਏ ਜਾਂ ਦੁਪੱਟੇ ਦੀ ਵਰਤੋਂ ਕੀਤੀ ਜਾਵੇ ਅਤੇ ਨੰਗੇ ਪੈਰ ਧੁੱਪ ਵਿੱਚ ਨਾ ਜਾਇਆ ਜਾਵੇ। ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਸਰਤ ਹੌਲੀ ਹੌਲੀ ਸ਼ੁਰੂ ਕਰੋ ਅਤੇ ਹੌਲੀ ਹੌਲੀ ਵਧਾਓ ਤਾਂ ਕਿ ਸਰੀਰ ਦੇ ਤਾਪਮਾਨ ਦੇ ਅਨੁਕੂਲ ਹੋਵੇ। ਸਿਗਰਟ, ਤੰਬਾਕੂ, ਬੀੜੀ ਅਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਚਾਹ, ਕੌਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਤਲੇ, ਬਾਹਰਲੇ ਅਤੇ ਬਾਸੀ ਖਾਣੇ ਤੋਂ ਪ੍ਰਹੇਜ ਕੀਤਾ ਜਾਵੇ।

ਡਾ ਦਵਿੰਦਰ ਕੁਮਾਰ ਨੇ ਜ਼ਿਲ੍ਹਾ ਵਾਸੀਆਂ ਨੂੰ ਸਿਹਤ ਵਿਭਾਗ ਦੁਆਰਾ ਦੱਸੀਆਂ ਗਈਆਂ ਲੋੜੀਂਦੀਆਂ ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਗਰਮੀ ਲੱਗਣ ਦੇ ਖ਼ਦਸ਼ਿਆਂ ਦੇ ਚੱਲਦਿਆਂ ਤੇਜ਼ ਬੁਖਾਰ ਹੋਣ ਦੀ ਸੂਰਤ ਵਿੱਚ ਆਮ ਦਵਾਈਆਂ ਦਾ ਪ੍ਰਯੋਗ ਨਾ ਕੀਤਾ ਜਾਵੇ ਅਤੇ ਵਿਅਕਤੀ ਨੂੰ ਜਿੰਨੀ ਜਲਦੀ ਹੋ ਸਕੇ, ਨੇੜਲੇ ਹਸਪਤਾਲ ਲਿਜਾ ਕੇ ਮਾਹਰ ਡਾਕਟਰਾਂ ਕੋਲੋਂ ਉੱਚਿਤ ਇਲਾਜ ਸ਼ੁਰੂ ਕਰਵਾਇਆ ਜਾਵੇ।

## ਟਿਕਟ ਕੱਟਣ ਤੋਂ ਬਾਅਦ ਬੈਂਸ ਭਰਾਵਾਂ ਨੂੰ ਸ਼ਾਮਲ ਕਰ ਕੇ ਕਾਂਗਰਸ ਨੇ ਵਧਾਈ ਆਸ਼ੂ ਦੀ ਨਾਰਾਜ਼ਗੀ

ਲੁਧਿਆਣਾ 17 ਮਈ। ਲੋਕ ਸਭਾ ਚੋਣ ਦੌਰਾਨ ਟਿਕਟ ਕੱਟਣ ਤੋਂ ਬਾਅਦ ਕਾਂਗਰਸ ਨੇ ਹੁਣ ਬੈਂਸ ਭਰਾਵਾਂ ਨੂੰ ਸ਼ਾਮਲ ਕਰ ਕੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਨਾਰਾਜ਼ਗੀ ਵਧਾ ਦਿੱਤੀ ਹੈ, ਜਿਸ ਦਾ ਸਬੂਤ ਆਸ਼ੂ ਵੱਲੋਂ ਸੋਮਵਾਰ ਨੂੰ ਪੰਜਾਬ ਦੇ ਪ੍ਰਧਾਨ ਰਾਜਾ ਵੜਿੰਗ ਦੇ ਨਾਮਜਦਗੀ ਦਾਖਲ ਕਰਨ ਤੋਂ ਦੂਰੀ ਬਣਾਉਣ ਦੇ ਰੂਪ 'ਚ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਰਵਨੀਤ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਵੱਲੋਂ ਹੋਰ ਦਾਅਵੇਦਾਰਾ ਦੇ ਮੁਕਾਬਲੇ ਆਸ਼ੂ ਨੂੰ ਲੋਕ ਸਭਾ



ਚੋਣ ਲੜਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਸੀ, ਜਿਸ ਦੇ ਆਧਾਰ 'ਤੇ ਆਸ਼ੂ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸੀ ਪਰ ਇਕਦਮ ਪਾਰਟੀ ਵੱਲੋਂ ਬਿੱਟੂ ਦੇ ਮੁਕਾਬਲੇ 'ਚ ਵੱਡਾ ਚਿਹਰਾ ਉਤਾਰਨ ਦਾ ਹਵਾਲਾ ਦਿੰਦੇ ਹੋਏ ਰਾਜਾ ਵੜਿੰਗ ਨੂੰ ਉਮੀਦਵਾਰ ਬਣਾ ਕੇ ਭੇਜ ਦਿੱਤਾ ਗਿਆ। ਇਸ ਲਈ ਭਾਵੇਂ ਕਈ ਸਾਬਕਾ ਵਿਧਾਇਕਾਂ ਦੇ ਵਿਰੋਧ ਦੀ ਰਿਪੋਰਟ ਨੂੰ ਆਧਾਰ ਬਣਾਉਣ ਦੀ ਗੱਲ ਕਹੀ ਗਈ ਪਰ ਪਾਰਟੀ ਦੇ ਇਸ ਫੈਸਲੇ ਨੂੰ ਲੈ ਕੇ ਆਸ਼ੂ ਦੀ ਨਾਰਾਜ਼ਗੀ ਉਨ੍ਹਾਂ ਦੇ ਸਮਰਥਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਬਾਹਰੀ ਉਮੀਦਵਾਰ ਖ਼ਿਲਾਫ ਪਾਈਆਂ ਪੋਸਟਾਂ ਦੇ ਰੂਪ 'ਚ ਦੇਖਣ ਨੂੰ ਮਿਲੀ। ਭਾਵੇਂ ਹਾਈਕਮਾਨ ਦੇ ਦਬਾਅ 'ਚ ਆਸ਼ੂ ਨੇ ਭਾਰਤ ਨਗਰ ਚੌਂਕ ਵਿਚ ਰਾਜਾ ਵੜਿੰਗ ਦੇ ਸ਼ੋਅ ਦਾ ਸਵਾਗਤ ਤਾਂ ਕੀਤਾ ਪਰ ਉਹ ਸਮਰਾਲਾ ਚੌਂਕ ਵਿਚ ਹੋਈ ਸ਼ੁਰੂਆਤ ਨੂੰ ਲੈ ਕੇ ਜਗਰਾਓਂ ਵਿਚ ਹੋਏ ਅੰਤ ਤੱਕ ਸਾਥ ਨਹੀਂ ਰਹੇ ਅਤੇ ਇਸ ਤੋਂ ਬਾਅਦ ਵੀ ਉਨ੍ਹਾਂ ਦੀਆਂ ਗਤੀਵਿਧੀਆਂ ਸਿਰਫ ਹਲਕਾ ਵੈਸਟ ਤੱਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਇਸ ਦੌਰਾਨ ਕਾਂਗਰਸ ਵੱਲੋਂ ਐਤਵਾਰ ਨੂੰ ਬੈਂਸ ਭਰਾਵਾਂ ਨੂੰ ਸ਼ਾਮਲ ਕਰ ਲਿਆ ਗਿਆ ਹੈ, ਜਿਸ ਨੂੰ ਲੈ ਕੇ ਆਸ਼ੂ ਕਾਫੀ ਗੁੱਸੇ ਵਿਚ ਦੱਸੇ ਜਾ ਰਹੇ ਹਨ ਕਿਉਂਕਿ ਪਹਿਲਾਂ ਬੈਂਸ ਭਰਾ ਕਾਂਗਰਸ ਦੀ ਟਿਕਟ ਦੇ ਕਾਫੀ ਨੇੜੇ ਪੁੱਜ ਗਏ ਅਤੇ ਉਨ੍ਹਾਂ ਦਾ ਰਸਤਾ ਰੋਕਣ 'ਚ ਆਸ਼ੂ ਵੱਲੋਂ ਵੱਡੀ ਭੂਮਿਕਾ ਨਿਭਾਈ ਗਈ ਸੀ ਪਰ ਹੁਣ ਪਾਰਟੀ ਵੱਲੋਂ ਬੈਂਸ ਭਰਾਵਾਂ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਕਾਰਜਕਾਰੀ ਪ੍ਰਧਾਨ ਹੋਣ ਦੇ ਬਾਵਜੂਦ ਆਸ਼ੂ ਨੂੰ ਵਿਸਵਾਸ਼ ਵਿਚ ਨਹੀਂ ਲਿਆ ਗਿਆ।

# ਕੋਰੋਨਾ ਦੌਰਾਨ ਰੱਦ ਹੋਈ ਫਲਾਈਟ ਦੇ ਪੈਸੇ ਨਹੀਂ ਕੀਤੇ ਵਾਪਸ, ਟ੍ਰੈਵਲ ਕੰਪਨੀ ਨੂੰ ਲਾਇਆ ਹਰਜਾਨਾ

**ਕਿਸ਼ਨ ਪਾਲ**

ਚੰਡੀਗੜ੍ਹ 17 ਮਈ। ਕੋਵਿਡ ਦੌਰਾਨ ਰੱਦ ਹੋਈ ਉਡਾਣ ਦੀਆਂ ਟਿਕਟਾਂ ਦੇ ਪੈਸੇ ਵਾਪਸ ਨਾ ਕਰਨ 'ਤੇ ਖਪਤਕਾਰ ਕਮਿਸ਼ਨ ਨੇ ਟ੍ਰੈਵਲ ਕੰਪਨੀ ਈਜ਼ ਮਾਈ ਟਰਿੱਪ 'ਤੇ 20 ਹਜਾਰ ਰੁਪਏ ਦਾ ਹਰਜ਼ਾਨਾ ਲਗਾਇਆ ਹੈ। ਸ਼ਿਕਾਇਤਕਰਤਾ ਨੇ ਸਾਥੀਆਂ ਨਾਲ ਮਿਲ ਕੇ ਦਿੱਲੀ ਤੋਂ ਗੋਆ ਆਉਣ-ਜਾਣ ਲਈ 10 ਟਿਕਟਾਂ ਇਸ ਕੰਪਨੀ ਰਾਹੀਂ ਬੁੱਕ ਕਰਵਾਈਆਂ ਸਨ। ਕੋਵਿਡ ਕਾਰਨ ਫਲਾਈਟ ਰੱਦ ਹੋਣ 'ਤੇ ਏਅਰਲਾਈਨਜ਼ ਨੇ ਟਿਕਟ ਦੀ ਰਕਮ ਵਾਪਸ ਟਰਾਂਸਫਰ ਕਰ ਦਿੱਤੀ ਪਰ ਟ੍ਰੈਵਲ ਕੰਪਨੀ ਨੇ ਸਮੇਂ ਸਿਰ ਪੈਸੇ ਵਾਪਸ ਨਹੀਂ ਕੀਤੇ। ਇਸ 'ਤੇ ਕਮਿਸ਼ਨ ਨੇ ਕੰਪਨੀ 'ਤੇ ਹਰਜਾਨਾ ਲਾਇਆ ਹੈ। ਏਅਰਲਾਈਨ ਕੰਪਨੀ ਨੇ ਦਾਇਰ ਜਵਾਬ 'ਚ ਕਿਹਾ ਕਿ ਕੋਰੋਨਾ ਕਾਰਨ ਉਡਾਣ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। 1 ਅਪ੍ਰੈਲ, 2020 ਨੂੰ ਸ਼ਿਕਾਇਤਕਰਤਾ ਧਿਰ ਨੂੰ ਸੂਚਿਤ ਕਰਦਿਆਂ ਉਨ੍ਹਾਂ ਨੇ ਦੱਸਿਆ ਸੀ ਕਿ ਟਿਕਟ ਦੀ ਰਕਮ ਕੰਪਨੀ ਕੋਲ ਕ੍ਰੈਡਿਟ ਸ਼ੈੱਲ ਅਧੀਨ ਸੁਰੱਖਿਅਤ ਹੈ। ਸ਼ਿਕਾਇਤਕਰਤਾ ਨੇ ਜੂਨ 2020 'ਚ ਗਾਹਕ ਸੇਵਾ ਅਧਿਕਾਰੀ ਨਾਲ ਸੰਪਰਕ ਕੀਤਾ ਤੇ ਟਿਕਟ ਦੇ 40 ਹਜ਼ਾਰ 440 ਰੁਪਏ ਵਾਪਸ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ 14 ਜੂਨ, 2020 ਨੂੰ ਰਿਫੰਡ ਪ੍ਰਕਿਰਿਆ ਪੂਰੀ ਕਰ ਲਈ ਸੀ ਤੇ ਰਕਮ ਟ੍ਰੈਵਲ ਕੰਪਨੀ ਈਜ ਮਾਈ ਟਰਿੱਪ ਕੋਲ ਉਪਲੱਬਧ ਸੀ। ਇਸ ਲਈ ਸ਼ਿਕਾਇਤਕਰਤਾ ਨੂੰ ਕੁੱਝ ਵੀ ਅਦਾ ਕਰਨ ਲਈ ਜ਼ਿੰਮੇਵਾਰ ਨਹੀਂ ਹਨ। ਈਜ਼ ਮਾਈ ਟਰਿੱਪ ਨੇ ਜਵਾਬ 'ਚ ਕਿਹਾ ਕਿ ਇਹ ਸਿਰਫ ਸੇਵਾਵਾਂ ਪ੍ਰਦਾਨ ਕਰਨ ਦੀ ਸੁਵਿਧਾ ਹੈ। ਹਾਲਾਂਕਿ ਉਨ੍ਹਾਂ ਨੇ ਮੰਨਿਆ ਕਿ ਸ਼ਿਕਾਇਤਕਰਤਾ ਤੋਂ ਸਵੈ-ਸੇਵਾ



ਪੋਰਟਲ 'ਤੇ 6 ਨਵੰਬਰ 2021 ਨੂੰ ਰਿਫੰਡ ਦੀ ਬੇਨਤੀ ਪ੍ਰਾਪਤ ਹੋਈ ਸੀ। ਇਸ ਤੋਂ ਬਾਅਦ 11 ਨਵੰਬਰ 2021 ਨੂੰ ਈ. ਐੱਮ. ਟੀ. ਵਾਇਲਟ 'ਤੇ ਰਿਫੰਡ ਪ੍ਰਕਿਰਿਆ ਕੀਤੀ। ਇਸ ਤੋਂ ਇਲਾਵਾ ਉਸ ਨੇ ਸ਼ਿਕਾਇਤਕਰਤਾ ਨੂੰ ਪੂਰੀ ਰਕਮ ਬਿਨਾਂ ਕਟੌਤੀ ਵਾਪਸ ਕਰ ਦਿੱਤੀ ਹੈ। ਸੈਕਟਰ-44ਏ ਦੇ ਅਮਿਤ ਕੁਮਾਰ ਸ਼ਰਮਾ, ਮੋਹਾਲੀ ਦੇ ਜਗਦੀਪ ਸਿੰਘ, ਸੈਕਟਰ-28ਸੀ ਦੇ ਮਹੇਸ਼, ਬਠਿੰਡਾ ਦੇ ਸਵਰਨਜੀਤ ਸਿੰਘ ਤੇ ਸੈਕਟਰ-16ਏ ਦੇ ਟੀਕਾਰਾਮ ਭੁਸਾਲ ਨੇ ਜ਼ਿਲਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ 'ਚ ਏਅਰਲਾਈਨਜ਼ ਕੰਪਨੀ ਤੇ ਈਜ਼ ਮਾਈ ਟਰਿੱਪ ਖ਼ਿਲਾਫ਼ ਸ਼ਿਕਾਇਤ ਦਰਜ ਕੀਤੀ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਤੋਂ ਗੋਆ ਆਉਣ-ਜਾਣ ਲਈ ਕੁੱਲ 10 ਟਿਕਟਾਂ ਬੁੱਕ ਕੀਤੀਆਂ ਗਈਆਂ ਸਨ। 11 ਅਪ੍ਰੈਲ 2020 ਨੂੰ ਜਾਣ, 14 ਅਪ੍ਰੈਲ 2020 ਨੂੰ ਵਾਪਸੀ ਲਈ ਟਿਕਟਾਂ ਦੇ 42,690 ਰੁਪਏ ਦਾ ਭੁਗਤਾਨ ਕੀਤਾ ਗਿਆ। ਯਾਤਰਾ ਤੋਂ ਪਹਿਲਾਂ ਅਮਿਤ ਨੂੰ ਏਅਰਲਾਈਨ ਤੋਂ ਈਮੇਲ ਆਈ ਕਿ ਕੋਰੋਨਾ ਕਾਰਨ ਉਡਾਣਾਂ 14 ਅਪ੍ਰੈਲ 2020 ਤੱਕ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕੰਪਨੀ ਨੇ ਸੁਝਾਅ ਦਿੱਤਾ ਕਿ ਬੁਕਿੰਗ ਨੂੰ ਪੱਤਰ ਜਾਰੀ ਕਰਨ ਦੀ ਮਿਤੀ ਤੋਂ 1 ਸਾਲ ਲਈ ਕ੍ਰੈਡਿਟ ਸ਼ੈੱਲ ਵਜੋਂ ਸੁਰੱਖਿਅਤ ਕੀਤਾ ਜਾਵੇ। ਸ਼ਿਕਾਇਤਕਰਤਾ ਅਮਿਤ ਨੇ ਏਅਰਲਾਈਨ ਦੀ ਵੈੱਬਸਾਈਟ 'ਤੇ ਕਈ ਵਾਰ ਸੰਪਰਕ ਕੀਤਾ ਤੇ ਬੁਕਿੰਗ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸੇਵਾ 'ਚ ਲਾਪਰਵਾਹੀ ਦਾ ਦੋਸ਼ ਲਾਉਂਦਿਆਂ ਮੁਲਜ਼ਮ ਧਿਰ ਖ਼ਿਲਾਫ਼ ਕਮਿਸ਼ਨ ਵਿਚ ਕੇਸ ਦਰਜ ਕਰਵਾਇਆ।

## 'ਡੀਜਲ ਵਾਲੇ ਪਰੌਂਠੇ' ਦੀ ਵੀਡੀਓ ਵਾਇਰਲ ਹੋਣ ਮਗਰੋਂ ਕੈਮਰੇ ਮੂਹਰੇ ਆਇਆ ਢਾਬੇ ਦਾ ਮਾਲਕ, ਦੱਸੀ ਸਾਰੀ ਗੱਲ

ਚੰਡੀਗੜ੍ਹ 17 ਮਈ। ਕੁਝ ਦਿਨ ਤੋਂ ਚੰਡੀਗੜ੍ਹ ਦੇ ਇਕ ਢਾਬੇ ਦੀ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ ਜਿਸ ਵਿਚ ਇਕ ਵਿਅਕਤੀ ਕਹਿ ਰਿਹਾ ਹੈ ਕਿ ਇੱਥੇ 'ਡੀਜਲ ਪਰੌਂਠੇ' ਬਣਾਏ ਜਾਂਦੇ ਹਨ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ। ਇਸ ਮਗਰੋਂ ਹੁਣ ਉਕਤ ਢਾਬੇ ਦਾ ਮਾਲਕ ਕੈਮਰੇ ਮੂਹਰੇ ਆਇਆ ਹੈ। ਢਾਬੇ ਦੀ ਮਾਲਕ ਚੰਨੀ ਸਿੰਘ ਨੇ ਕਿਹਾ ਹੈ ਕਿ 'ਡੀਜਲ ਪਰੌਂਠੇ' ਜਿਹੀ ਕੋਈ ਚੀਜ ਨਹੀਂ ਹੈ। ਨਾ ਤਾਂ ਉਹ ਡੀਜਲ ਵਾਲੇ ਪਰੌਂਠੇ ਬਣਾਉਂਦੇ ਹਨ ਤੇ ਨਾ ਹੀ ਇੱਥੇ ਅਜਿਹੇ ਕੋਈ ਪਰੌਂਠੇ ਵੇਚੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਕ ਫੂਡ ਬਲਾਗਰ ਨੇ ਮਜਾਕ ਵਿਚ ਇਹ ਵੀਡੀਓ ਬਣਾਈ ਸੀ। ਉਸ ਨੇ ਸਿਰਫ ਇਸ ਨੂੰ 'ਡੀਜਲ ਪਰੌਂਠੇ' ਦਾ ਟਾਈਟਲ ਦਿੱਤਾ ਸੀ। ਇਹ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਕੋਈ ਵੀ ਨਾ ਤਾਂ ਕੋਈ ਡੀਜਲ ਨਾਲ ਪਰੌਂਠੇ ਬਣਾਵੇਗਾ ਤੇ ਨਾ ਹੀ ਕੋਈ ਅਜਿਹੇ ਪਰੌਂਠੇ ਖਾਵੇਗਾ। ਚੰਨੀ ਸਿੰਘ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਨਹੀਂ ਸੀ ਪਤਾ ਕਿ ਵੀਡੀਓ ਵਾਇਰਲ ਹੋ ਰਹੀ ਹੈ, ਮੈਨੂੰ ਬੀਤੇ ਦਿਨੀਂ ਹੀ ਇਸ ਦਾ ਪਤਾ ਲੱਗਿਆ। ਉਕਤ ਬਲਾਗਰ ਨੇ ਵੀ ਇਹ ਵੀਡੀਓ ਡਿਲੀਟ ਕਰ ਦਿੱਤੀ ਹੈ ਤੇ ਲੋਕਾਂ ਤੋਂ ਮੁਆਫੀ ਵੀ ਮੰਗ ਲਈ ਹੈ। ਉਨ੍ਹਾਂ ਕਿਹਾ ਕਿ ਅਸੀਂ ਇੱਥੋਂ ਲੰਗਰ ਵੀ ਸਪਲਾਈ ਕਰਦੇ ਹਾਂ, ਅਸੀਂ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਨਹੀਂ ਕਰ ਸਕਦੇ।

## ਪੰਜਾਬ 'ਚ ਯੈਲੋ ਅਲਰਟ, 41 ਡਿਗਰੀ ਤੋਂ ਪਾਰ ਪਹੁੰਚਿਆ ਪਾਰਾ

ਚੰਡੀਗੜ੍ਹ 17 ਮਈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਨੇ 2 ਦਿਨਾਂ ਲਈ ਯੈਲੋ ਅਲਰਟ ਤੇ 18 ਤੇ 19 ਮਈ ਨੂੰ ਆਰੇਂਜ ਅਲਰਟ ਜਾਰੀ ਕੀਤਾ ਹੈ। ਵਿਭਾਗ ਮੁਤਾਬਕ ਜੇ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਆਰੇਂਜ ਅਲਰਟ ਨੂੰ ਯੈਲੋ ਜਾਂ ਰੈੱਡ ਅਲਰਟ 'ਚ ਵੀ ਬਦਲਿਆ ਜਾ ਸਕਦਾ ਹੈ। ਬੁੱਧਵਾਰ ਨੂੰ ਵੱਧ ਤੋਂ ਵੱਧ ਤਾਪਮਾਨ 41 ਡਿਗਰੀ ਤੱਕ ਪਹੁੰਚ ਗਿਆ। ਬੁੱਧਵਾਰ ਸਵੇਰੇ 11.30 ਵਜੇ ਵੱਧ ਤੋਂ ਵੱਧ ਤਾਪਮਾਨ 37.5 ਡਿਗਰੀ ਤੱਕ ਪਹੁੰਚ ਗਿਆ ਸੀ। ਸਵੇਰ ਤੋਂ ਮੌਸਮ ਸਾਫ ਰਿਹਾ, ਜਦਕਿ ਦੁਪਹਿਰ ਹੁੰਦੇ-ਹੁੰਦੇ ਤਾਪਮਾਨ ਵਧਣ ਲੱਗਾ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਏ. ਕੇ. ਸਿੰਘ ਦਾ ਕਹਿਣਾ ਹੈ ਕਿ ਸਥਿਤੀ ਬਿਲਕੁਲ ਲੂ (ਹੀਟ ਵੇਵ) ਦੀ ਬਣੀ ਹੋਈ ਹੈ। ਇਸ ਨੂੰ ਦੇਖਦਿਆਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਲਈ ਅਲਰਟ ਜਾਰੀ ਕੀਤਾ ਗਿਆ ਹੈ। ਲੂ ਐਲਾਨ ਕਰਨ ਦੇ ਵਿਭਾਗ ਦੇ ਆਪਣੇ ਮਾਪਦੰਡ ਹਨ। ਵੱਧ ਤੋਂ ਵੱਧ ਤਾਪਮਾਨ ਸਾਧਾਰਨ ਤਾਪਮਾਨ ਨਾਲੋਂ ਸਾਢੇ 4 ਡਿਗਰੀ ਜ਼ਿਆਦਾ ਹੈ ਤਾਂ ਇਸ ਨੂੰ ਲੂ (ਹੀਟ ਵੇਵ) ਦੀ ਕੰਡੀਸ਼ਨ ਕਹਿੰਦੇ ਹਨ। ਅਜਿਹੇ ਹੀ ਹਾਲਾਤ ਹੁਣ ਬਣੇ ਹੋਏ ਹਨ। ਬੁੱਧਵਾਰ ਨੂੰ ਵੱਧ ਤੋਂ ਵੱਧ ਤਾਪਮਾਨ 41 ਡਿਗਰੀ ਤੱਕ ਪਹੁੰਚ ਗਿਆ। ਅਸੀਂ ਅੰਦਾਜਾ ਲਾ ਰਹੇ ਹਾਂ ਕਿ ਆਉਣ ਵਾਲੇ ਦਿਨਾਂ 'ਚ 44 ਜਾਂ 45 ਡਿਗਰੀ ਤੱਕ ਰਿਕਾਰਡ ਹੋ ਸਕਦਾ ਹੈ। ਅਲਰਟ ਇਸ ਲਈ ਦਿੱਤਾ ਗਿਆ ਹੈ ਤਾਂ ਜੋ ਲੋਕ ਸਾਵਧਾਨ ਰਹਿਣ। ਖਾਸ ਕਰਕੇ ਧੁੱਪ 'ਚ ਨਿਕਲਣ ਤੋਂ ਬਚੋ। ਬੁੱਧਵਾਰ ਨੂੰ ਵੱਧ ਤੋਂ ਵੱਧ ਤਾਪਮਾਨ 41 ਡਿਗਰੀ ਰਿਹਾ, ਜੋ ਆਮ ਨਾਲੋਂ 3 ਡਿਗਰੀ ਵੱਧ ਸੀ। ਬੀਤੀ ਰਾਤ ਦਾ ਤਾਪਮਾਨ 22.4 ਡਿਗਰੀ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 1 ਡਿਗਰੀ ਵੱਧ ਸੀ। ਵਿਭਾਗ ਮੁਤਾਬਕ ਵੀਰਵਾਰ ਤੋਂ ਸਹਿਰ 'ਚ ਗਰਮ ਹਵਾਵਾਂ ਭਾਵ ਲੂ ਮਹਿਸੂਸ ਕੀਤੀ ਜਾ ਸਕਦੀ ਹੈ। 18 ਨੂੰ ਵੀ ਤੇਜ ਗਰਮੀ ਦੀਆਂ ਲਹਿਰਾਂ ਦੇ ਵੀ ਆਸਾਰ ਪ੍ਰਗਟਾਏ ਜਾ ਰਹੇ ਹਨ। ਵੀਰਵਾਰ ਨੂੰ ਮੌਸਮ ਸਾਫ ਰਹੇਗਾ। ਵੱਧ ਤੋਂ ਵੱਧ ਤਾਪਮਾਨ 41 ਤੇ ਘੱਟੋ-ਘੱਟ 23 ਡਿਗਰੀ ਹੋ ਸਕਦਾ ਹੈ। ਸੁੱਕਰਵਾਰ ਨੂੰ ਵੀ ਮੌਸਮ ਸਾਫ ਰਹੇਗਾ। ਵੱਧ ਤੋਂ ਵੱਧ ਤਾਪਮਾਨ 43, ਜਦਕਿ ਘੱਟ ਤੋਂ ਘੱਟ ਤਾਪਮਾਨ 24 ਡਿਗਰੀ ਹੋ ਸਕਦਾ ਹੈ। ਸਨੀਵਾਰ ਨੂੰ ਮੌਸਮ ਸਾਫ ਰਹੇਗਾ। ਵੱਧ ਤੋਂ ਵੱਧ ਤਾਪਮਾਨ 43, ਜਦਕਿ ਘੱਟ ਤੋਂ ਘੱਟ ਤਾਪਮਾਨ 24 ਡਿਗਰੀ ਹੋ ਸਕਦਾ ਹੈ।

## 87000 ਰੁਪਏ ਦੇ ਭੁਗਤਾਨ 'ਤੇ ਮਿਲਿਆ 1 ਰੁਪਏ ਦਾ ਕੈਸਬੈਕ, ਸੋਸਲ ਮੀਡੀਆ 'ਤੇ ਯੂਜਰਸ ਨੇ ਉਡਾਇਆ ਮਜਾਕ

**ਏਜੰਸੀਆਂ**

ਨਵੀਂ ਦਿੱਲੀ 17 ਮਈ। ਯੂਪੀਆਈ ਅਤੇ ਡਿਜੀਟਲ ਟ੍ਰਾਂਜੈਕਸਨ ਐਪਸ ਨੇ ਦੇਸ ਵਿੱਚ ਲੋਕਾਂ ਦੇ ਭੁਗਤਾਨ ਤਰੀਕਿਆਂ ਵਿੱਚ ਇੱਕ ਵੱਡਾ




ਬਦਲਾਅ ਲਿਆਂਦਾ ਹੈ। ਇੱਕ ਤੋਂ ਬਾਅਦ ਇੱਕ ਕਈ ਐਪਸ ਨੇ ਡਿਜੀਟਲ ਪੇਮੈਂਟ ਸੈਕਟਰ ਵਿੱਚ ਪ੍ਰਵੇਸ ਕੀਤਾ। ਸੁਰੂਆਤ 'ਚ ਇਨ੍ਹਾਂ ਸਾਰਿਆਂ ਨੇ ਗਾਹਕਾਂ ਨੂੰ ਲੁਭਾਉਣ ਲਈ ਵੱਧ ਤੋਂ ਵੱਧ ਕੈਸਬੈਕ ਅਤੇ ਕਈ ਤਰ੍ਹਾਂ ਦੀਆਂ ਪੇਸਕਸਾਂ ਦਿੱਤੀਆਂ ਸਨ। ਅਜਿਹਾ ਹੀ ਕੁਝ ਐਪ ਦੀ ਵਰਤੋਂ ਕਰਨ ਵਾਲੇ ਯੂਜਰ ਨਾਲ ਹੋਇਆ। ਉਸ ਨੇ ਕ੍ਰੈਡਿਟ ਕਾਰਡ ਰਾਹੀਂ 87000 ਰੁਪਏ ਦੇ ਬਿੱਲ ਦੀ ਅਦਾਇਗੀ ਕੀਤੀ। ਇਸ ਦੇ ਬਦਲੇ ਉਨ੍ਹਾਂ ਨੂੰ ਕੰਪਨੀ ਤੋਂ ਸਿਰਫ 1 ਰੁਪਏ ਦਾ ਕੈਸਬੈਕ ਮਿਲਿਆ। ਉਨ੍ਹਾਂ ਨੇ ਇਸ ਨੂੰ ਸੋਸਲ ਮੀਡੀਆ ਪਲੇਟਫਾਰਮ 'ਤੇ ਪੋਸਟ ਕੀਤਾ, ਜਿਸ ਤੋਂ ਬਾਅਦ ਕਈ ਯੂਜਰਸ ਨੇ ਪ੍ਰਤੀਕਿਰਿਆ ਦਿੱਤੀ ਅਤੇ ਅਜਿਹੇ ਆਫਰ ਦਾ ਮਜਾਕ ਉਡਾਇਆ। ਬੈਂਗਲੁਰੂ ਅਧਾਰਤ ਨੂੰ ਕ੍ਰੈਡਿਟ ਕਾਰਡ ਭੁਗਤਾਨਾਂ ਲਈ ਸਭ ਤੋਂ ਵੱਡੀ ਤੀਜੀ-ਧਿਰ ਐਪ ਮੰਨਿਆ ਜਾਂਦਾ ਹੈ। ਕੰਪਨੀ ਦੇ ਦੇਸ ਭਰ ਵਿੱਚ 1.5 ਕਰੋੜ ਸਰਗਰਮ ਗਾਹਕ ਹਨ। ਇਸ ਤੋਂ ਇਲਾਵਾ ਇਹ ਦੇਸ ਦੀ ਚੌਥੀ ਸਭ ਤੋਂ ਵੱਡੀ ਐਪ ਵੀ ਹੈ। ਇੱਕ ਆਈਟੀ ਕੰਪਨੀ ਵਿੱਚ ਮੈਨੇਜਰ ਗੁਰਜੋਤ ਆਹਲੂਵਾਲੀਆ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਉਸਨੇ ਕ੍ਰੈਡਿਟ ਰਾਹੀਂ 87,000 ਰੁਪਏ ਦਾ ਭੁਗਤਾਨ ਕੀਤਾ ਹੈ। ਬਦਲੇ ਵਿੱਚ ਉਸਨੂੰ 1 ਰੁਪਏ ਦਾ ਭਾਰੀ ਕੈਸਬੈਕ ਮਿਲਿਆ। ਉਨ੍ਹਾਂ ਲਿਖਿਆ ਕਿ ਬਿਹਤਰ ਹੁੰਦਾ ਜੇਕਰ ਮੈਂ ਬੈਂਕ ਪੋਰਟਲ ਰਾਹੀਂ ਹੀ ਪੇਮੈਂਟ ਕਰਦਾ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣਾ ਡੇਟਾ ਕ੍ਰੈਡਿਟ ਵਰਗੀਆਂ ਕੰਪਨੀਆਂ ਨੂੰ ਨਾ ਦੇਈਏ। ਬਹੁਤ ਸਾਰੇ ਉਪਭੋਗਤਾ ਇਸ ਪੋਸਟ 'ਤੇ ਆਪਣੀਆਂ ਕਹਾਣੀਆਂ ਲੈ ਕੇ ਆਏ ਹਨ। ਇਕ ਯੂਜਰ ਨੇ ਲਿਖਿਆ ਕਿ ਮੈਂ ਇਹ 1.5 ਸਾਲ ਪਹਿਲਾਂ ਕੀਤਾ ਸੀ। ਪੇਸਕਸਾਂ ਸਿਰਫ ਸੁਰੂਆਤ ਵਿੱਚ ਉਪਲਬਧ ਹਨ। ਇਸ ਤੋਂ ਬਾਅਦ ਅਜਿਹੇ ਐਪਸ ਆਪਣੇ ਪੈਸੇ ਬਚਾਉਣੇ ਸੁਰੂ ਕਰ ਦਿੰਦੇ ਹਨ। ਇੱਕ ਹੋਰ ਯੂਜਰ ਨੇ ਲਿਖਿਆ ਕਿ ਮੈਂ ਇੱਕ ਫਿਨਟੇਕ ਕੰਪਨੀ ਵਿੱਚ ਕੰਮ ਕਰਨ ਵਾਲੇ ਆਪਣੇ ਦੋਸਤ ਨੂੰ ਪੁੱਛਿਆ ਕਿ ਲੋਕ ਕ੍ਰੇਡ ਵਰਗੀਆਂ ਐਪਸ ਦੀ ਵਰਤੋਂ ਕਿਉਂ ਕਰਦੇ ਹਨ। ਉਨ੍ਹਾਂ ਦੱਸਿਆ ਕਿ ਕ੍ਰੈਡਿਟ ਤੁਹਾਨੂੰ ਬਿੱਲ ਦਾ ਭੁਗਤਾਨ ਕਰਨ ਦੀ ਯਾਦ ਦਿਵਾਉਂਦਾ ਹੈ। ਤੁਹਾਨੂੰ ਕੁਝ ਕੈਸਬੈਕ ਵੀ ਮਿਲਦਾ ਹੈ। ਹੁਣ ਤੁਹਾਡੀ ਕਹਾਣੀ ਸੁਣ ਕੇ ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਮੈਂ ਠੀਕ ਹੀ ਕੀਤਾ ਕਿ ਅਜੇ ਤੱਕ ਕ੍ਰੇਡ ਦਾ ਇਸਤੇਮਾਲ ਨਹੀਂ ਕੀਤਾ।

# ਏਅਰ ਇੰਡੀਆ ਦੀਆਂ ਫਲਾਈਟਾਂ ਰੱਦ ਹੋਣ ਕਾਰਨ ਆਖਰੀ ਵਾਰ ਪਤੀ ਨੂੰ ਨਹੀਂ ਮਿਲ ਸਕੀ ਪਤਨੀ

**ਏਜੰਸੀਆਂ**

ਤਿਰੁਵਨੰਤਪੁਰਮ 17 ਮਈ। ਕੇਰਲ ਦੇ ਤਿਰੁਵਨੰਤਪੁਰਮ ਦੀ ਰਹਿਣ ਵਾਲੀ ਇੱਕ ਔਰਤ ਆਪਣੀ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਰੱਦ ਹੋਣ ਕਾਰਨ ਆਪਣੇ ਆਖਰੀ ਪਲਾਂ ਵਿੱਚ ਓਮਾਨ ਦੇ ਇੱਕ ਹਸਪਤਾਲ ਦੇ ਆਈਸੀਯੂ ਵਿੱਚ ਦਾਖਲ ਆਪਣੇ ਪਤੀ ਨੂੰ ਨਹੀਂ ਮਿਲ ਸਕੀ। ਮਹਿਲਾ ਦੇ ਪਰਿਵਾਰ ਦਾ ਦੋਸ ਹੈ ਕਿ ਪਿਛਲੇ ਹਫਤੇ ਓਮਾਨ ਜਾਣ ਵਾਲੀ ਏਅਰ ਇੰਡੀਆ ਐਕਸਪ੍ਰੈਸ ਦੀ ਫਲਾਈਟ ਰੱਦ ਹੋ ਗਈ ਸੀ, ਜਿਸ ਕਾਰਨ ਉਹ ਆਪਣੇ ਪਤੀ ਨੂੰ ਮਿਲਣ ਲਈ ਓਮਾਨ ਨਹੀਂ ਜਾ ਸਕੀ। ਅੰਮ੍ਰਿਤਾ ਨੇ ਮਸਕਟ (ਓਮਾਨ) ਵਿੱਚ ਆਪਣੇ ਪਤੀ ਨੂੰ ਮਿਲਣ ਲਈ 8 ਮਈ ਦੀ ਟਿਕਟ ਬੁੱਕ ਕਰਵਾਈ ਸੀ ਪਰ ਏਅਰਪੋਰਟ ਪਹੁੰਚਣ 'ਤੇ ਉਸ ਨੂੰ ਦੱਸਿਆ ਗਿਆ ਕਿ ਫਲਾਈਟ ਰੱਦ ਹੋ ਗਈ ਹੈ। ਮਹਿਲਾ ਨੇ ਏਅਰਪੋਰਟ 'ਤੇ ਇਸ ਗੱਲ ਦਾ ਵਿਰੋਧ ਕੀਤਾ, ਜਿਸ ਤੋਂ ਬਾਅਦ ਏਅਰਲਾਈਨ ਨੇ ਉਸ ਨੂੰ ਅਗਲੇ ਦਿਨ ਦੀ ਏਅਰ ਇੰਡੀਆ ਐਕਸਪ੍ਰੈੱਸ ਫਲਾਈਟ ਦੀ ਟਿਕਟ ਦੇ ਦਿੱਤੀ। ਬਦਕਿਸਮਤੀ ਨਾਲ ਅਗਲੇ ਦਿਨ ਦੀ ਫਲਾਈਟ ਵੀ ਰੱਦ ਹੋ ਗਈ ਅਤੇ ਔਰਤ ਨੂੰ ਆਪਣੀ ਯਾਤਰਾ ਰੱਦ ਕਰਨੀ ਪਈ। ਸੋਮਵਾਰ ਵਾਲੇ ਦਿਨ ਓਮਾਨ ਤੋਂ ਔਰਤ ਨੂੰ ਉਸ ਦੇ ਪਤੀ ਦੀ ਮੌਤ ਹੋ ਜਾਣ ਦੀ ਦੁੱਖਦ ਖਬਰ ਮਿਲੀ। ਅੰਮ੍ਰਿਤਾ ਦੀ ਮਾਂ ਨੇ ਇਕ ਚੈਨਲ ਨੂੰ ਦੱਸਿਆ ਕਿਹਿ ਬੇਇਨਸਾਫੀ ਸੀ ਕਿ ਅੰਮ੍ਰਿਤਾ ਆਪਣੇ ਪਤੀ ਨੂੰ ਆਖਰੀ ਵਾਰ ਨਹੀਂ ਦੇਖ ਸਕੀ। ਅਸੀਂ ਏਅਰਲਾਈਨ ਨੂੰ ਬੇਨਤੀ ਕੀਤੀ ਕਿ ਉਹ ਸਾਨੂੰ ਕਿਸੇ ਹੋਰ ਫਲਾਈਟ 'ਤੇ ਬਿਠਾ ਦੇਣ ਤਾਂਕਿ ਅਸੀਂ ਉਨ੍ਹਾਂ ਨੂੰ ਆਖਰੀ ਵਾਰ ਦੇਖ ਸਕੀਏ। ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਾ ਦੇ ਪਤੀ ਨੇ ਕਿਹਾ ਸੀ ਕਿ ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਦੇਖਣਾ ਚਾਹੁੰਦੇ ਹਨ, ਇਸ ਲਈ ਔਰਤ ਨੇ ਟਿਕਟ ਬੁੱਕ ਕਰਵਾਈ ਸੀ। ਅੰਮ੍ਰਿਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ




ਏਅਰਲਾਈਨ ਨੇ ਉਸ ਨੂੰ ਦੱਸਿਆ ਕਿ ਅਗਲੇ ਚਾਰ ਦਿਨਾਂ ਲਈ ਓਮਾਨ ਲਈ ਏਅਰਲਾਈਨ ਦੀਆਂ ਸਾਰੀਆਂ ਉਡਾਣਾਂ ਭਰੀਆਂ ਹੋਈਆਂ ਹਨ, ਜਿਸ ਕਰਕੇ ਉਹ ਕੁਝ ਨਹੀਂ ਕਰ ਸਕਦੇ। ਅੰਮ੍ਰਿਤਾ ਨੇ ਦੱਸਿਆ ਕਿ ਉਸ ਦੇ ਪਤੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਸ ਨੇ ਕਿਹਾ ਕਿ ਮੈਂ ਆਪਣੀ ਪਤੀ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਮੈਂ ਪਹੁੰਚਣ ਦੀ ਕੋਸ਼ਿਸ਼ ਕਰਾਂਗੀ। ਏਅਰਲਾਈਨ ਵੱਲੋਂ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ। ਟਾਟਾ ਸਮੂਹ ਦੀ ਮਾਲਕੀ ਵਾਲੀ ਏਅਰਲਾਈਨ ਏਅਰ ਇੰਡੀਆ ਐਕਸਪ੍ਰੈਸ ਨੇ ਪਿਛਲੇ ਹਫਤੇ ਕੈਬਿਨ ਕਰੂ ਮੈਂਬਰਾਂ ਦੀ ਘਾਟ ਕਾਰਨ ਕਈ ਉਡਾਣਾਂ ਰੱਦ ਕਰ ਦਿੱਤੀਆਂ ਸਨ, ਕਿਉਂਕਿ ਕਰਮਚਾਰੀਆਂ ਨੇ ਏਅਰਲਾਈਨ ਦੇ ਕਥਿਤ ਦੁਰਪ੍ਰਬੰਧ ਦੇ ਵਿਰੋਧ ਵਿੱਚ ਅਚਾਨਕ ਬੀਮਾਰ ਹੋਣ ਦੀ ਰਿਪੋਰਟ ਕਰਕੇ ਛੁੱਟੀ ਲੈ ਲਈ ਸੀ। ਏਅਰ ਇੰਡੀਆ ਦੇ ਏਆਈਐਕਸ ਕਨੈਕਟ, ਪਹਿਲਾਂ ਏਅਰਏਸੀਆ ਇੰਡੀਆ ਦੇ ਨਾਲ ਰਲੇਵੇਂ ਤੋਂ ਬਾਅਦ ਕੈਬਿਨ ਕਰੂ ਵਿੱਚ ਘੱਟ ਲਾਗਤ ਵਾਲੇ ਕਰੀਅਰ ਨੂੰ ਲੈ ਕੇ ਅਸੰਤੁਸਟੀ ਵਧ ਰਹੀ ਸੀ। ਕੈਬਿਨ ਕਰੂ ਦੇ ਇੱਕ ਹਿੱਸੇ ਨੇ 10 ਮਈ ਨੂੰ ਹੜਤਾਲ ਬੰਦ ਕਰ ਦਿੱਤੀ ਸੀ ਅਤੇ ਏਅਰਲਾਈਨ ਨੇ 25 ਹੜਤਾਲੀ ਕੈਬਿਨ ਕਰੂ ਨੂੰ ਜਾਰੀ ਕੀਤੇ ਸਮਾਪਤੀ ਪੱਤਰ ਵੀ ਵਾਪਸ ਲੈ ਲਏ ਸਨ। ਏਅਰਲਾਈਨ ਦੇ ਇੱਕ ਸੂਤਰ ਨੇ ਦੱਸਿਆ ਕਿ ਏਅਰ ਇੰਡੀਆ ਐਕਸਪ੍ਰੈਸ ਨੂੰ ਕੈਬਿਨ ਕਰੂ ਦੀ ਕਮੀ ਕਾਰਨ 8 ਮਈ ਤੋਂ 10 ਮਈ ਤੱਕ 260 ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ। ਏਅਰਲਾਈਨ ਨੇ 12 ਮਈ ਨੂੰ ਕਿਹਾ ਕਿ ਉਹ ਹੌਲੀ-ਹੌਲੀ ਆਪਣੀਆਂ ਉਡਾਣਾਂ ਮੁੜ ਸੁਰੂ ਕਰ ਰਹੀ ਹੈ ਅਤੇ ਨੈੱਟਵਰਕ ਨੂੰ ਸਥਿਰ ਕਰ ਰਹੀ ਹੈ ਅਤੇ ਉਮੀਦ ਹੈ ਕਿ ਮੰਗਲਵਾਰ ਤੱਕ ਸਥਿਤੀ ਪੂਰੀ ਤਰ੍ਹਾਂ ਆਮ ਹੋ ਜਾਵੇਗੀ। ਉਸੇ ਦਿਨ, ਕੈਬਿਨ ਕਰੂ ਯੂਨੀਅਨ ਨੇ ਕਿਹਾ ਕਿ ਬੀਮਾਰ ਛੁੱਟੀ ਲੈਣ ਵਾਲੇ ਸਾਰੇ ਮੈਂਬਰ 11 ਮਈ ਤੱਕ ਡਿਊਟੀ 'ਤੇ ਵਾਪਸ ਆ ਗਏ ਸਨ।

# ਕਰਾਚੀ 'ਚ ਹਿੰਦੂ ਨੌਕਰਾਣੀ ਦੀ ਲਾਸ਼ ਮਿਲੀ

**ਏਜੰਸੀਆਂ**

ਗੁਰਦਾਸਪੁਰ/ਕਰਾਚੀ 17 ਮਈ। ਪਾਕਿਸਤਾਨ ਦੇ ਕਰਾਚੀ ਸਹਿਰ ਦੇ ਫੇਜ-6 ਸਥਿਤ ਖਯਾਬਾਨ-ਏ-ਬੁਖਾਰੀ ਵਿਚ ਇਕ ਡਾਕਟਰ ਦੀ ਰਿਹਾਇਸ ਵਿਚ 17 ਸਾਲਾ ਹਿੰਦੂ ਕੁੜੀ ਦੀ ਲਾਸ ਪੱਖੇ ਨਾਲ ਲਟਕਦੀ ਮਿਲੀ। ਹਾਲਾਂਕਿ ਸਬੂਤਾਂ ਦੇ ਆਧਾਰ 'ਤੇ ਪੁਲਸ ਜਾਂਚ ਕਰ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਸੱਕ ਹੈ ਕਿ ਇਹ ਖੁਦਕੁਸੀ ਦਾ ਮਾਮਲਾ ਨਹੀਂ ਹੋ ਸਕਦਾ। ਉਸ ਦੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਪੁਲਸ ਨੂੰ ਪੋਸਟਮਾਰਟਮ ਰਿਪੋਰਟ ਦਾ ਇੰਤਜਾਰ ਹੈ। ਡੀ.ਆਈ.ਜੀ. ਦੱਖਣੀ ਸਈਅਦ ਅਸਦ ਰਜਾ ਅਨੁਸਾਰ ਸੁਰੂਆਤੀ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਮ੍ਰਿਤਕ ਦਾ ਜਿਨਸੀ ਸੋਸਣ ਕੀਤਾ ਗਿਆ ਸੀ। ਇਸ ਲਈ ਕਤਲ/ਗੈਰ-ਕੁਦਰਤੀ ਮੌਤ ਦੇ ਸੱਕ ਨੂੰ ਨਕਾਰਿਆ ਨਹੀਂ ਜਾ ਸਕਦਾ। ਹਾਲਾਂਕਿ ਡੀ.ਆਈ.ਜੀ. ਨੇ ਕਿਹਾ ਕਿ ਪੋਸਟਮਾਰਟਮ ਦੀ ਰਿਪੋਰਟ ਅਤੇ ਜਾਂਚ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀ ਨੂੰ ਪੀੜਤਾ ਦੇ ਮਾਪਿਆਂ ਦੇ ਬਿਆਨ ਦਰਜ ਕਰਨ ਦੇ ਨਿਰਦੇਸ ਦਿੱਤੇ ਹਨ ਤਾਂ ਜੋ ਮੁਲਜਮਾਂ ਖ਼ਿਲਾਫ ਕਤਲ ਅਤੇ ਜਬਰ-ਜਨਾਹ ਦਾ ਕੇਸ ਦਰਜ ਕੀਤਾ ਜਾ ਸਕੇ। ਡੀ.ਆਈ.ਜੀ. ਨੇ ਦੱਸਿਆ ਕਿ ਘਰ ਦਾ ਮਾਲਕ ਅਤੇ ਉਸ ਦਾ ਪਰਿਵਾਰ ਘਰ ਵਿਚ ਮੌਜੂਦ ਨਹੀਂ ਸੀ ਅਤੇ ਕੁੜੀ ਘਰ ਵਿਚ ਇਕੱਲੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਵਿਚ ਸਾਹਮਣੇ ਆਇਆ ਕਿ ਇਕ ਅਣਪਛਾਤਾ ਮੁੰਡਾ ਕਥਿਤ ਤੌਰ 'ਤੇ ਮ੍ਰਿਤਕ ਨੂੰ ਪਿਛਲੇ ਕੁਝ ਸਮੇਂ ਤੋਂ ਬਲੈਕਮੇਲ ਕਰ ਰਿਹਾ ਸੀ, ਉਨ੍ਹਾਂ ਕਿਹਾ ਕਿ ਪੁਲਸ ਮੁੰਡੇ ਨੂੰ ਲੱਭਣ ਦੀ ਕੋਸ਼ਿਸ ਕਰ ਰਹੀ ਹੈ। ਹਾਲਾਂਕਿ ਮਾਪਿਆਂ ਵੱਲੋਂ ਐੱਫ.ਆਈ.ਆਰ. ਦਰਜ ਕਰਾਉਣ ਤੋਂ ਬਾਅਦ ਇਨ੍ਹਾਂ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸਿੰਧ ਦੀ ਮਹਿਲਾ ਵਿਕਾਸ ਮੰਤਰੀ ਸਾਹੀਨਾ ਸੇਰ ਅਲੀ ਨੇ ਇਸ ਘਟਨਾ ਦਾ ਨੋਟਿਸ ਲੈਂਦਿਆਂ ਪੁਲਸ ਨੂੰ ਕਿਹਾ ਕਿ ਜੇਕਰ ਉਸ ਦੇ ਮਾਤਾ-ਪਿਤਾ ਅੱਗੇ ਨਹੀਂ ਆਉਂਦੇ ਤਾਂ ਸੂਬੇ ਵੱਲੋਂ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਸੂਤਰਾਂ ਮੁਤਾਬਕ ਹਿੰਦੂ ਕੁੜੀ ਗਰੀਬ ਪਰਿਵਾਰ ਨਾਲ ਸਬੰਧਤ ਸੀ ਅਤੇ ਪਿਛਲੇ 7-8 ਮਹੀਨਿਆਂ ਤੋਂ ਡਾਕਟਰ ਦੇ ਘਰ ਨੌਕਰਾਣੀ ਦਾ ਕੰਮ ਕਰ ਰਹੀ ਸੀ। ਉਹ ਕਰਾਚੀ ਤੋਂ ਕੁਝ ਦੂਰ ਇਕ ਪਿੰਡ ਦੀ ਰਹਿਣ ਵਾਲੀ ਸੀ ਅਤੇ ਪੱਕੇ ਤੌਰ 'ਤੇ ਇਕ ਡਾਕਟਰ ਦੇ ਘਰ ਰਹਿੰਦੀ ਸੀ। ਪੁਲਸ ਡਾਕਟਰ ਦੇ ਪਰਿਵਾਰ ਦੀ ਵੀ ਉਡੀਕ ਕਰ ਰਹੀ ਹੈ।

### ਸਤਲੁਜ ਦਰਿਆ 'ਤੇ ਦੋਸਤਾਂ ਨਾਲ ਆਏ ਨੌਜਵਾਨ ਨਾਲ ਵਾਪਰਿਆ ਭਾਣਾ

ਲੁਧਿਆਣਾ 17 ਮਈ। ਥਾਣਾ ਮਿਹਰਬਾਨ ਅਧੀਨ ਆਉਂਦੇ ਸਤਲੁਜ ਦਰਿਆ 'ਤੇ ਇਕ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਇੰਚਾਰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਕੁੱਝ ਨੌਜਵਾਨ ਆਪਣੇ ਦੋਸਤਾਂ ਨਾਲ ਸਤਲੁਜ ਦਰਿਆ 'ਤੇ ਨਹਾਉਣ ਲਈ ਆਏ ਹੋਏ ਸਨ। ਇੱਥੇ ਇਖ ਨੌਜਵਾਨ ਵਿਨੀਤ ਕੁਮਾਰ ਪੁੱਤਰ ਰਾਮ ਸ਼ੰਕਰ ਵਾਸੀ ਪ੍ਰੇਮ ਵਿਹਾਰ ਆਪਣੇ ਦੋਸਤਾਂ ਨਾਲ ਨਹਾ ਰਿਹਾ ਸੀ। ਅਚਾਨਕ ਉਹ ਡੂੰਘੇ ਪਾਣੀ 'ਚ ਡੁੱਬ ਗਿਆ। ਇਸ ਤੋਂ ਬਾਅਦ ਦੋਸਤਾਂ ਨੇ ਜਦੋਂ ਉਸ ਨੂੰ ਬਾਹਰ ਕੱਢਿਆ ਤਾਂ ਉਸ ਸਮੇਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਥਾਣਾ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਈ-ਰਿਕਸ਼ਾ ਚਲਾਉਣ ਦਾ ਕੰਮ ਕਰਦਾ ਸੀ। ਫਿਲਹਾਲ ਪੁਲਸ ਨੇ ਲਾਸ਼ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਅੱਗੇ ਦੀ ਕਾਰਵਾਈ ਪੋਸਟਮਾਰਟ ਦੀ ਰਿਪੋਰਟ ਆਉਣ ਤੋਂ ਬਾਅਦ ਕੀਤੀ ਜਾਵੇਗੀ।

## ਪੁਰਾਣੀ ਰੰਜਿਸ਼ ਨੂੰ ਲੈ ਕੇ ਆਪਸ ਵਿਚ ਭਿੜੀਆ ਦੋ ਧਿਰਾਂ, ਚੱਲੇ ਤੇਜਧਾਰ ਹਥਿਆਰ

ਸਾਹਨੇਵਾਲ/ਕੁਹਾੜਾ 17 ਮਈ। ਪੁਰਾਣੀ ਰੰਜਿਸ਼ ਦੇ ਚਲਦੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਜਖਮੀ ਕਰਨ ਮਗਰੋਂ ਫਰਾਰ ਹੋਣ 'ਤੇ ਥਾਣਾ ਸਾਹਨੇਵਾਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਮ ਦਿਆਲ ਪੁੱਤਰ ਬਦਰੀ ਪ੍ਰਸਾਦ ਵਾਸੀ ਨੇੜੇ ਪੀਰ ਬਾਬਾ ਵਾਲੀ ਗਲੀ ਸੁਰਜੀਤ ਨਗਰ ਗਿਆਸਪੁਰਾ ਨੇ ਦੱਸਿਆ ਕਿ ਮੈਂ ਗੋਲਗੱਪੇ ਦੀ ਰੇਹੜੀ ਲਗਾਉਂਦਾ ਹਾਂ। ਬੀਤੀ 10 ਮਈ ਸਾਮ ਨੂੰ ਮੇਰਾ ਭਰਾ ਰਮੇਸ ਕੁਮਾਰ ਆਪਣੀ ਰੇਹੜੀ ਲੈ ਕੇ ਆਪਣੇ ਅੱਡੇ 'ਤੇ ਜਾ ਰਿਹਾ ਸੀ ਤਾਂ ਰਮੇਸ ਕੁਮਾਰ ਦੀ ਰੇਹੜੀ ਰੋਕ ਕੇ ਨਾਗਮਣੀ ਪਾਂਡੇ ਨਾਮਕ ਵਿਅਕਤੀ ਨੇ ਪਹਿਲਾਂ ਗਾਲੀ ਗਲੋਚ ਕਰਨ ਲੱਗ ਗਿਆ। ਜਦੋਂ ਉਸ ਨੇ ਜਾ ਕੇ ਗਾਲੀ ਗਲੋਚ ਕਰਨ ਤੋਂ ਰੋਕਿਆ ਤਾਂ ਨਾਗਮਣੀ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਮੁਦਈ ਨੇ ਬਿਆਨ ਕੀਤਾ ਕਿ ਜਦੋਂ ਉਸ ਨੂੰ ਛੁਡਾਉਣਾ ਚਾਹਿਆ ਤਾਂ ਨਾਗਮਣੀ ਨੇ ਆਪਣੇ ਹੋਰ ਸਾਥੀਆਂ ਨੂੰ ਫੋਨ ਕਰਕੇ ਬੁਲਾ ਲਿਆ, ਜਿਨ੍ਹਾਂ ਕੋਲ ਡੰਡੇ ਅਤੇ ਹੋਰ ਤੇਜਧਾਰ ਹਥਿਆਰ ਸਨ ਪਰ ਜਦੋਂ ਲੋਕਾਂ ਨੇ ਰੌਲਾ ਪਾਇਆ ਤਾਂ ਉਹ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਸਬੰਧੀ ਜਦੋਂ ਚੌਂਕੀ ਗਿਆਸਪੁਰਾ ਦੇ ਇੰਚਾਰਜ ਧਰਮਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਪਾਰਟੀਆਂ ਦੇ ਆਪਸ 'ਚ ਪਹਿਲਾਂ ਵੀ ਮਾਮਲੇ ਦਰਜ ਹਨ। ਇਨ੍ਹਾਂ ਦੀ ਪੁਰਾਣੀ ਰੰਜਿਸ਼ ਹੋਣ ਕਰਕੇ ਇਹ ਲੜੇ ਹਨ, ਜਿਨ੍ਹਾਂ 'ਤੇ ਬਣਦੀ ਕਾਰਵਾਈ ਕੀਤੀ ਗਈ ਅਤੇ ਮੈਡੀਕਲ ਰਿਪੋਰਟ ਆਉਣ 'ਤੇ ਹਾਲਾਤ ਮੁਤਾਬਕ ਧਾਰਾਵਾਂ 'ਚ ਵਾਧਾ ਕੀਤਾ ਜਾਵੇਗਾ।

# 32 ਬੋਰ ਪਿਸਤੌਲ, 2 ਮੈਗਜੀਨ ਤੇ 2 ਜਿੰਦਾ ਰੌਂਦ ਸਣੇ 1 ਮੁਲਜਮ ਗ੍ਰਿਫਤਾਰ, ਫਾਇਰਿੰਗ ਦੇ ਮਾਮਲੇ 'ਚ ਹੈ ਨਾਮਜਮ

**ਸਰਦੂਲ ਸਿੰਘ**


ਫਗਵਾੜਾ 17 ਮਈ। ਐੱਸ. ਐੱਸ. ਪੀ. ਵਤਸਲਾ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹੇ 'ਚ ਮਾੜੇ ਅਨਸਰਾਂ ਵਿਰੁੱਧ ਵਿੱਢੀ ਵਿਸ਼ੇਸ਼ ਮੁਹਿੰਮ ਤਹਿਤ ਐੱਸ. ਪੀ. ਰੁਪਿੰਦਰ ਕੌਰ ਭੱਟੀ ਦੀਆਂ ਹਦਾਇਤਾਂ 'ਤੇ ਡੀ. ਐੱਸ. ਪੀ. ਜਸਪ੍ਰੀਤ ਸਿੰਘ ਦੀ ਨਿਗਰਾਨੀ 'ਚ ਥਾਣਾ ਸਤਨਾਮਪੁਰਾ ਦੇ ਐੱਸ. ਐੱਚ. ਓ. ਗੌਰਵ ਧੀਰ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਪਿੰਡ ਮਹੇੜੂ ਨੇੜੇ ਗੋਲੀ ਚਲਾਉਣ ਵਾਲੇ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਅਨੁਸਾਰ ਗ੍ਰਿਫਤਾਰ ਕੀਤੇ ਗਏ ਮੁਲਜਮ ਕੋਲੋਂ ਇਕ ਪਿਸਤੌਲ ਤੇ ਰੌਂਦ ਬਰਾਮਦ ਹੋਏ ਹਨ, ਜਿਹਨਾਂ ਨੂੰ ਕਬਜੇ ਵਿਚ ਲੈ ਲਿਆ ਗਿਆ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਮਹੇੜੂ ਵਿਖੇ ਬਣੇ ਪੀ. ਜੀ. 'ਚ ਰਹਿ ਰਹੇ ਵਿਦਿਆਰਥੀਆਂ ਦਾ ਆਪਸੀ ਰੰਜਿਸ਼ ਕਾਰਨ ਝਗੜਾ ਹੋਇਆ ਸੀ। ਇਸ ਦੌਰਾਨ ਇਕ ਨੌਜਵਾਨ ਜੇ. ਮਨੀ ਰਤਰੱਮ ਪੁੱਤਰ ਸੁਰਿੰਦਰ ਕੁਮਾਰ ਵਾਸੀ ਬੱਲੂ ਘਾਟ ਅਸਥਾਨ ਬਰਮ ਮਸਤਨ ਥਾਣਾ ਮੋਤੀ ਝੀਲ ਜ਼ਿਲ੍ਹਾ ਮੁਜੱਫਰਪੁਰ ਬਿਹਾਰ ਹਾਲ ਵਾਸੀ ਪਵਨ ਪੀ. ਜੀ. ਕਮਰਾ ਨੰਬਰ. 102 ਗਰੀਨ ਵੈਲੀ ਮਹੇੜੂ ਥਾਣਾ ਸਤਨਾਮਪੁਰਾ ਫਗਵਾੜਾ ਵੱਲੋਂ ਗੋਲੀ ਚਲਾ ਦਿੱਤੀ ਗਈ। ਇਸ ਤੋਂ ਬਾਅਦ 'ਚ ਉਹ ਫਰਾਰ ਹੋ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਉਕਤ ਮਾਮਲੇ




'ਚ ਪੁਲਸ ਨੇ ਅੱਧੀ ਦਰਜਨ ਦੇ ਕਰੀਬ ਨੌਜਵਾਨਾਂ ਨੂੰ ਕਾਬੂ ਕਰ ਕੇ ਥਾਣਾ ਸਤਨਾਮਪੁਰਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਕਾਬੂ ਕੀਤੇ ਨੌਜਵਾਨਾਂ ਦੀ ਪਛਾਣ ਗੌਰਵ ਗੋਤਮ ਪੁੱਤਰ ਹਰਕੇਸ਼ ਵਾਸੀ ਮੰਡਕੋਲਾ ਤਹਿਸੀਲ ਹਤੀਨ ਜ਼ਿਲ੍ਹਾ ਪਲਵਲ ਹਾਲ ਵਾਸੀ ਕਮਰਾ ਨੰਬਰ ਡੀ-904 ਬੀ-ਐੱਚ-3 ਹੋਸਟਲ ਲਵਲੀ ਯੂਨੀਵਰਸਿਟੀ ਫਗਵਾੜਾ ਥਾਣਾ ਸਤਨਾਮਪੁਰਾ, ਅਸ਼ੀਸ਼ ਕੁਮਾਰ ਪੁੱਤਰ ਵਰਿੰਦਰ ਕੁਮਾਰ, ਆਦਰਸ਼ ਤਿਰਪਾਠੀ ਪੁੱਤਰ ਰਾਜੇਸ਼ ਕੁਮਾਰ ਤਿਰਪਾਠੀ ਵਾਸੀ ਮਕਾਨ ਨੰਬਰ 75 ਰਾਧਾ ਨਗਰ ਪਾਰਟ-2 ਜਵਾਹਰ ਨਗਰ ਦੇਵਾਸ ਮੱਧ ਪ੍ਰਦੇਸ਼ ਹਾਲ ਵਾਸੀ ਲਾਈਫ ਅਪਾਰਟਮੈਂਟ ਜੋਂਜੀ ਪ੍ਰਾਪਰਟੀ ਮਹੇੜੂ ਥਾਣਾ ਸਤਨਾਮਪੁਰਾ, ਯਸ਼ ਰਾਠੀ ਵਾਸੀ ਮੁਜੱਫਰ ਨਗਰ, ਅਸ਼ੀਸ਼ ਪਰਜਾਪਤੀ ਵਾਸੀ ਬਕਾਣਾ ਯਮੁਨਾ ਨਗਰ, ਅਰਪਿੱਤ ਉਰਫ ਬੋਕਸਰ ਵਾਸੀ ਫਤਿਆਬਾਦ ਹਰਿਆਣਾ ਹਾਲ ਵਾਸੀ ਬੀ. ਐੱਚ. 6 ਹੋਸਟਲ ਮਹੇੜੂ ਅਤੇ ਅਮਨ ਚੌਧਰੀ ਵਾਸੀ ਰੁੜਕੀ ਉਤਰਾਖੰਡ ਵਜੋਂ ਹੋਈ ਸੀ। ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਉਕਤ ਮਾਮਲੇ 'ਚ ਫਰਾਰ ਚੱਲ ਰਹੇ ਮੁੱਖ ਮੁਲਜ਼ਮ ਨੂੰ ਪੁਲਸ ਨੇ ਪਵਨ ਪੀ. ਜੀ. ਪਿੰਡ ਮਹੇੜੂ ਤੋਂ ਗ੍ਰਿਫਤਾਰ ਕਰ ਲਿਆ ਹੈ। ਮੁਲਜਮ ਕੋਲੋਂ ਵਾਰਦਾਤ ਸਮੇਂ ਵਰਤਿਆ ਹੋਇਆ ਇਕ ਪਿਸਤੌਲ 32 ਬੋਰ, 2 ਮੈਗਜੀਨ, 2 ਜ਼ਿੰਦਾ ਰੌਂਦ 7.65 ਜ਼ਿੰਦਾ ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਮਾਣਯੋਗ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪੁੱਛਗਿੱਛ ਤੋਂ ਪੜਤਾਲ ਕੀਤੀ ਜਾਵੇਗੀ ਕਿ ਮੁਲਜਮ ਨਾਜਾਇਜ ਹਥਿਆਰ ਕਿੱਥੋ ਤੇ ਕਿਉਂ ਲੈ ਕੇ ਆਇਆ ਹੈ। ਇਹ ਵੀ ਪਤਾ ਕੀਤਾ ਜਾਵੇਗਾ ਕਿ ਉਨ੍ਹਾਂ ਨੇ ਹੋਰ ਕਹਿੜੀਆਂ-ਕਹਿੜੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।

## ਡਾ. ਰਤਨ ਸਿੰਘ ਜੱਗੀ ਵੱਲੋਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਂਟ

ਚੰਡੀਗੜ੍ਹ 17 ਮਈ। ਉੱਘੇ ਸਿੱਖ ਵਿਦਵਾਨ ਪਦਮ ਸ਼੍ਰੀ ਡਾ. ਰਤਨ ਸਿੰਘ ਜੱਗੀ ਨੇ ਮਹਾਨ ਸ਼ਾਇਰ ਅਤੇ ਆਪਣੇ ਵਿਦਿਆਰਥੀ ਰਹੇ ਡਾ. ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਆਖਿਆ ਕਿ ਉਸ ਦੇ ਤੁਰ ਜਾਣ ਨਾਲ ਸਾਹਿਤ ਜਗਤ ਵਿੱਚ ਅਜਿਹਾ ਖਲਾਅ ਪੈਦਾ ਹੋਇਆ, ਜੋ ਕਦੇ ਪੂਰਿਆ ਨਹੀਂ ਜਾ ਸਕਦਾ। ਡਾ. ਜੱਗੀ



ਨੇ ਡਾ. ਸੁਰਜੀਤ ਪਾਤਰ ਦੇ ਪਰਿਵਾਰ ਨੂੰ ਲਿਖੇ ਸ਼ੋਕ ਸੰਦੇਸ਼ 'ਚ ਸ਼ਰਧਾਂਜਲੀ ਦਿੰਦਿਆਂ ਲਿਖਿਆ ਹੈ, "ਡਾ. ਸੁਰਜੀਤ ਪਾਤਰ ਅੱਜ ਦੇ ਯੁੱਗ ਦਾ ਕੱਦਾਵਾਰ ਸਾਹਿਤਕਾਰ ਸੀ, ਜਿਸ ਦੇ ਤੁਰ ਜਾਣ ਨਾਲ ਸਾਹਿਤ ਜਗਤ ਵਿੱਚ ਪਿਆ ਖਲਾਅ ਕਦੇ ਵੀ ਪੂਰਿਆ ਨਹੀਂ ਜਾ ਸਕੇਗਾ। ਉਨ੍ਹਾਂ ਦੇ ਤੁਰ ਜਾਣ ਨਾਲ ਜਿੱਥੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਪੰਜਾਬ, ਦੇਸ਼ ਨੂੰ ਵੱਡਾ ਘਾਟਾ ਪਿਆ।" ਡਾ. ਜੱਗੀ, ਜੋ ਡਾ. ਸੁਰਜੀਤ ਪਾਤਰ ਦੀ ਐੱਮ. ਏ. ਦੀ ਪੜ੍ਹਾਈ 'ਚ ਅਧਿਆਪਕ ਸਨ, ਨੇ ਲਿਖਿਆ, "ਮੈਨੂੰ ਹਮੇਸ਼ਾ ਇਸ ਗੱਲ 'ਤੇ ਮਾਣ ਰਹੇਗਾ ਕਿ ਸੁਰਜੀਤ ਪਾਤਰ ਮੇਰਾ ਵਿਦਿਆਰਥੀ ਸੀ। ਇਕ ਅਧਿਆਪਕ ਲਈ ਇਸ ਤੋਂ ਵੱਡੀ ਗੱਲ ਕੀ ਹੋਵੇਗੀ ਕਿ ਉਸ ਦੀ ਪਛਾਣ ਉਸ ਦੇ ਵਿਦਿਆਰਥੀਆਂ ਤੋਂ ਕੀਤੀ ਜਾਵੇ।" ਡਾ. ਜੱਗੀ ਨੇ ਕਿਹਾ ਕਿ ਸੁਰਜੀਤ ਪਾਤਰ ਜਿੱਥੇ ਮਹਾਨ ਸ਼ਾਇਰ ਸਨ, ਉੱਥੇ ਵਿਦਿਆਰਥੀ ਜੀਵਨ ਤੋਂ ਨਿਮਰਤਾ, ਸਾਊ ਤੇ ਹਲੀਮੀ ਜਿਹੇ ਮੀਰੀ ਗੁਣਾਂ ਦੇ ਮਾਲਕ ਸਨ। ਸੁਰਜੀਤ ਪਾਤਰ ਨੇ ਇਹ ਸ਼ੋਹਰਤ ਦੀਆਂ ਬੁਲੰਦੀਆਂ ਛੂਹਣ ਤੋਂ ਬਾਅਦ ਵੀ ਨਹੀਂ ਛੱਡੇ, ਜਿਨ੍ਹਾਂ ਦੇ ਉਹ ਖੁਦ ਗਵਾਹ ਹਨ। ਉਨ੍ਹਾਂ ਕਿਹਾ ਕਿ ਸੁਰਜੀਤ ਪਾਤਰ ਨੇ ਆਪਣੀਆਂ ਲਿਖਤਾਂ ਨਾਲ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਇਆ ਅਤੇ ਤਾਉਮਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਝੰਡਾਬਰਦਾਰ ਰਹੇ। ਡਾ. ਜੱਗੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ, ਸਾਹਿਤ ਜਾਗਤ ਅਤੇ ਉਨ੍ਹਾਂ ਨੂੰ ਚਾਹੁਣ ਵਾਲੇ ਅਨੇਕਾਂ ਸਾਹਿਤ ਪ੍ਰੇਮੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।